

ਪੰਥ ਰਤਨ

ਗਿਆਨੀ ਸੰਤ ਸਿੰਘ ਜੀ ਮਸਕੀਨ ਦੇ ਲੈਕਚਰ

# ਪੰਜ ਤੱਤ



© ਪ੍ਰਕਾਸ਼ਕ

ISBN : 81-7601-886-4

ਪਹਿਲੀ ਐਡੀਸ਼ਨ — ਦਸੰਬਰ 2007

ਭੇਟਾ : **80-00**

ਪ੍ਰਕਾਸ਼ਕ:-

**ਭਾ: ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫੋਨ/ਫੈਕਸ : 91-183-2542346, 2547974, 2557973

E.Mail : csjs@vsnl.com, csjsexports@vsnl.com
csjssales@hotmail.com

Web site: www.csjs.com

(Printed in India)

*ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774*

# ਸਮਰਪਣ

ਪੰਥ ਰਤਨ ਗਿ. ਸੰਤ ਸਿੰਘ ਜੀ ਮਸਕੀਨ

ਦੀ

ਪਵਿੱਤਰ ਆਤਮਾ ਨੂੰ ਸਮਰਪਣ

— ਸੰਪਾਦਕ

ਗਿਆਨੀ ਸਰੂਪ ਸਿੰਘ ਕੜਿਆਣਾ * ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)
ਮੋਬਾਇਲ 98150-03075.

# ਤਤਕਰਾ


| | |
|---|---|
| ਪੰਜ ਤੱਤ | 7 |
| ਸੁਪਨੇ ਸੇਤੀ ਚਿਤੁ ਮੂਰਖਿ ਲਾਇਆ | 25 |
| ਆਪੇ ਗੁਰੁ ਚੇਲਾ ਹੈ ਆਪੇ | 33 |
| ਮਾਨੁਖੁ ਬਿਨੁ ਬੂਝੇ ਬਿਰਥਾ ਆਇਆ | 40 |
| ਸਹਜ ਕਥਾ ਪ੍ਰਭ ਕੀ ਅਤਿ ਮੀਠੀ | 47 |
| ਉਦਮ ਮਤਿ ਪ੍ਰਭ ਅੰਤਰਜਾਮੀ | 55 |
| ਮਾਇਆ ਮੋਹੁ ਸਭੁ ਕੂੜੁ ਹੈ | 66 |
| ਆਪੇ ਸੇਵਾ ਲਾਇਦਾ ਪਿਆਰਾ | 77 |
| ਨ ਹਰਿ ਭਜੇ ਨ ਤੀਰਥ ਸੇਵੇ | 87 |
| ਭਜੁ ਗੋਬਿੰਦ ਸਭਿ ਛੋਡਿ ਜੰਜਾਲ | 100 |
| ਮੁਠੀ ਰੋਵੈ ਕੰਤ ਵਿਸਾਰੀ | 110 |
| ਪਰਮੇਸੁਰਿ ਬਣਤ ਬਣਾਈ | 123 |


★★★

# ਸੰਪਾਦਕੀ

ਸਿੱਖ-ਪੰਥ ਦੇ ਮਹਾਨ ਅਨੁਭਵੀ ਵਿਦਵਾਨ, ਪੰਥ-ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ, ਵਿਸ਼ਾਲ ਗਿਆਨ ਭੰਡਾਰ ਦੇ ਸਾਗਰ, ਸਿੱਖ ਸੰਗਤਾਂ ਦੇ ਦਿਲਾਂ ਦੀ ਧੜਕਣ, ਜਿਹਨਾਂ ਨੇ ਸੰਸਾਰ ਭਰਮਣ ਕਰਕੇ ਦੁਨੀਆਂ ਦੇ ਕੋਨੇ-ਕੋਨੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਇਹਨਾਂ ਦੀ ਬਦੌਲਤ ਜਿਹਨਾਂ ਮੁਲਕਾਂ ਵਿਚ ਹਾਲੇ ਸਿੱਖੀ ਦਾ ਪ੍ਰਚਾਰ ਨਹੀਂ ਸੀ ਹੋ ਰਿਹਾ, ਉਹਨਾਂ ਮੁਲਕਾਂ ਵਿਚ ਵੀ ਸਿੱਖ ਧਰਮ ਦੇ ਪ੍ਰਚਾਰ ਦੇ ਕੇਂਦਰ ਬਣ ਗਏ। ਮਸਕੀਨ ਜੀ ਜਿਥੇ ਜਿਥੇ ਵੀ ਗਏ, ਸੰਗਤਾਂ ਨੇ ਭਰਪੂਰ ਮਾਣ ਸਤਿਕਾਰ ਨਾਲ ਨਿਵਾਜਿਆ। ਫਿਰ ਸੰਗਤਾਂ ਨੇ ਮਸਕੀਨ ਜੀ ਦੇ ਅਨਮੋਲ ਬਚਨਾਂ ਨੂੰ ਰਿਕਾਰਡ ਕਰਕੇ ਸੰਭਾਲਿਆ। ਐਸੇ ਵਿਦਵਾਨ ਕੁਦਰਤ ਕਈ ਸਦੀਆਂ ਬਾਅਦ ਹੀ ਪੈਦਾ ਕਰਦੀ ਹੈ। ਸਿੱਖ ਪੰਥ ਵਲੋਂ ਜਿਤਨਾ ਸਤਿਕਾਰ ਮਸਕੀਨ ਜੀ ਨੂੰ ਮਿਲਿਆ, ਸ਼ਾਇਦ ਕਿਸੇ ਵਿਰਲੇ ਨੂੰ ਹੀ ਮਿਲਿਆ ਹੋਵੇ।

ਅਜੋਕੇ ਯੁੱਗ ਵਿਚ ਐਸੇ ਸਾਧਨ ਮੌਜੂਦ ਹਨ ਕਿ ਕਿਸੇ ਮਹਾਨ ਵਿਅਕਤੀ ਦੇ ਵਿਚਾਰ ਸਦੀਆਂ ਤੱਕ ਸੰਭਾਲੇ ਜਾ ਸਕਦੇ ਹਨ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਇਹਨਾਂ ਤੋਂ ਮਾਰਗ-ਦਰਸ਼ਨ ਕਰ ਸਕਣ। ਮਸਕੀਨ ਜੀ ਆਪਣੀ ਮਿਸਾਲ ਆਪ ਹੀ ਸਨ, ਇਹਨਾਂ ਦੀ ਕਿਸੇ ਦੂਸਰੇ ਵਿਦਵਾਨ ਨਾਲ ਤੁਲਨਾ ਨਹੀਂ ਹੋ ਸਕਦੀ।

ਗੁਰਸਿੱਖਾਂ ਦੇ ਮਹਾਨ ਉਪਰਾਲੇ ਸਦਕਾ ਅੱਜ ਵੀ ਹਰ ਰੋਜ਼ ਮਸਕੀਨ ਜੀ ਦੇ ਵਿਚਾਰ ਤੁਸੀਂ ਈ.ਟੀ.ਸੀ. ਚੈਨਲ 'ਤੇ ਸਰਵਣ ਕਰ ਸਕਦੇ ਹੋ। ਇਹ ਉਸ ਮਹਾਨ ਵਿਦਵਾਨ ਪ੍ਰਤੀ ਸ਼ਰਧਾਂਜਲੀ ਹੈ। ਦਾਸ ਨੇ ਮਸਕੀਨ ਜੀ ਦੇ ਵਿਚਾਰਾਂ ਨੂੰ ਰਿਕਾਰਡ, ਫਿਰ ਇਹ ਸਿਦਕ ਨਾਲ ਮਹਿਸੂਸ ਕੀਤਾ ਗਿਆ ਕਿ ਇਹਨਾਂ ਕੈਸਟਾਂ ਤੋਂ ਲਿਖਤੀ ਰੂਪ ਵਿਚ ਉਤਾਰਾ ਕਰਕੇ, ਇਹਨਾਂ ਨੂੰ ਛਪਾਈ ਦਾ ਜਾਮਾ ਪਹਿਨਾਇਆ ਜਾ ਸਕੇ। ਇਸ ਨਾਲ ਇਹ ਵਿਚਾਰ ਘਰ-ਘਰ ਤੇ ਸਾਰੀ ਦੁਨੀਆਂ ਤੱਕ ਪਹੁੰਚ ਸਕਣਗੇ।

ਧਾਰਮਿਕ ਸਾਹਿਤ ਵਿਚ ਇਕ ਮੁਕਾਮ ਹਾਸਲ ਕਰਨ ਵਾਲੀ ਸੰਸਾਰ ਪ੍ਰਸਿੱਧ ਫ਼ਰਮ ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲੇ, ਇਹਨਾਂ ਨੇ ਇਸ ਪਾਸੇ ਖ਼ਾਸ ਧਿਆਨ ਦਿੱਤਾ ਹੈ। ਇਹਨਾਂ ਦੀ ਦਿਲੀ ਤਮੰਨਾ ਹੈ ਕਿ ਮਸਕੀਨ ਜੀ ਦੇ ਵਿਚਾਰਾਂ ਨੂੰ ਕੈਸਟਾਂ ਤੋਂ ਲਿਖਤੀ ਉਤਾਰਾ ਕਰਵਾ ਕੇ ਪੁਸਤਕਾਂ ਦੇ ਰੂਪ ਵਿਚ ਸੰਗਤਾਂ ਦੇ ਕਰ-ਕਮਲਾਂ ਤੱਕ ਪਹੁੰਚਾਣ।

ਇਸੇ ਲੜੀ ਦੀ ਇਹ ਹੱਥਲੀ ਪੁਸਤਕ 'ਪੰਜ ਤੱਤੁ' ਹਾਜ਼ਰ ਹੈ। ਇਸ ਵਿਚ ਮਸਕੀਨ ਜੀ ਦੇ ਬਾਰ੍ਹਾਂ ਲੈਕਚਰ ਹਨ : ਪੰਜ ਤੱਤ, ਸੁਪਨੇ ਸੇਤੀ ਚਿਤੁ ਮੂਰਖਿ ਲਾਇਆ, ਆਪੇ ਗੁਰੁ ਚੇਲਾ ਹੈ ਆਪੇ, ਮਾਨੁਖੁ ਬਿਨੁ ਬੂਝੇ ਬਿਰਥਾ ਆਇਆ, ਸਹਜ ਕਥਾ ਪ੍ਰਭ ਕੀ ਅਤਿ ਮੀਠੀ, ਉਦਮ ਮਤਿ ਪ੍ਰਭ ਅੰਤਰਜਾਮੀ, ਮਾਇਆ ਮੋਹੁ ਸਭੁ ਕੂੜੁ ਹੈ, ਆਪੇ ਸੇਵਾ ਲਾਇਦਾ ਪਿਆਰਾ, ਨ ਹਰਿ ਭਜੇ ਨ ਤੀਰਥ ਸੇਵੇ, ਭਜੁ ਗੋਬਿੰਦ ਸਭਿ ਛੋਡਿ ਜੰਜਾਲ, ਮੁਠੀ ਰੋਵੈ ਕੰਤ ਵਿਸਾਰੀ, ਪਰਮੇਸੁਰਿ ਬਣਤ ਬਣਾਈ, ਆਸ ਹੈ ਕਿ ਇਸ ਉਪਰਾਲੇ ਨੂੰ ਸਿੱਖ ਸੰਗਤਾਂ ਭਰਪੂਰ ਹੁੰਗਾਰਾ ਦੇਣਗੀਆਂ।

ਮਨਜਿੰਦਰ ਸਿੰਘ

ਸੰਪਾਦਕ

ਬੀ 1/284, ਮਕਸੂਦਾਂ,

ਜਲੰਧਰ

# ਪੰਜ ਤੱਤ

ੴ ਸਤਿ ਨਾਮ ਕਰਤਾ ਪੁਰਖ ਨਿਰਭਉ ਨਿਰਵੈਰ
ਅਕਾਲ ਮੂਰਤ ਅਜੂਨੀ ਸੈਭੰ ਗੁਰ ਪ੍ਰਸਾਦਿ॥

*ਹੇ ਪ੍ਰਾਣ ਨਾਥ ਗੋਵਿੰਦਹ ਕ੍ਰਿਪਾ ਨਿਧਾਨ ਜਗਦ ਗੁਰੋ॥*
*ਹੇ ਸੰਸਾਰ ਤਾਪ ਹਰਣਹ ਕਰੁਣ ਮੈ ਸਭ ਦੁਖ ਹਰੋ॥*
*ਹੇ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ ਕਰੋ॥*
*ਸਰੀਰ ਸ੍ਵਸਥ ਖੀਣ ਸਮਏ ਸਿਮਰੰਤਿ ਨਾਨਕ ਰਾਮ ਦਮੋਦਰ ਮਾਧਵਹ॥*

ਗੁਰੂ ਰੂਪ ਗੁਰੂ ਸਵਾਰੀ ਸਾਧ ਸੰਗਤ ਜੀਓ ! ਗੁਰਦੇਵ ਦੀ ਸਨਿਮਰ ਫਤਹਿ ਪ੍ਰਵਾਨ ਕਰਨੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

*ਗੁਰਸਿਖ ਮੀਤ ਚਲਹੁ ਗੁਰ ਚਾਲੀ॥*
*ਜੋ ਗੁਰੁ ਕਹੈ ਸੋਈ ਭਲ ਮਾਨਹੁ*
*ਹਰਿ ਹਰਿ ਕਥਾ ਨਿਰਾਲੀ॥*

(ਅੰਗ ੬੬੭)

ਗੁਰੂ ਇਕ ਨਿਰਾਲੀ ਕਥਾ, ਹਰੀ ਦੀ ਕਥਾ, ਸਾਡੇ ਸਾਮ੍ਹਣੇ ਰੱਖਦਾ ਹੈ। ਉਹ ਇਕ ਨਿਰਾਲੀ ਕਥਾ ਇਹ ਹੈ ਕਿ ਜੀਵਨ ਦੇ ਅੰਦਰ ਇਕ ਬਹੁਤ ਖ਼ਜ਼ਾਨਾ ਪਰੀਪੂਰਨ ਪ੍ਰਮਾਤਮਾ ਨੇ ਪਾਇਆ ਹੈ, ਜਿਸਨੂੰ ਪ੍ਰਗਟ ਕਰਨਾ ਹੈ ਤੇ ਕਿਸ ਤਰ੍ਹਾਂ ਪ੍ਰਗਟ ਕਰੀਏ। ਮਹਾਰਾਜ ਕਹਿੰਦੇ ਹਨ—

*ਮਤਿ ਵਿਚਿ ਰਤਨ ਜਵਾਹਰ ਮਾਣਿਕ,*
*ਜੇ ਇਕ ਗੁਰ ਕੀ ਸਿਖ ਸੁਣੀ॥*

(ਜਪੁਜੀ ਸਾਹਿਬ)

ਬੜੇ ਜਵਾਹਰਾਤ, ਹੀਰੇ, ਰਤਨ ਅੰਦਰ ਪਏ ਹਨ। ਬਸ਼ਰਤੇ ਕਿ ਇਕ ਗੱਲ ਇਹ ਗੁਰੂ ਦੀ ਸੁਣ ਲਵੇ। ਹੁਣ ਮੈਂ ਅਰਜ਼ ਕਰਾਂ, ਕਿਹੜੀ ਗੱਲ ਸੁਣੀ ਗਈ ਹੈ, ਜਿਹੜੀ ਮੰਨੀ ਗਈ ਹੈ। ਜੋ ਮੰਨੀ ਨਹੀਂ ਗਈ, ਉਹ ਸੁਣੀ ਨਹੀਂ ਗਈ। ਅਕਸਰ ਪਿਤਾ, ਪੁੱਤਰ ਨੂੰ ਕਹਿ ਦਿੰਦਾ

ਹੈ ਕਿ ਬੇਟਾ ਤੂੰ ਨਹੀਂ ਸੁਣਿਆ? ਸੁਣਿਆ ਹੈ, ਪਰ ਮੰਨਿਆ ਨਹੀਂ। ਜੋ ਮੰਨਿਆ ਨਹੀਂ ਗਿਆ, ਉਹ ਨਹੀਂ ਸੁਣਿਆ ਗਿਆ। ਸੁਣਿਆ ਉਹੀ ਗਿਆ, ਜੋ ਮੰਨਿਆ ਗਿਆ। ਜੋ ਮੰਨਿਆ ਗਿਆ, ਉਹੀ ਸੁਣਿਆ ਗਿਆ। ਇਸ ਵਾਸਤੇ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਕਹਿੰਦੇ ਹਨ-

*"ਗੁਰਸਿਖ ਮੀਤ ਚਲਹੁ ਗੁਰ ਚਾਲੀ॥*
*ਜੋ ਗੁਰੁ ਕਹੈ ਸੋਈ ਭਲ ਮਾਨਹੁ*
*ਹਰਿ ਹਰਿ ਕਥਾ ਨਿਰਾਲੀ॥"*

ਇਹ ਜੋ ਨਿਰਾਲੀ ਕਥਾ ਹੈ, ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਅੰਦਰ ਜਿਸ ਤਰ੍ਹਾਂ ਦੀ ਪ੍ਰੇਰਣਾ ਹੈ, ਉਸ ਬੁੱਧੀ ਅਨੁਸਾਰ ਮੈਂ ਤੁਹਾਡੇ ਸਾਮ੍ਹਣੇ ਰੱਖਣ ਦਾ ਯਤਨ ਕਰ ਰਿਹਾ ਹਾਂ।

"ਆਪਣੇ ਮਨ ਨੂੰ ਈਸ਼ਵਰ ਦੇ ਅਨੁਕੂਲ ਕਰਨਾ,
ਆਪਣੇ ਮਨ ਨੂੰ ਈਸ਼ਵਰ ਜੈਸਾ ਬਨਾਉਣਾ"

ਈਸ਼ਵਰ ਨੇ, ਅਕਾਲ ਪੁਰਖ ਨੇ ਇਕ ਮੌਕਾ ਦਿੱਤਾ ਹੈ। ਸਮਰੱਥਾ ਦਿੱਤੀ ਹੈ, ਸ਼ਕਤੀ ਦਿੱਤੀ ਹੈ, ਵਸੀਲੇ ਦਿੱਤੇ ਹਨ ਕਿ ਮਨੁੱਖ ਆਪਣੇ ਮਨ ਨੂੰ ਮੇਰੇ ਜੈਸਾ ਬਣਾ ਲਵੇ। ਮਨ ਨੂੰ ਪ੍ਰਭੂ ਜੈਸਾ ਕੋਈ ਬਣਾ ਲਵੇ। ਵਸੀਲਾ ਕੀ ਹੈ? "ਸੰਤਿਸੰਗਤ, ਗੁਰੂ ਦਾ ਸ਼ਬਦ" ਅਤੇ ਸ਼ਕਤੀ ਕੀ ਦਿੱਤੀ ਹੈ ਉਸਨੇ? "ਸਮਝ, ਸੂਝ-ਬੂਝ"

ਹੁਣ ਸ਼ਕਤੀ ਨੂੰ ਕਿਵੇਂ ਵਸੀਲੇ ਨਾਲ ਉਪਯੋਗ ਕਰਨਾ ਹੈ ਤੇ ਆਪਣੇ ਮਨ ਨੂੰ ਪ੍ਰਮਾਤਮਾ ਜੈਸਾ ਬਨਾਉਣਾ ਹੈ। ਮੈਂ ਇਕ ਦਫਾ ਫਿਰ ਦੁਹਰਾ ਦਿਆਂ, ਪ੍ਰਕ੍ਰਿਤੀ ਨੂੰ, ਪਦਾਰਥ ਨੂੰ ਅਸੀਂ ਆਪਣੇ ਅਨੁਕੂਲ ਕਰੀਏ, ਆਪਣੇ ਪਿੱਛੇ ਚਲਾਈਏ ਤਾਂ ਹੀ ਸੁੱਖ ਮਿਲ ਸਕਦਾ ਹੈ, ਵਰਨਾ ਨਹੀਂ। ਪਰ ਮਨ ਨੂੰ ਪ੍ਰਭੂ ਦੇ ਪਿੱਛੇ ਚਲਾਈਏ, ਗੁਰੂ ਦੇ ਪਿੱਛੇ ਚਲਾਈਏ ਤਾਂ ਹੀ ਅਨੰਦ ਮਿਲ ਸਕਦਾ ਹੈ, ਵਰਨਾ ਨਹੀਂ। ਪਿੱਛੇ ਚਲਣਾ ਪੈਂਦਾ ਹੈ।

*ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ॥*

(ਅੰਗ ੫੨੭)

ਪਦਾਰਥ ਨੂੰ ਆਪਣੇ ਪਿੱਛੇ ਲਾਉਣਾ ਏ, ਆਪਣੇ ਮਨ ਨੂੰ ਪ੍ਰਮਾਤਮਾ ਦੇ ਪਿੱਛੇ ਲਾਉਣਾ ਏ। ਪਦਾਰਥ ਸਾਡੇ ਅਨੁਕੂਲ ਨਹੀਂ ਤਾਂ ਅਸੀਂ ਉਸ ਤੋਂ ਸੁੱਖ ਨਹੀਂ ਲੈ ਸਕਦੇ। ਬੜੀ ਪਿਆਸ ਲੱਗੀ ਐ, ਪਰ ਉਬਲਦਾ ਹੋਇਆ ਪਾਣੀ ਹੈ। ਕਿਵੇਂ ਪਿਆਸ ਬੁਝਾਈਏ? ਉਹਨੂੰ ਠੰਡਾ ਕਰਨਾ ਪਏਗਾ। ਆਪਣੇ ਅਨੁਕੂਲ ਕਰਨਾ ਪਏਗਾ। ਬੜੀ ਪਿਆਸ ਲੱਗੀ ਹੈ, ਪਰ ਜੰਮੀ ਹੋਈ ਬਰਫ਼ ਹੈ। ਕਿਵੇਂ ਪਿਆਸ ਬੁਝਾਈਏ? ਉਹਨੂੰ ਪਾਣੀ ਦਾ ਰੂਪ ਦੇਣਾ ਪਏਗਾ।

ਇਹ ਇਕ ਮਾਮੂਲੀ ਜਿਹੀਆਂ ਉਦਾਹਰਣਾਂ ਹਨ ਕਿ ਪਦਾਰਥ ਨੂੰ ਆਪਣੇ ਅਨੁਕੂਲ ਕਰੀਏ ਤੇ ਸਰੀਰ ਨੂੰ ਸੁੱਖ ਮਿਲਦਾ ਹੈ। ਮਨ ਨੂੰ ਪ੍ਰਮਾਤਮਾ ਦੇ ਅਨੁਕੂਲ ਕਰੀਏ ਤੇ ਅਨੰਦ ਮਿਲਦਾ ਹੈ।

ਮਨ ਨੂੰ ਪ੍ਰਮਾਤਮਾ ਦੇ ਅਨੁਕੂਲ ਕਰਨ ਦੇ ਜੋ ਸਾਧਨ ਜਗਤ ਗੁਰੂ ਬਾਬਾ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਾਡੀ ਝੋਲੀ 'ਚ ਪਾਏ ਹਨ, ਉਹ ਮੈਂ ਤੁਹਾਡੇ ਸਾਮ੍ਹਣੇ ਥੋੜਾ ਜਿਹਾ ਖੁਲਾਸਾ ਕਰਾਂ।

ਇਹ ਸਾਰਾ ਬ੍ਰਹਿਮੰਡ ਪਰਮਾਤਮਾ ਨੇ "ਪੰਜ ਤੱਤਾਂ" ਦੇ ਵਿਚ ਬਣਾਇਆ ਹੈ-

*ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ,*
*ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥*

(ਅੰਗ ੭੩੬)

ਮਹਾਰਾਜ ਕਹਿੰਦੇ ਹਨ ਕਿ ਅਸੀਂ ਕਰਤਾ ਉਸਨੂੰ ਮੰਨਦੇ ਹਾਂ ਜਿਹੜਾ ਕੋਈ ਛੇਵਾਂ ਤੱਤ ਬਣਾ ਕੇ ਦਿਖਾਵੇ। ਚੋਟੀ ਦਾ ਸਾਇੰਟਿਸਟ ਵੀ ਜੋ ਕੁਛ ਬਣਾਏਗਾ, ਇੰਨ੍ਹਾਂ ਪੰਜ ਤੱਤਾਂ ਦੇ ਵਿਚ ਬਣਾਏਗਾ। ਖੋਜ ਕਰੇਗਾ, ਇਨ੍ਹਾਂ ਪੰਜ ਤੱਤਾਂ ਦੇ ਵਿਚੋਂ ਹੀ ਕਰੇਗਾ। ਜੋ ਕੁਝ ਵੀ ਰੂਪ ਰੇਖਾ ਦੇਵੇਗਾ, ਇੰਨ੍ਹਾਂ ਪੰਜ ਤੱਤਾਂ ਵਿਚੋਂ ਹੀ ਦੇਵੇਗਾ।

ਮਹਾਰਾਜ ਕਹਿੰਦੇ ਹਨ ਕਿ ਕਰਤਾ ਅਸੀਂ ਤਾਂ ਕਿਸੇ ਨੂੰ ਮੰਨੀਏ, ਜੇ ਕੋਈ ਛੇਵਾਂ ਤੱਤ ਬਣਾ ਕੇ ਦਿਖਾਵੇ। ਸਾਰਾ ਬ੍ਰਹਿਮੰਡ ਜਿਥੇ ਪੰਜ ਤੱਤਾਂ ਦਾ ਹੈ, ਇਹ ਸਰੀਰ ਵੀ ਪੰਜ ਤੱਤਾਂ ਦਾ ਹੈ।

*ਅਬ ਤੇਜ ਬਾਯ, ਪ੍ਰਿਥਵੀ ਆਕਾਸਾ।*

ਅਬ, ਆਬ-ਪਾਣੀ

ਬਾਯ-ਹਵਾ (ਹਵਾ ਨੂੰ ਫ਼ਾਰਸੀ ਵਿਚ "ਬਾਯ" ਕਹਿੰਦੇ ਹਨ)

ਜੇ ਇਹ ਸਰੀਰ, ਜਿਹਦੇ ਵਿਚ ਹਵਾ ਜ਼ਿਆਦਾ ਹੈ ਉਹਨੂੰ ਕਹਿੰਦੇ ਹਨ 'ਬਾਦੀ' ਸਰੀਰ ਹੈ। "ਬਾਯ" ਹਵਾ ਨੂੰ ਕਹਿੰਦੇ ਹਨ। 'ਆਤਿਸ਼' ਅੱਗ ਨੂੰ ਕਹਿੰਦੇ ਹਨ।

*ਅਬ, ਤੇਜ, ਬਾਯ, ਪ੍ਰਿਥਵੀ, ਆਕਾਸਾ।*

ਪ੍ਰਿਥਵੀ, ਆਕਾਸ਼, ਪਾਣੀ, ਹਵਾ ਤੇ ਅਗਨੀ। ਇਹ ਸਾਰਾ ਬ੍ਰਹਿਮੰਡ ਇੰਨ੍ਹਾਂ ਪੰਜ ਤੱਤਾਂ ਦਾ ਜੋੜ ਹੈ। ਸ਼ਾਇਦ ਆਪ ਨੂੰ ਪਤਾ ਹੋਵੇ, ਇਸਲਾਮ, ਈਸਾਈਅਤ, ਯਹੂਦੀ, ਪਾਰਸੀ ਚਾਰ ਤੱਤ ਮੰਨਦੇ ਹਨ, ਪੰਜ ਨਹੀਂ ਮੰਨਦੇ।

ਉਹ ਕਹਿੰਦੇ ਹਨ ਧਰਤੀ ਤੇ ਹੈ, ਪਾਣੀ ਤੇ ਹੈ, ਅਗਨ ਤੇ ਹੈ, ਹਵਾ ਤੇ ਹੈ। ਸਰੀਰ

ਵਿਚ ਅਕਾਸ਼ ਕਿਹੜੀ ਥਾਂ 'ਤੇ ਹੈ? ਮੈਨੂੰ ਇਕ ਚੰਗੇ ਉੱਘੇ ਇਸਲਾਮਿਕ ਵਿਦਵਾਨ ਜੋ ਮੌਲਵੀ ਫ਼ਾਜ਼ਿਲ ਸੀ, ਲੰਦਨ ਵਿਚ ਕਹਿਣ ਲੱਗਾ, "ਗਿਆਨੀ ਜੀ, ਬੜੇ ਅਫ਼ਸੋਸ ਦੀ ਗੱਲ ਹੈ ਸਿੱਖ ਵੀ ਪੰਜ ਤੱਤਾਂ ਦਾ 'ਰਟਨ' ਲਾਈ ਜਾਂਦੇ ਹਨ। ਪੰਜ ਤੱਤ ਨਹੀਂ ਹਨ, ਸਰੀਰ ਚਾਰ ਤੱਤਾਂ ਦਾ ਹੈ। ਮਿੱਟੀ ਹੈ, ਪਾਣੀ ਹੈ, ਹਵਾ ਹੈ, ਅਗਨ ਹੈ। ਮੈਨੂੰ ਕਹਿਣ ਲੱਗੇ, ਤੁਸੀਂ ਦੱਸ ਸਕਦੇ ਹੋ ਕਿ ਸਰੀਰ ਵਿਚ ਅਕਾਸ਼ ਕਿਹੜੀ ਥਾਂ 'ਤੇ ਹੈ ? ਸਰੀਰ ਵਿਚ ਮਿੱਟੀ ਹੈ, ਸਰੀਰ ਵਿਚ ਪਾਣੀ ਹੈ, ਸਰੀਰ ਵਿਚ ਅਗਨ ਹੈ, ਸਰੀਰ ਵਿਚ ਹਵਾ ਹੈ, ਇਹ ਤੇ ਹੈ, ਦੱਸੋ ਸਰੀਰ ਵਿਚ ਅਕਾਸ਼ ਕਿਹੜੀ ਥਾਂ 'ਤੇ ਹੈ ?

ਕਹਿੰਦੇ ਹਨ ਭਾਰਤ ਦੇ ਪ੍ਰਾਚੀਨ ਰਿਸ਼ੀ-ਮਨੀਆਂ ਨੇ, ਇਕ ਗ਼ਲਤ ਬਿਆਨੀ ਕਰ ਦਿੱਤੀ, ਫਿਰ ਸਾਰੇ ਹੀ ਮੱਖੀ 'ਤੇ ਮੱਖੀ ਮਾਰਨ ਲੱਗ ਪਏ। ਮੈਨੂੰ ਕਹਿਣ ਲੱਗੇ, ਜੈਨ, ਬੁੱਧ, ਸਿੱਖ, ਪੰਜ ਤੱਤਾਂ ਦਾ ਰਟਨ ਕਰੀ ਜਾਂਦੇ ਹਨ। ਇਹ ਮੱਖੀ ਦੇ ਉੱਤੇ ਮੱਖੀ ਮਾਰਨਾ ਹੈ। ਚਾਰ ਤੱਤ ਹਨ। ਇਸਲਾਮ ਚਾਰ ਤੱਤ ਮੰਨਦਾ ਹੈ। ਯਹੂਦੀ ਪਾਰਸੀ, ਈਸਾਈ, ਚਾਰ ਤੱਤ ਮੰਨਦੇ ਹਨ। ਜਦੋਂ ਉਸ ਮੌਲਵੀਂ ਫ਼ਾਜ਼ਿਲ ਨੇ ਮੈਨੂੰ ਇਹ ਆਖਿਆ, ਰਿਹਾ ਦੋ ਮਹੀਨੇ ਨਾਲ ਸੀ, ਉਦੋਂ ਗਿਆਨੀ ਬਲਵਿੰਦਰ ਸਿੰਘ ਵੀ ਨਾਲ ਸਨ। ਉਹ ਵੀ ਦੋ ਢਾਈ ਮਹੀਨੇ ਨਾਲ ਰਿਹਾ ਸੀ। ਕਹਿਣ ਲੱਗਾ ਮੈਂ ਗੁਰਬਾਣੀ ਦੀ ਕਥਾ ਸੁਨਣੀ ਹੈ। ਮੈਂ ਕਿਹਾ ਠੀਕ ਹੈ ਸੁਣੋ। ਮੈਨੂੰ ਕਹਿਣ ਲੱਗਾ ਸਰੀਰ ਵਿਚ ਪੰਜਵਾਂ ਤੱਤ ਕਿਹੜੀ ਥਾਂ 'ਤੇ ਹੈ? ਅਕਾਸ਼ ਕਹਿੰਦੇ ਹਨ ਸਪੇਸ ਨੂੰ, ਅਸਥਾਨ ਨੂੰ, ਜਗ੍ਹਾ ਨੂੰ। ਮੈਂ ਕਿਹਾ ਚਾਰ ਤੱਤਾਂ ਦਾ ਇਹ ਪੁਤਲਾ ਹੈ। ਪਾਣੀ ਹੈ, ਹਵਾ ਹੈ, ਅਗਨੀ ਹੈ, ਮਿੱਟੀ ਹੈ, ਪਰ ਇਹਨੂੰ ਹੋਣ ਵਾਸਤੇ ਸਪੇਸ ਵੀ ਤਾਂ ਚਾਹੀਦੀ ਹੈ, ਜਗ੍ਹਾ ਵੀ ਤਾਂ ਚਾਹੀਦੀ ਹੈ। ਜਗ੍ਹਾ ਨਾ ਹੋਵੇ ਤਾਂ ਪਾਣੀ ਕਿਥੇ ਹੋਵੇਗਾ, ਜੇ ਅਸਥਾਨ ਹੀ ਨਹੀਂ ਹੈ ਤਾਂ ਹਵਾ ਕਿੱਥੇ ਟਿਕੇਗੀ? ਜੇ ਅਸਥਾਨ ਹੀ ਨਹੀਂ ਹੈ ਤਾਂ ਮਿੱਟੀ ਕਿੱਥੇ ਹੋਵੇਗੀ? ਜੇ ਜਗ੍ਹਾ ਹੀ ਨਹੀਂ ਹੈ ਤਾਂ ਅੱਗ ਦੇ ਵਾਸਤੇ ਕਿਹੜਾ ਟਿਕਾਣਾ ਹੋਵੇਗਾ? ਇੰਨ੍ਹਾਂ ਚਾਰ ਤੱਤਾਂ ਨੂੰ ਟਿਕਣ ਵਾਸਤੇ ਕੋਈ ਜਗ੍ਹਾ ਵੀ ਤੇ ਚਾਹੀਦੀ ਹੈ। ਅਸਥਾਨ ਵੀ ਤੇ ਚਾਹੀਦਾ ਹੈ। ਸਰੀਰ ਵਿਚ ਚਾਰ ਤੱਤ ਹਨ, ਸਰੀਰ ਪੰਜਵੇਂ ਤੱਤ ਦੇ ਅੰਦਰ ਹੈ। ਆਕਾਸ਼ ਦੇ ਵਿਚ ਹੈ। ਕਹਿਣ ਲੱਗੇ ਕਿ ਇਸ ਢੰਗ ਨਾਲ ਵੀ ਸੋਚਿਆ ਗਿਆ ਹੈ ? ਤਾਂ ਮੈਂ ਕਿਹਾ ਇਸ ਢੰਗ ਦੇ ਨਾਲ ਵੀ ਸੋਚਿਆ ਗਿਆ ਹੈ। ਮੈਂ ਕਿਹਾ ਇਹ ਕਬੂਲ ਕਰ ਲਓ, ਧਰਮ ਦੇ ਸਬੰਧ ਵਿਚ ਭਾਰਤ ਦੇ ਰਿਸ਼ੀ-ਮੁਨੀਆਂ ਦੀ ਖੋਜ ਹੈ, ਕਿਸੇ ਦੀ ਵੀ ਨਹੀਂ। ਗਹਿਰੀ ਖੋਜ ਹੈ। ਚਾਰ ਤੱਤ ਸਰੀਰ ਵਿਚ ਹਨ, ਸਰੀਰ ਪੰਜਵੇਂ ਤੱਤ ਵਿਚ ਹੈ।

ਸਰੀਰ ਨੂੰ ਹੋਣ ਵਾਸਤੇ (ਸਪੇਸ) ਚਾਹੀਦੀ ਹੈ। ਜਗ੍ਹਾ ਚਾਹੀਦੀ ਹੈ। ਅਸਥਾਨ ਚਾਹੀਦੈ। ਅਸਥਾਨ ਹੀ ਨਹੀਂ ਹੈ ਤਾਂ ਸਾਗਰ ਕਿੱਥੇ ਹੋਵੇਗਾ? ਅਸਥਾਨ ਹੀ ਨਹੀਂ ਹੈ ਤਾਂ ਧਰਤੀ ਕਿੱਥੇ ਹੋਵੇਗੀ। ਅਸਥਾਨ ਹੀ ਨਹੀਂ ਤਾਂ ਅੱਗ ਦਾ ਗੋਲਾ ਸੂਰਜ ਕਿੱਥੇ ਹੋਵੇਗਾ? ਤੇ ਹਵਾ ਕਿੱਥੇ ਹੋਵੇਗੀ? ਸਥਾਨ ਤੇ ਚਾਹੀਦਾ ਹੈ। (ਸਪੇਸ) ਤੇ ਚਾਹੀਦੀ ਹੈ। ਚਾਰ ਤੱਤ ਸਰੀਰ ਦੇ ਅੰਦਰ ਹਨ, ਸਰੀਰ ਪੰਜਵੇਂ ਤੱਤ ਦੇ ਅੰਦਰ ਹੈ।

*ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ*
*ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥*

(ਅੰਗ ੭੩੬)

ਪੰਜ ਤੱਤ ਦਾ ਇਹ ਸਰੀਰ ਹੈ। ਹੁਣ ਆਪ ਸੁਣਕੇ ਹੈਰਾਨ ਹੋਵੋਗੇ, ਭਾਰਤ ਦੇ ਵਿਦਵਾਨ ਮੰਨਦੇ ਹਨ ਕਿ ਸਰੀਰ ਵੀ ਪੰਜ ਹਨ, ਇਕ ਨਹੀਂ ਹੈ। ਜਿਵੇਂ ਪਿਆਜ਼ ਦੇ ਛਿਲਕਿਆਂ ਦੇ ਥੱਲੇ ਛਿਲਕੇ ਹੁੰਦੇ ਹਨ, ਸਰੀਰ ਦੇ ਥੱਲੇ ਸਰੀਰ ਹੈ। ਫਿਰ ਹੋਰ ਸਰੀਰ ਹੈ, ਫਿਰ ਹੋਰ ਸਰੀਰ ਹੈ। ਪੰਜ ਸਰੀਰ ਹਨ। ਇਹ ਜਿਹੜਾ ਉੱਪਰ ਸਰੀਰ ਹੈ, ਇਸਨੂੰ ਕਹਿੰਦੇ ਹਨ 'ਅਨੰਮਈ ਕੋਸ਼'। ਉਸ ਦੇ ਥੱਲੇ ਜਿਹੜਾ ਹੈ, ਉਹਨੂੰ ਕਹਿੰਦੇ ਹਨ 'ਪ੍ਰਾਣਮਈ ਕੋਸ਼'। ਉਹਦੇ ਥੱਲੇ ਜਿਹੜਾ ਹੈ, ਉਹਨੂੰ ਕਹਿੰਦੇ ਹਨ 'ਮਨ ਮਈ' ਕੋਸ਼'। ਉਸਦੇ ਥੱਲੇ ਜਿਹੜਾ ਹੈ, ਉਸਨੂੰ ਕਹਿੰਦੇ ਹਨ "ਵਿਗਿਆਨ ਮਈ ਕੋਸ਼, ਤੇ ਪੰਜਵੇਂ ਸਰੀਰ ਨੂੰ ਕਹਿੰਦੇ ਹਨ "ਅਨੰਦਮਈ ਕੋਸ਼"। ਇਹ ਪੰਜ ਕੋਸ਼ ਹਨ, ਪੰਜ ਪਰਦੇ ਹਨ। ਜਿਵੇਂ ਪਿਆਜ ਦੇ ਛਿਲਕਿਆਂ ਦੇ ਥੱਲੇ ਛਿਲਕੇ ਹਨ ਇਵੇਂ ਸਰੀਰ ਦੇ ਥੱਲੇ ਸਰੀਰ, ਸਰੀਰ ਦੇ ਥੱਲੇ ਸਰੀਰ ਹੈ। ਆਪ ਸੁਣਕੇ ਹੈਰਾਨ ਹੋਵੋਗੇ, ਪੰਜਾਂ ਸਰੀਰਾਂ ਦੀ ਖ਼ੁਰਾਕ ਵੀ ਅਲੱਗ-ਅਲੱਗ ਹੈ ਅਤੇ ਪੰਜਾਂ ਸਰੀਰਾਂ ਦੇ ਰਸ ਵੀ ਅਲੱਗ-ਅਲੱਗ ਹਨ।

ਜੇਕਰ ਇਸ ਲੰਬੇ ਚੌੜੇ, ਖੁਲਾਸੇ ਵਿਚ ਪੈ ਗਿਆ ਤਾਂ ਮੈਂ ਇੰਨ੍ਹਾਂ ਤੱਤਾਂ 'ਤੇ ਹੀ ਰੁੱਕ ਜਾਵਾਂਗਾ ਇਸ ਲਈ ਸੰਖੇਪ ਵਿਚ ਮੈਂ ਅਰਜ਼ ਕਰਾਂ, ਇਹ ਜੋ ਉੱਪਰ ਹੈ ਅਨੰਦਮਈ ਕੋਸ਼, ਇਸ ਬਾਰੇ ਬਾਬਾ ਫ਼ਰੀਦ ਕਹਿੰਦੇ ਹਨ।

*ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ॥*

(ਅੰਗ ੧੩੮੩)

ਇਹ ਅੰਨ ਪਾਣੀ ਦਾ ਪੁਤਲਾ ਹੈ। ਸਰੀਰ ਅੰਨ ਮਈ ਕੋਸ਼ ਅੰਨ ਪਾਣੀ ਤੋਂ ਬਿਨਾਂ ਨਹੀਂ ਚਲ ਸਕਦਾ। ਇਹ ਸਾਰਾ ਢਾਂਚਾ ਅੰਨ ਪਾਣੀ ਨਾਲ ਬਣਦਾ ਹੈ। ਅੰਨ ਪਾਣੀ ਠੀਕ ਨਹੀਂ ਮਿਲਿਆ। ਪੰਜ ਤੱਤਾਂ ਦਾ ਸਰੀਰ ਵਿਚ ਬੈਲੇਂਸ ਵਿਗੜ ਗਿਆ ਤਾਂ ਉਸ ਤੋਂ ਜਿਹੜਾ ਰੋਗ ਪੈਦਾ ਹੁੰਦਾ ਹੈ, ਉਹਨੂੰ ਕਹਿੰਦੇ ਹਨ 'ਆਹਾਰਿਕ ਰੋਗ'। ਅੰਨ ਪਾਣੀ ਠੀਕ ਨਹੀਂ ਮਿਲਿਆ। ਅੰਨ ਪਾਣੀ ਸਰੀਰ ਦੇ ਮੁਤਾਬਿਕ ਨਹੀਂ ਸੀ। ਅੰਨ ਪਾਣੀ ਨੇ ਪੰਜ ਤੱਤਾਂ ਦਾ ਬੈਲੇਂਸ ਵਿਗਾੜ ਦਿੱਤਾ। ਤਵਾਜ਼ਨ ਵਿਗਾੜ ਦਿੱਤਾ। ਇਹਨੂੰ ਕਹਿੰਦੇ ਹਨ "ਆਹਾਰਿਕ ਰੋਗ"। ਅਹਾਰਿਕ ਰੋਗ ਜੋ ਖਾਣ ਪੀਣ ਦੇ ਨਾਲ ਪੈਦਾ ਹੋਇਆ ਰੋਗ। ਫਿਰ ਆਯੁਰਵੈਦਿਕ ਅਚਾਰੀਆ ਕਹਿੰਦੇ ਹਨ ਕਿ ਖਾਣ ਪੀਣ ਨਾਲ ਠੀਕ ਹੋਵੇਗਾ, ਉਂਝ ਠੀਕ ਵੀ ਨਹੀਂ ਹੋ ਸਕਦਾ। ਖਾਣ ਪੀਣ ਨਾਲ ਹੀ ਠੀਕ ਹੋਵੇਗਾ ਇਹ ਅਹਾਰਿਕ ਰੋਗ। ਫਿਰ ਆਯੁਰਵੈਦਿਕ ਅਚਾਰੀਆ ਕਹਿੰਦੇ ਹਨ ਅਹਾਰ ਚਿਕਿਤਸਾ, ਅਹਾਰ ਔਸ਼ਧੀ। ਇਸਨੂੰ ਖੁੱਲ੍ਹ ਕੇ ਇੰਝ ਕਹਿੰਦੇ ਹਨ, "ਖਾਣਾ ਪੀਣਾ ਜ਼ਹਿਰ ਹੈ, ਖਾਣਾ ਪੀਣਾ ਅੰਮ੍ਰਿਤ।"

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕਿਹੜਾ ਖਾਣਾ ਪੀਣਾ ਜ਼ਹਿਰ ਹੈ ? ਕਿਹੜਾ ਅੰਮ੍ਰਿਤ ਹੈ? ਇਕ ਮਨੁੱਖ ਹੀ ਹੈ, ਜੋ ਬਹੁ ਪ੍ਰਕਾਰ ਦੀਆਂ ਚੀਜ਼ਾਂ ਖਾਂਦਾ ਹੈ, ਕੋਈ ਪਸ਼ੂ ਇਤਨੇ ਪ੍ਰਕਾਰ ਦੀਆਂ ਚੀਜ਼ਾਂ ਨਹੀਂ ਖਾਂਦਾ। ਗਊ ਵੀ ਇਕ ਵਿਸ਼ੇਸ਼ ਤਰ੍ਹਾਂ ਦੀ ਘਾਹ ਖਾਂਦੀ ਹੈ, ਹਰ ਤਰ੍ਹਾਂ ਦੀ ਘਾਹ ਨਹੀਂ ਖਾਂਦੀ। ਇਹ ਵੀ ਮੈਂ ਅਰਜ਼ ਕਰਾਂ ਦਿੰਦਾ ਹਾਂ। ਬੱਕਰੀਆਂ ਵੀ ਇਕ ਵਿਸ਼ੇਸ਼ ਤਰ੍ਹਾਂ ਦੇ ਪੱਤੇ ਖਾਂਦੀਆਂ ਹਨ, ਹਰ ਤਰ੍ਹਾਂ ਦੇ ਪੱਤੇ ਉਹ ਵੀ ਨਹੀਂ ਖਾਂਦੀਆਂ। ਘੋੜਾ ਵੀ ਇਕ ਵਿਸ਼ੇਸ਼ ਤਰ੍ਹਾਂ ਦੀ ਘਾਹ ਖਾਂਦਾ ਹੈ, ਹਰ ਤਰ੍ਹਾਂ ਦੀ ਘਾਹ ਨੂੰ ਉਹ ਵੀ ਮੂੰਹ ਨਹੀਂ ਮਾਰਦਾ। ਊਠ ਵੀ ਖ਼ਾਸ ਤਰ੍ਹਾਂ ਦੇ ਪੱਤਿਆਂ ਨੂੰ ਖਾਂਦੇ ਹਨ, ਹਰ ਤਰ੍ਹਾਂ ਦੇ ਪੱਤਿਆਂ ਨੂੰ ਉਹ ਵੀ ਨਹੀਂ ਖਾਂਦੇ। ਸੁੰਘ ਕੇ ਛੋੜ ਦੇਣਗੇ।

ਇਕ ਮਨੁੱਖ ਹੀ ਹੈ ਜਿਹੜਾ ਹਜ਼ਾਰਾਂ ਕਿਸਮਾਂ ਦੇ ਪਕਵਾਨ ਖਾਂਦਾ ਹੈ ਜਾਂ ਇੰਝ ਕਹਿ ਲਓ ਹਰ ਚੀਜ਼ ਖਾਂਦਾ ਹੈ। ਸੱਪ ਤੱਕ ਵੀ ਖਾਂਦਾ ਹੈ। ਹੁਣ ਐਸਾ ਕਿਹੜਾ ਖਾਣਾ ਹੈ ਜੋ ਜ਼ਹਿਰ ਹੈ। ਐਸਾ ਕਿਹੜਾ ਖਾਣਾ ਹੈ ਜੋ ਰੋਗ ਹੈ, ਕਿਉਂਕਿ ਆਯੁਰਵੈਦਕ ਅਚਾਰੀਆ ਕਹਿੰਦੇ ਹਨ, "ਅਹਾਰ ਰੋਗ, ਅਹਾਰ ਚਿਕਿਤਸਾ, ਖਾਣਾ ਪੀਣਾ ਰੋਗ ਹੈ, ਖਾਣਾ ਪੀਣਾ ਦਾਰੂ ਹੈ। ਖਾਣਾ ਪੀਣਾ ਜ਼ਹਿਰ ਹੈ। ਖਾਣਾ ਪੀਣਾ ਅੰਮ੍ਰਿਤ ਹੈ।"

ਕਿਹੜਾ ਖਾਣਾ ਪੀਣਾ ਜ਼ਹਿਰ ਹੈ ਤੇ ਕਿਹੜਾ ਖਾਣਾ ਪੀਣਾ ਅੰਮ੍ਰਿਤ ਹੈ। ਇਕੋ ਪੰਕਤੀ ਵਿਚ ਗੁਰੂ ਨਾਨਕ ਦੇਵ ਜੀ ਨਿਰਣਾ ਕਰਦੇ ਹਨ--

*ਬਾਬਾ ਹੋਰੁ ਖਾਣਾ ਖੁਸੀ ਖੁਆਰੁ॥*
*ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ॥*

(ਅੰਗ ੧੬)

ਬਾਬਾ ਹੋਰ, ਹੋਰ ਕੀ ਏ, ਉਹ ਹੋਰ ਕੀ ਏ? ਭੁੱਖ ਤੇ ਹੈ ਨਹੀਂ ਤੇ ਖਾਈ ਜਾ ਰਿਹਾ ਹੈ ਹੋਰ। ਇਹਦੇ ਅਰਥ ਇਹ ਹਨ ਗੁਰਬਾਣੀ (ਗਰੈਮਰ) ਦੇ ਮੁਤਾਬਿਕ, ਗੁਰਬਾਣੀ ਵਿਆਕਰਣ ਦੇ ਮਤਾਬਿਕ।

*ਬਾਬਾ ਹੋਰੁ ਖਾਣਾ ਖੁਸੀ ਖੁਆਰੁ॥*

ਭੁੱਖ ਨਹੀਂ ਹੈ, ਫਿਰ ਵੀ ਖਾ ਰਿਹਾ ਹੈ। ਹੁਣ ਇਕ-ਇਕ ਬੁਰਕੀ ਰੋਗ ਹੈ। ਭੁੱਖ ਨਹੀਂ ਪਰ ਖਾ ਰਿਹਾ ਹੈ, ਹੁਣ ਇਕ ਇਕ ਬੁਰਕੀ ਜ਼ਹਿਰ ਹੈ। ਭੁੱਖ ਹੈ, ਖਾ ਰਿਹਾ ਹੈ, ਇਕ-ਇਕ ਬੁਰਕੀ ਅੰਮ੍ਰਿਤ ਹੈ। ਇਕ ਇਕ ਬੁਰਕੀ ਦਾਰੂ ਹੈ। ਇਕ-ਇਕ ਬੁਰਕੀ ਖਾ ਰਿਹੈ, ਭੁੱਖ ਹੈ, ਤੇ ਦਾਰੂ ਹੈ, ਅੰਮ੍ਰਿਤ ਹੈ। ਭੁੱਖ ਬਿਲਕੁਲ ਨਹੀਂ ਹੈ, ਹੁਣ ਇਕ-ਇਕ ਬੁਰਕੀ ਜ਼ਹਿਰ ਹੈ ਤੇ ਰੋਗ ਹੈ।

*ਬਾਬਾ ਹੋਰ ਖਾਣਾ ਖੁਸੀ ਖੁਆਰੁ॥*
*ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥*

ਇਹ ਖਾਧਾ ਹੋਇਆ ਜੋ ਭੁੱਖ ਨਹੀਂ ਹੈ, ਤਨ ਨੂੰ ਪੀੜਿਤ ਤਾਂ ਕਰੇਗਾ। ਕਿਉਂਕਿ ਅਧਿਕ ਸ਼ਕਤੀ ਬਣਾਏਗਾ ਤੇ ਮਨ ਵਿਕਾਰਿਤ ਹੋਏਗਾ। ਮਨ ਦੇ ਅੰਦਰ ਪ੍ਰਬਲ ਵਾਸ਼ਨਾਵਾਂ ਜਾਗਣਗੀਆਂ, ਜਿਸਨੂੰ ਸੀਮਾ ਦੇ ਵਿਚ ਰੱਖਣਾ ਬੜਾ ਔਖਾ ਹੋ ਜਾਵੇਗਾ। ਤਨ ਵੀ ਰੋਗੀ ਹੋ ਜਾਵੇਗਾ। ਸੋ ਮੁਖ਼ਤਸਰ ਮੈਂ ਅਰਜ਼ ਕਰਾਂ "ਅੰਨਮਈ ਕੋਸ਼"। ਦੂਸਰਾ ਸਰੀਰ ਮੰਨਦੇ ਹਨ "ਪ੍ਰਾਣਮਈ ਕੋਸ਼"।

ਇਹਨੂੰ ਤਾਜ਼ੀ ਪਵਨ ਚਾਹੀਦੀ ਹੈ, ਹਵਾ ਚਾਹੀਦੀ ਹੈ। ਜਿਹੜਾ ਮਨੁੱਖ ਹਰ ਵਕਤ ਗੰਦੀ ਹਵਾ ਵਿਚ ਰਹਿੰਦਾ ਹੋਵੇ, ਬੰਦ ਕਮਰੇ ਵਿਚ, ਚੌਵੀਂ ਘੰਟੇ, ਹਰ ਵਕਤ, ਹੋ ਸਕਦਾ ਹੈ ਐਸੇ ਮਨੁੱਖ ਦਾ ਪ੍ਰਾਣਮਈ ਕੋਸ਼ ਰੋਗੀ ਹੋ ਜਾਵੇ। ਆਯੁਰਵੈਦਕ ਅਚਾਰੀਆ ਕਹਿੰਦੇ ਹਨ ਜੋ ਬਹੁਤ ਵੱਡੇ-ਵੱਡੇ ਸ਼ਹਿਰ ਹਨ ਤੇ ਸੰਘਣੇ ਥਾਂ 'ਤੇ ਰਹਿਣ ਵਾਲੇ ਲੋਕ ਹਨ, ਬੰਦ ਕਮਰਿਆਂ ਵਿਚ ਰਹਿੰਦੇ ਹਨ। ਖੁੱਲ੍ਹੀ ਹਵਾ ਵਿਚ ਰਹਿਣਾ ਉਨ੍ਹਾਂ ਨੂੰ ਨਸੀਬ ਹੀ ਨਹੀਂ ਹੁੰਦਾ, ਅਕਸਰ ਉਨ੍ਹਾਂ ਦੇ ਪ੍ਰਾਣਮਈ ਕੋਸ਼ ਰੋਗੀ ਹੋ ਜਾਂਦੇ ਹਨ। ਹਵਾ ਦੀਆਂ ਬੀਮਾਰੀਆਂ ਦਮਾ ਇਤਆਦਿਕ ਹੋਰ ਸੈਂਕੜੇ ਇਸ ਤਰ੍ਹਾਂ ਦੇ ਰੋਗ ਉਨ੍ਹਾਂ ਨੂੰ ਹੋ ਜਾਂਦੇ ਹਨ। ਉਹ ਪ੍ਰਾਣਮਈ ਕੋਸ਼ ਦਾ ਰੋਗ ਹੈ। ਇਸ ਸਰੀਰ ਦਾ ਰੋਗ ਨਹੀਂ ਹੈ। ਅੰਨਮਈ ਕੋਸ਼ ਦਾ ਰੋਗ ਨਹੀਂ ਹੈ। ਪੁਰਾਣੇ ਜਿਹੜੇ ਵੈਦ ਕਿਸੇ ਦਾ ਇਲਾਜ ਕਰਦੇ ਸਨ, ਉਹ ਦੇਖਦੇ ਸਨ ਕਿ ਰੋਗ ਦੀ ਜੜ੍ਹ ਕਿਹੜੇ ਕੋਸ਼ ਵਿਚ ਹੈ, ਕਿਹੜੇ ਸਰੀਰ ਵਿਚ ਹੈ। ਅੰਨਮਈ ਕੋਸ਼ ਵਿਚ ਹੈ ਉਹਦੀ ਜੜ੍ਹ ਕਿ ਪ੍ਰਾਣਮਈ ਕੋਸ਼ ਵਿਚ ਹੈ ਕਿ ਮਨਮਈ ਕੋਸ਼ ਵਿਚ ਹੈ ਉਹਦੀ ਜੜ੍ਹ। ਇਹ ਦੇਖਦੇ ਹੁੰਦੇ ਸਨ।

ਆਯੁਰਵੈਦ ਤੋਂ ਲੋਕਾਂ ਦਾ ਵਿਸ਼ਵਾਸ ਉੱਠ ਗਿਆ ਕਿਉਂਕਿ ਉਹ ਸਲੋ ਸਪੀਡ ਨਾਲ ਚਲਦੇ ਸਨ, ਆਹਿਸਤਾ-ਆਹਿਸਤਾ। ਇਕ ਦਮ ਸਿਰ ਦਰਦ ਦੂਰ ਕਰਨਾ। ਇਕ ਦਮ ਕਿਸੇ ਬੀਮਾਰੀ ਨੂੰ ਖ਼ਤਮ ਕਰਨਾ, ਉਨ੍ਹਾਂ ਕੋਲ ਇਸ ਢੰਗ ਦੀਆਂ ਔਸ਼ਧੀਆਂ ਨਹੀਂ ਸਨ ਤੇ ਇਕ ਦਮ ਰੋਗ ਖ਼ਤਮ ਕਰਨਾ ਉਹਨੂੰ ਹਾਨੀਕਾਰਕ ਵੀ ਉਹ ਕਹਿੰਦੇ ਸਨ। ਕਹਿੰਦੇ ਜਦ ਇਹ ਪ੍ਰਗਟ ਆਹਿਸਤਾ-ਆਹਿਸਤਾ ਹੋਇਆ ਹੈ ਤਾਂ ਇਸਨੂੰ ਖ਼ਤਮ ਵੀ ਆਹਿਸਤਾ-ਆਹਿਸਤਾ ਕਰਨਾ ਹੈ। ਪ੍ਰਗਟ ਹੋਣ ਵਿਚ ਜਿਤਨਾ ਸਮਾਂ ਲੱਗਿਆ ਹੈ, ਇਹਨੂੰ ਖ਼ਤਮ ਹੋਣ ਵਿਚ ਉਤਨਾ ਸਮਾਂ ਚਾਹੀਦਾ ਹੈ। ਇਹਨੂੰ ਅੱਗੇ ਆਉਣ ਦੇ ਵਾਸਤੇ ਜਿਤਨਾ ਸਮਾਂ ਲੱਗਿਆ ਹੈ, ਇਸਨੂੰ ਪਿੱਛੇ ਜਾਣ ਵਾਸਤੇ ਇਤਨਾ ਸਮਾਂ ਲੱਗੇਗਾ। ਪਰੰਤੂ ਮਨੁੱਖ ਅੱਜ ਬੜਾ ਜਲਦੀ ਦੇ ਵਿਚ ਹੈ। ਹੋਇਆ ਕੀ? ਐਸੀ ਦਵਾਈਆਂ ਜੋ ਜਲਦੀ ਠੀਕ ਕਰ ਦੇਣ, ਸਾਰੇ ਸਿਆਣੇ ਇਹ ਸਮਝਦੇ ਹਨ ਇਸ ਨਾਲ ਸਾਈਡ ਇਫੈਕਟ (side effect) ਪੈਦਾ ਹੋ ਜਾਂਦਾ ਹੈ। ਉਹ ਕਿਸੇ ਦੂਜੇ ਰੋਗ ਨੂੰ ਜਨਮ ਦਿੰਦੀਆਂ ਹਨ।

ਪ੍ਰਾਣਮਈ ਕੋਸ਼ ਦੀ ਖ਼ੁਰਾਕ ਹੈ ਚੰਗੀ ਤੇ ਸਾਫ਼-ਸੁਥਰੀ ਹਵਾ। ਪਰਾਣਾਯਾਮ ਇਕ ਤਰੀਕੇ ਦੇ ਨਾਲ ਇਹ ਦੂਜੇ ਸਰੀਰ ਦੀ ਐਕਸਰਸਾਈਜ਼ (Exercise) ਹੈ। ਲੰਬੇ ਸਾਹ ਲੈਣਾ। ਤਿੱਖੇ ਸਵਾਸ ਲੈਣੇ, ਇਹ ਅੰਨਮਈ ਕੋਸ਼ ਦੀ ਐਕਸਰਸਾਈਜ਼ ਨਹੀਂ ਹੈ। ਪ੍ਰਾਣਮਈ ਕੋਸ਼ ਦੀ

ਐਕਸਰਸਾਈਜ਼ ਹੈ।

ਤੀਜਾ ਸਰੀਰ ਹੈ ਮਨਮਈ ਕੋਸ਼। ਇਸਨੂੰ ਕੀ ਚਾਹੀਦਾ ਹੈ? ਇਹਦੀ ਖ਼ੁਰਾਕ ਕੀ ਹੈ? ਇਹਦੀ ਵੀ ਚੰਗੀ ਤੇ ਮਾੜੀ ਖ਼ੁਰਾਕ ਹੈ। ਚੰਗੇ ਵਿਚਾਰ ਚੰਗੀ ਖ਼ੁਰਾਕ ਹੈ। ਮਾੜੇ ਵਿਚਾਰ ਮਾੜੀ ਖ਼ੁਰਾਕ ਹੈ। ਜਿਵੇਂ ਅੰਨ ਮਈ ਕੋਸ਼ ਵਿਚ ਚੰਗਾ ਮਾੜਾ ਖਾ ਸਕਦਾ ਹੈ, ਜਿਵੇਂ ਪ੍ਰਾਣਮਈ ਕੋਸ਼ ਵਿਚ ਮਨੁੱਖ ਚੰਗੀ ਮਾੜੀ ਹਵਾ ਵਿਚ ਰਹਿ ਸਕਦਾ ਹੈ, ਇਸ ਤਰ੍ਹਾਂ ਮਨ ਦੇ ਤਲ ਦੇ ਉੱਤੇ ਵੀ ਚੰਗੇ ਮਾੜੇ ਵਿਚਾਰਾਂ ਨੂੰ ਗ੍ਰਹਿਣ ਕਰ ਸਕਦਾ ਹੈ।

ਇਹ ਕਥਾ, ਇਹ ਕੀਰਤਨ, ਗੁਰਬਾਣੀ ਦੀ ਵਿਚਾਰ, ਚੰਗੀ ਵਿਚਾਰ ਹੈ। ਇਹ ਬਹੁਤ ਥੋੜੇ ਲੋਕੀਂ ਖਾਂਦੇ ਹਨ। ਗੰਦਾ ਸਾਹਿਤ, ਲਿਟਰੇਚਰ ਪੜ੍ਹਨ ਵਾਲੇ ਬਹੁਤ ਹਨ। ਹਰ ਵਕਤ ਗ਼ਲਤ ਸੋਚਣਾ, ਗ਼ਲਤ ਫੁਰਨੇ, ਇਹ ਮਨ ਦੀ ਗ਼ਲਤ ਵਿਚਾਰ ਹੈ। ਇਹਦੇ ਨਾਲ ਕੀ ਹੋਵੇਗਾ? ਮਾਨਸਿਕ ਰੋਗ। ਇਸ ਰੋਗ ਦੀ ਜੜ੍ਹ ਮਨ ਵਿਚ ਹੈ, ਪ੍ਰਾਣਮਈ ਕੋਸ਼ ਵਿਚ ਨਹੀਂ ਹੈ। ਉਸ ਰੋਗ ਦੀ ਜੜ੍ਹ ਇਸ ਅੰਨਮਈ ਕੋਸ਼ ਵਿਚ ਨਹੀਂ ਹੈ। ਪ੍ਰਾਣਮਈ ਕੋਸ਼ ਵਿਚ ਨਹੀਂ ਹੈ। ਮਨਮਈ ਕੋਸ਼ ਵਿਚ ਹੈ। ਆਪ ਸੁਣਕੇ ਹੈਰਾਨ ਹੋਵੋਗੇ, ਜੋ ਅੱਜ ਦੇ ਮਨੋਚਿੰਤਕ ਕਹਿੰਦੇ ਹਨ, ਧਾਰਮਿਕ ਮਨੋਚਿੰਤਕ ਕਿ ਅੱਜ ਅੰਨਮਈ ਕੋਸ਼ ਇਤਨਾ ਰੋਗੀ ਨਹੀਂ ਹੈ, ਮਨਮਈ ਕੋਸ਼ ਜ਼ਿਆਦਾ ਰੋਗੀ ਹੈ।

ਅੱਜ ਪ੍ਰਾਣਮਈ ਕੋਸ਼ ਤੋਂ ਵੀ ਕਈ ਗੁਣਾ ਜ਼ਿਆਦਾ, ਮਨਮਈ ਕੋਸ਼ ਜ਼ਿਆਦਾ ਰੋਗੀ ਹੈ। ਬੜਾ ਭਿਅੰਕਰ ਰੋਗ ਹੈ, ਮਾਨਸਿਕ ਰੋਗ। ਕਿਸੇ ਵਕਤ ਇਸਦਾ ਖੁਲਾਸਾ ਕਰਾਂਗੇ। ਕਿਵੇਂ ਅੰਦਾਜ਼ਾ ਲਾਓਗੇ ਕਿ ਇਹ ਬੰਦਾ ਮਾਨਸਿਕ ਰੋਗੀ ਹੈ। ਗੱਲ-ਗੱਲ 'ਤੇ ਕ੍ਰੋਧ ਕਰਦਾ ਹੈ। ਹਰ ਵਕਤ ਕ੍ਰੋਧ ਵਿਚ ਜਲਿਆ ਹੋਇਐ, ਈਰਖਾ ਵਿਚ ਜਲਿਆ ਹੋਇਐ, ਮਾਨਸਿਕ ਰੋਗੀ ਹੈ।

ਹੁਣ ਤਾਂ ਅੱਜ ਦੇ ਮਨੋਚਿੰਤਕ ਵੀ ਕਹਿਣ ਲੱਗ ਪਏ ਹਨ ਕਿ ਬੜੇ-ਬੜੇ ਅਪਰਾਧੀ ਜੋ ਕ੍ਰੋਧਵਸ ਹੋ ਕੇ ਕਤਲ ਕਰਦੇ ਹਨ, ਮਾਨਸਿਕ ਰੋਗੀ ਹਨ। ਕਹਿੰਦੇ ਹਨ ਇਨ੍ਹਾਂ 'ਤੇ ਤਰਸ ਖਾਓ। ਇਨ੍ਹਾਂ ਦਾ ਇਲਾਜ ਕਰੋ। ਲੜਾਈ ਝਗੜੇ ਵਿਚ ਜੋ ਕਤਲ ਕਰ ਬੈਠਦੇ ਹਨ, ਮਾਨਸਿਕ ਰੋਗੀ ਹਨ।

ਭਾਰਤ ਵਿਚ ਕਈ ਵਾਰ ਜੇਲ੍ਹਾਂ ਦੇ ਵਿਚ ਵੀ ਕਥਾ ਕਰਨ ਲਈ ਜਾਣਾ ਪੈਂਦਾ ਹੈ। ਇਹ ਬੰਗਲੌਰ ਦੇ ਸੱਜਣ ਆਏ ਹਨ। ਇਹ ਮੇਰੇ ਨਾਲ ਹੀ ਗਏ ਸਨ ਬੰਗਲੌਰ ਦੀ ਜੇਲ੍ਹ ਵਿਚ। ਉੱਥੇ ਚਾਰ ਹਜ਼ਾਰ ਕੈਦੀ ਸਨ। ਇਹ ਬੱਚੀਆਂ ਨਵਨੀਤ ਕੌਰ ਹੋਰਾਂ ਨੇ ਸ਼ਬਦ ਵੀ ਸੁਣਾਇਆ ਕੈਦੀਆਂ ਨੂੰ। ਚਾਰ ਹਜ਼ਾਰ ਕੈਦੀਆਂ ਦਾ ਇਕੱਠ ਸੀ। ਇਕ ਘੰਟਾ ਦਾਸ ਨੇ ਉਨ੍ਹਾਂ ਨੂੰ ਗੁਰਬਾਣੀ ਵਿਚਾਰ ਸੁਣਾਈ ਹਿੰਦੀ ਵਿਚ, ਕਿਉਂਕਿ "ਕਨੜ" ਲੋਕ ਸਨ। ਸਾਰਾ ਰਿਕਾਰਡ ਵੀ ਕੀਤਾ ਗਿਆ। ਦੋ ਦਿਨ ਹਾਜ਼ਰੀ ਭਰਨ ਇੰਦੌਰ ਦੀ ਸੈਂਟਰਲ ਜੇਲ੍ਹ ਵਿਚ ਵੀ ਦਾਸ ਜਾਂਦਾ ਹੁੰਦਾ ਸੀ। ਇਸ ਤਰ੍ਹਾਂ ਰਾਇਪੁਰ, ਜੋਧਪੁਰ ਹੋਰ ਕਈ ਜੇਲ੍ਹਾਂ ਵਿਚ ਦਾਸ ਦਾ ਜਾਣਾ ਹੁੰਦਾ ਹੈ। ਬੁਲਾਉਂਦੇ ਹਨ। ਕੁਝ ਮੌਲਵੀ ਜਾਂ ਹੋਰ ਪੰਡਿਤ ਵਿਦਵਾਨ ਵੀ ਅੰਦਰ ਜਾਂਦੇ ਰਹਿੰਦੇ ਹਨ

ਕਥਾ ਕਰਨ ਵਾਸਤੇ, ਕੈਦੀਆਂ ਨੂੰ ਸੁਣਾਉਣ ਵਾਸਤੇ।

ਇਕ ਸਿੰਘ ਕੈਦੀ ਮੈਂ ਦੇਖ ਕੇ ਦੰਗ ਰਹਿ ਗਿਆ। ਅੰਮ੍ਰਿਤ ਵੇਲੇ ਆਉਂਦਾ ਸੀ ਗੁਰਦੁਆਰੇ। ਝੂਮ-ਝੂਮ ਕੇ ਕੀਰਤਨ ਸੁਣਦਾ ਸੀ। ਕਤਲ ਵੀ ਉਸਨੇ ਗੁਰਦੁਆਰੇ ਵਿਚ ਕੀਤਾ, ਕਿਰਪਾਨ ਕੱਢ ਕੇ।

ਪਸਚਾਤਾਪ ਉਸਨੂੰ ਬੜਾ ਸੀ। ਕ੍ਰੋਧ ਇਕ ਵੇਗ ਹੈ, ਜਿਸਦੇ ਵਿਚ ਮਨੁੱਖ ਦੀ ਸੋਚਣੀ ਕੰਮ ਨਹੀਂ ਕਰਦੀ। ਜੈਸੇ ਤਨ ਬਹੁਤ ਬੀਮਾਰ ਹੋਵੇ, ਬਹੁਤ ਬੀਮਾਰ ਹੋਵੇ ਤਾਂ ਫਿਰ ਚੱਲਿਆ ਵੀ ਨਹੀਂ ਜਾਂਦਾ। ਹੱਥਾਂ ਨਾਲ ਕੁਝ ਕਰਨਾ ਵੀ ਔਖਾ ਹੁੰਦਾ ਹੈ। ਬੋਲਣਾ ਵੀ ਔਖਾ ਹੁੰਦਾ ਹੈ। ਤਾਪ ਚੜ੍ਹਿਆ ਏ ਬੜਾ ਜ਼ੋਰ ਦਾ, ਮਨ ਦਾ ਰੋਗੀ ਹੋਵੇ ਤਾਂ ਸੋਚਣੋ ਰਹਿ ਜਾਂਦੈ। ਉਸ ਬੇਹੋਸ਼ੀ ਵਿਚ ਕਤਲ ਹੋ ਜਾਂਦੈ। ਇਸ ਵਾਸਤੇ ਨੱਬੇ ਫ਼ੀਸਦੀ ਕਾਤਿਲ, ਅੱਜ ਸਿਆਣੇ ਮੰਨਦੇ ਹਨ ਕਿ ਮਾਨਸਿਕ ਰੋਗੀ ਹਨ। ਵੇਗ ਵਿਚ ਹੋਵੇ, ਕ੍ਰੋਧ ਮਾਨਸਿਕ ਰੋਗ ਹੈ। ਬੜਾ ਭਿਅੰਕਰ ਮਾਨਸਿਕ ਰੋਗ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਤਾਂ ਕਹਿੰਦੇ ਹਨ-

*ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ॥*

ਹੇ ਕਲੇਸ਼ ਦੀ ਜੜ੍ਹ, ਹੇ ਕਲੇਸ਼ ਦੀ ਬੁਨਿਆਦ ਕ੍ਰੋਧ, ਜਦ ਤੂੰ ਕਿਸੇ 'ਤੇ ਅਸਵਾਰ ਹੋ ਜਾਂਦੈ, ਉਹਦੇ ਅੰਦਰ ਕਰੁਣਾ ਨਹੀਂ ਰਹਿੰਦੀ, ਦਇਆ ਨਹੀਂ ਰਹਿੰਦੀ, ਇਨਸਾਨੀਅਤ ਨਹੀਂ ਰਹਿੰਦੀ, ਸ਼ਰਾਫ਼ਤ ਨਹੀਂ ਰਹਿੰਦੀ।

*ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ॥*
*ਬਿਖਯੰਤ ਜੀਵੰ ਵਸ੍ਹੰ ਕਰੋਤਿ ਨਿਰਤ੍ਹੰ ਕਰੋਤਿ ਜਥਾ ਮਰਕਟਹ॥*

(ਅੰਗ ੧੩੫੮)

ਤੂੰ ਕਿਨ੍ਹਾਂ ਦੇ ਅੰਦਰ ਵਾਸਾ ਕਰਦੇਂ? ਹਰ ਵਕਤ ਗ਼ਲਤ ਜੋ ਸੋਚਦੇ ਰਹਿੰਦੇ ਹਨ, ਹਰ ਵਕਤ ਜਿਨ੍ਹਾਂ ਦੀ ਮਾਨਸਿਕ ਵਿਚਾਰ ਗ਼ਲਤ ਹੈ। ਜਿਨ੍ਹਾਂ ਦਾ ਮਾਨਸਿਕ ਆਹਾਰ ਗ਼ਲਤ ਹੈ। ਜਿਨ੍ਹਾਂ ਦੇ ਮਨ ਦਾ ਖਾਣਾ ਗ਼ਲਤ ਹੈ, ਤੂੰ ਉਨ੍ਹਾਂ ਦੇ ਅੰਦਰ ਵਾਸਾ ਕਰਦਾ ਏਂ। ਐ ਕ੍ਰੋਧ ! ਤੇਰਾ ਉਥੇ ਵਾਸਾ ਹੁੰਦਾ ਹੈ, ਫਿਰ ਤੂੰ ਉਨ੍ਹਾਂ ਨੂੰ ਇੰਝ ਨਚਾਂਦਾ ਏਂ, ਜਿਵੇਂ ਮਦਾਰੀ ਬੰਦਰ ਨੂੰ ਨਚਾਂਦਾ ਏ।

*ਨਿਰਤ੍ਹੰ ਕਰੋਤਿ ਜਥਾ ਮਰਕਟਹ॥*

ਸ਼ਾਇਦ ਆਪ ਨੂੰ ਪਤਾ ਹੋਵੇ ਪੰਡਿਤ ਗੁਲਾਬ ਸਿੰਘ ਜੀ ਮਹਾਰਾਜ ਨੇ ਇਕ ਬਹੁਤ ਵੱਡਾ ਗ੍ਰੰਥ ਲਿਖਿਆ ਹੈ। ਉਹਨੂੰ ਕਹਿੰਦੇ ਹਨ "ਪ੍ਰਬੋਧ ਚੰਦਰ ਨਾਟਕ"। ਪੁਰਾਣੀਆਂ ਟਕਸਾਲਾਂ 'ਤੇ ਪੜ੍ਹਾਇਆ ਜਾਂਦਾ ਸੀ। ਹੁਣ ਅੱਜ ਕੱਲ ਦੇ ਲੋਕ ਕਿਤਾਬਾਂ ਪੜ੍ਹ ਲਈਆਂ, ਚਾਰ ਕੈਸਟਾਂ ਸੁਣ ਲੈਣੀਆਂ। ਲੋਕੀਂ ਕਥਾ ਕਰਨ ਲੱਗ ਪੈਂਦੇ ਹਨ। ਇਹ ਸਾਰੇ ਗ੍ਰੰਥ ਪੜ੍ਹਨੋਂ ਪੁਰਾਣੇ ਹੁਣ ਰਹਿ ਗਏ ਹਨ। ਬਿਰਤੀ ਪ੍ਰਭਾਵਿਕ ਸਾਰ ਕੁਤਾਵਲੀ, ਵਿਚਾਰਮਾਲਾ, ਪ੍ਰਬੋਧ ਚੰਦਰ ਨਾਟਕ,

ਵੈਰਾਗ ਸ਼ਤਕ ਉਹਨਾਂ ਨੂੰ ਪੜ੍ਹਾਏ ਜਾਂਦੇ ਸਨ, ਬਕਾਇਦਾ। ਹੁਣ ਸਿਲਸਿਲਾ ਰਹਿ ਗਿਆ ਹੈ।

ਪ੍ਰਬੋਧ ਚੰਦਰ ਨਾਟਕ ਦੇ ਵਿਚ ਮੋਹ ਤੇ ਵਿਵੇਕ ਦੀ ਜੰਗ ਲਿਖੀ ਏ ਪੰਡਿਤ ਗੁਲਾਬ ਸਿੰਘ ਜੀ ਨੇ, ਮੋਹ ਤੇ ਵਿਵੇਕ ਦੀ। ਵਿਵੇਕ-ਗਿਆਨ, ਆਤਮ-ਗਿਆਨ ਤੇ ਮੋਹ। ਇਕ ਪਾਸੇ ਮੋਹ ਰਾਜਾ, ਇਕ ਪਾਸੇ ਵਿਵੇਕ ਰਾਜਾ ਹੈ। ਦੋ ਰਾਜਿਆਂ ਦੀ ਜੰਗ ਦੇ ਉੱਤੇ ਬਹੁਤ ਵੱਡਾ ਗ੍ਰੰਥ ਲਿਖਿਆ ਹੈ। ਇਸ ਦਾ ਨਾਂਅ ਹੈ ਪ੍ਰਬੋਧ ਚੰਦਰ ਨਾਟਕ। ਅਤੇ ਵਿਵੇਕ ਜਿੱਤ ਰਿਹਾ ਸੀ। ਆਤਮ-ਗਿਆਨ ਜਿੱਤ ਰਿਹਾ ਸੀ। ਮੋਹ ਹਾਰ ਰਿਹਾ ਸੀ। ਬੜਾ ਦੁੱਖੀ ਬੈਠਾ ਮੋਹ ਤੇ ਕ੍ਰੋਧ ਆਇਆ। ਹਾਰੇ ਹੋਏ ਮਨੁੱਖ ਨੂੰ ਕ੍ਰੋਧ ਆਏਗਾ।

ਕਹਿੰਦੇ ਹਾਰਿਆ ਹੋਇਆ ਜੁਆਰੀ ਕ੍ਰੋਧ ਨਾਲ ਭਰ ਜਾਂਦੈ। ਜ਼ਿੰਦਗੀ ਦੇ ਕਿਸੇ ਵੀ ਕੰਮ ਵਿਚ ਹਾਰ ਹੋ ਗਈ ਏ। ਕਿਸੇ ਵੀ ਕੰਮ ਵਿਚ, ਕ੍ਰੋਧ ਤੇ ਆਏਗਾ। ਫਿਰ ਕ੍ਰੋਧ ਵੀ ਕਮਜ਼ੋਰ 'ਤੇ ਹੀ ਆਏਗਾ। ਪ੍ਰਗਟ ਕਮਜ਼ੋਰ 'ਤੇ ਹੀ ਹੋਏਗਾ, ਸ਼ਕਤੀਸ਼ਾਲੀ 'ਤੇ ਨਹੀਂ। ਫਿਰ ਕ੍ਰੋਧ ਆਏਗਾ ਉਪਰੇ ਬੇਗਾਨੇ 'ਤੇ ਆਪਣੇ 'ਤੇ ਨਹੀਂ। ਜਿਵੇਂ ਮਕਾਨ ਮਾਲਿਕ, ਘਰ ਦਾ ਮਾਲਿਕ ਬੈਠਾ ਹੈ ਡਰਾਇੰਗ ਰੂਮ ਵਿਚ ਸੋਫੇ 'ਤੇ ਅਤੇ ਅਖ਼ਬਾਰ ਪੜ੍ਹ ਰਿਹਾ ਹੈ। ਅਚਾਨਕ ਬਹੁਤ ਸਾਰੇ ਬਰਤਨਾਂ ਦੇ ਟੁੱਟਣ ਦੀ ਅਵਾਜ਼ ਆਈ। ਕ੍ਰਾਕਰੀ ਟੁੱਟੀ। ਹੁਣ ਮਾਲਿਕ ਸੋਚਦਾ ਹੈ ਕਿ ਨੌਕਰ ਨੇ ਕੀਤਾ ਹੋਣੈ। ਉਹਨੇ ਪਿੱਛੇ ਮੁੜ ਕੇ ਤਾਂ ਵੇਖਿਆ ਨਹੀਂ। ਨੌਕਰ ਨੂੰ ਚਾਰ-ਪੰਜ ਗਾਲ੍ਹਾਂ ਕੱਢ ਦਿੱਤੀਆਂ। ਵੇਖਕੇ ਕੰਮ ਕਰਿਆ ਕਰ, ਅੰਨ੍ਹਾ ਹੈਂ। ਐਨਾ ਕੀਮਤੀ ਸਮਾਨ ਤੋੜ ਕੇ ਰੱਖ ਦਿੱਤਾ। ਨੌਕਰ ਆਇਆ ਤੇ ਆਖਣ ਲੱਗਾ, 'ਮਾਲਿਕ, ਮੈਂ ਨਹੀਂ ਤੋੜਿਆ। ਇਹ ਜਿਹੜਾ ਤੁਹਾਡਾ ਛੋਟਾ ਬੱਚਾ ਮੰਨਦਾ ਨਹੀਂ ਪਿਆ ਸੀ, ਇਹ ਉਹਨੇ ਤੋੜਿਆ ਹੈ। ਤੁਹਾਡੇ ਬੱਚੇ ਨੇ ਤੋੜਿਆ ਹੈ, ਇਹਨੇ ਤੋੜਿਆ ਹੈ।'' ਹੁਣ ਕ੍ਰੋਧ ਇਕਦਮ ਸ਼ਾਂਤ ਹੋ ਗਿਆ। ਹੁਣ ਤਿੰਨ ਸਾਲ, ਚਾਰ ਸਾਲ ਦੇ ਬੱਚੇ 'ਤੇ ਕ੍ਰੋਧ ਕਿਵੇਂ ਕੱਢੇ ਤੇ ਬੱਚਾ ਵੀ ਆਪਣਾ ਤੇ ਪਿਆਰਾ ਹੈ। ਕ੍ਰੋਧ ਸ਼ਾਂਤ ਹੋ ਗਿਆ। ਕ੍ਰੋਧ ਬੇਗਾਨੇ 'ਤੇ ਆਉਂਦੈ। ਕ੍ਰੋਧ ਓਪਰੇ 'ਤੇ ਆਉਂਦੈ। ਕ੍ਰੋਧ ਕਮਜ਼ੋਰ 'ਤੇ ਆਉਂਦੈ। ਸ਼ਕੀਤਸ਼ਾਲੀ 'ਤੇ ਨਹੀਂ, ਤਾਕਤਵਾਰ 'ਤੇ ਨਹੀਂ। ਇਹ ਵੀ ਮੈਂ ਅਰਜ਼ ਕਰ ਦਿਆਂ। ਕ੍ਰੋਧ ਮੋਹ ਦੇ ਕੋਲ ਆਇਆ, ''ਰਾਜਨ ! ਕਿਉਂ ਦੁੱਖੀ ਹੋ?'' ਤਾਂ ਮੋਹ ਕਹਿੰਦੈ, ''ਦੇਖਦੇ ਨਹੀਂ ਕਿ ਹਾਰ ਹੋ ਰਹੀ ਏ। ਵਿਵੇਕ ਦੀ ਸੈਨਾ ਜਿੱਤ ਰਹੀ ਏ। ਸ਼ਾਂਤੀ ਅੱਗੇ ਵਧ ਰਹੀ ਏ। ਗਿਆਨ ਅੱਗੇ ਵੱਧ ਰਿਹਾ ਏ। ਨਿਰਵੈਰਤਾ ਅੱਗੇ ਵੱਧ ਰਹੀ ਏ। ਪ੍ਰੇਮ ਅੱਗੇ ਵੱਧ ਰਿਹਾ ਏ। ਅਸੀਂ ਤੇ ਹਾਰਦੇ ਜਾ ਰਹੇ ਹਾਂ। ਈਰਖਾ ਹਾਰਦੀ ਜਾ ਰਹੀ ਹੈ। ਨਿੰਦਾ ਹਾਰਦੀ ਜਾ ਰਹੀ ਹੈ। ਸੰਤਾਪ, ਵਿਆਕੁਲਤਾ, ਚਿੰਤਾ, ਹਾਰਦੀ ਜਾ ਰਹੀ ਹੈ। ਉਹ ਜਿੱਤਦੇ ਜਾ ਰਹੇ ਹਨ।''

ਕ੍ਰੋਧ ਨੇ ਆਖਿਆ, ''ਮੈਂ ਮੌਜੂਦ ਹਾਂ ਅਜੇ। ਕਹਿੰਦਾ ਬੜੇ ਬੜੇ ਸਿਪਾਹ ਸਲਾਰ ਮੈਂ ਮਾਰੇ ਹਨ, ਕ੍ਰਾਮ ਮਾਰਿਆ ਗਿਐ, ਲੋਭ ਮਾਰਿਆ ਗਿਐ, ਤੂੰ ਕੀ ਕਰੇਂਗਾ?''

ਹੁਣ ਉਥੇ ਪੰਡਿਤ ਗੁਲਾਬ ਸਿੰਘ ਜੀ ਮਹਾਰਾਜ ਲਿਖਦੇ ਹਨ ਕਿ ਕ੍ਰੋਧ-ਓ-ਵਾਚ-ਕ੍ਰੋਧ ਬੋਲਿਆ, ਰਾਜਨ ! ਸੁਣੋ ਮੈਂ ਕੀ ਕਰ ਸਕਦਾ ਹਾਂ। ਤੁਸੀਂ ਮਾਯੂਸ ਨਾ ਹੋਣਾ। ਜਦ ਮੋਹ

ਕਹਿੰਦਾ ਹੈ, ਉਪਰ ਵਿਵੇਕ ਹੈ, ਗਿਆਨ ਹੈ, ਸ਼ੁੱਧ ਹੈ, ਬੁੱਧ ਹੈ, ਪ੍ਰੇਮ ਹੈ, ਸ਼ਰਧਾ ਹੈ, ਭਾਵਨਾ ਹੈ, ਭਗਤੀ ਹੈ। ਤੂੰ ਕੀ ਕਰੇਂਗਾ, ਤੂੰ ਕੀ ਕਰੇਂਗਾ?

ਕ੍ਰੋਧ-ਓ-ਵਾਚ, ਕ੍ਰੋਧ ਕਹਿੰਦਾ ਹੈ, ਮੈਂ ਕੀ ਕਰ ਸਕਦਾ ਹਾਂ, ਸੁਣੋ-

*"ਅੰਧ ਕਰਊ ਦ੍ਰਿਗਵੰਤਨ ਕੌ, ਸੁਤਵੰਤਨ ਕੌ, ਬਧਰੋਕਰ ਡਾਰੋਂ।*
*ਧ੍ਰਿਤਵੰਤਨ ਕੋਸੋ ਅਧੀਰ ਕਰਊ, ਔਰ ਚਾਤਰ ਕੀ ਮਤਿ ਦੂਰ ਨਿਵਾਰੋਂ।*
*ਹਿਤ ਕਾਗਜਿ ਨਾਇ ਬਿਖਹੇ ਕਬਹੀ, ਜਿਨਕੇ ਉਰ ਭੀਤਰ ਮੈਂ ਪਗੁ ਧਾਰਊਂ।*
*ਹਿਤ ਆਤਮ ਕੋ ਨਾ ਸੁਣਹਿ ਕਬਹੂੰ, ਪੜਿਓ ਜਿਤਿ ਨੋ ਖਿਨ ਮਾਹਿ ਬਸਾਰਊਂ।"*

ਇਕ ਤੇ ਅੱਖਾਂ ਵਾਲਿਆਂ ਨੂੰ ਅੰਨ੍ਹਾ ਕਰਕੇ ਰੱਖ ਦਿਆਂਗਾ। ਕੱਖ ਨਹੀਂ ਵਿਖਾਈ ਦੇਵੇਗਾ। ਸਾਮ੍ਹਣੇ ਭਰਾ ਹੈ, ਪਤਨੀ ਹੈ ਕਿ ਮਾਂ ਹੈ, ਕੁਛ ਨਹੀਂ ਦਿਖਾਈ ਦੇਵੇਗਾ। ਮੈਂ ਅੰਨ੍ਹਾ ਕਰ ਦਿਆਂਗਾ। ਨਫਾ ਨੁਕਸਾਨ ਨਹੀਂ ਦਿਖਾਈ ਦੇਵੇਗਾ। ਹਾਨੀ ਲਾਭ ਨਹੀਂ ਦਿਖਾਈ ਦੇਵੇਗਾ। ਪਿਉ ਵੀ ਨਹੀਂ ਦਿਖਾਈ ਦੇਵੇਗਾ। ਕ੍ਰੋਧ ਵਿਚ ਪਿਉ, ਪਿਉ ਨਹੀਂ ਦਿਖਾਈ ਦੇਵੇਗਾ। ਕ੍ਰੋਧ ਚੜ੍ਹਿਆ, ਭਰਾ, ਭਰਾ ਨਹੀਂ ਦਿਖਾਈ ਦੇਵੇਗਾ। ਪਤਨੀ, ਪਤਨੀ ਨਹੀਂ ਦਿਖਾਈ ਦੇਵੇਗੀ।

ਕ੍ਰੋਧ ਨੇ ਆਖਿਆ, ਰਾਜਨ ! ਪਹਿਲੇ ਤਾਂ ਮੈਂ ਅੱਖਾਂ ਵਾਲਿਆਂ ਨੂੰ ਅੰਨ੍ਹਾ ਕਰ ਦਿੰਦਾ ਹਾਂ।

*"ਅੰਧ ਕਰਊ ਦ੍ਰਿਗਵੰਤਨ ਕੌ, ਸੁਤਵੰਤਨ ਕੌ, ਬਦਰੋਕਰ ਡਾਰੋਂ।"*

ਜਿਹੜੇ ਬੜੇ ਸੂਝਵਾਨ ਹਨ, ਅਨੁਭਵੀ ਹਨ, ਪਾਗਲ ਬਣਾ ਕੇ ਰੱਖ ਦਿਆਂਗਾ। ਉਨ੍ਹਾਂ ਦੀ ਸਾਰੀ ਸੂਝ-ਬੂਝ ਖ਼ਤਮ ਕਰਕੇ ਰੱਖ ਦਿਆਂਗਾ। ਜਿਸ ਵਕਤ ਕ੍ਰੋਧ ਪ੍ਰਗਟ ਹੁੰਦਾ ਹੈ ਉਦੋਂ ਸੂਝ ਸਮਝ ਨਹੀਂ ਆਉਂਦੀ, ਕੱਖ ਵੀ ਨਹੀਂ ਆਉਂਦੀ।

*"ਅੰਧ ਕਰਊਂ ਦ੍ਰਿਗਵੰਤਨ ਕੌ, ਸੁਤਵੰਤਨ ਕੌ, ਬਦਰੋਕਰ ਡਾਰੋਂ।*
*ਧ੍ਰਿਤਵੰਤਨ ਕੋਸੋ ਅਧੀਰ ਕਰੋਂ, ਔਰ ਚਾਤਰ ਕੀ ਮਤਿ ਦੂਰ ਨਿਵਾਰੋਂ।"*

ਜਿਹੜੇ ਧੀਰਜਵਾਨ ਮਨੁੱਖ ਹਨ, ਸ਼ਾਂਤਮਈ ਮਨੁੱਖ ਹਨ, ਅਸ਼ਾਂਤ ਕਰ ਦਿਆਂਗਾ, ਜਲਦਬਾਜ਼ ਬਣਾ ਦਿਆਂਗਾ, ਧੀਰਜ ਨਹੀਂ ਹੋਵੇਗਾ, ਜਲਦਬਾਜ਼ੀ, ਕਾਹਲੀ ਤਬੀਅਤ। ਤੁਹਾਨੂੰ ਕਈ ਇਸ ਤਰ੍ਹਾਂ ਦੇ ਮਿਲਣਗੇ, ਬੜੀ ਜਲਦਬਾਜ਼ ਤਬੀਅਤ ਦੇ ਤੇ ਜਲਦਬਾਜ਼ੀ ਵਿਚ ਧਿਆਨ ਗਹਿਰਾ ਨਹੀਂ ਹੁੰਦਾ। ਇਸ ਵਾਸਤੇ ਜਲਦਬਾਜ਼ੀ ਵਿਚ ਕੋਈ ਨਾ ਕੋਈ ਨੁਕਸਾਨ ਹੀ ਹੋਵੇਗਾ। ਭੁੱਲੇਗਾ ਮਨੁੱਖ। ਕਿਉਂਕਿ ਧਿਆਨ ਦੀ ਗਹਿਰਾਈ ਵਾਸਤੇ ਠਹਿਰਾਓ ਚਾਹੀਦਾ ਹੈ, ਧੀਰਜ ਚਾਹੀਦਾ ਹੈ। ਜਲਦਬਾਜ਼ੀ ਵਿਚ ਧਿਆਨ ਗਹਿਰਾ ਨਹੀਂ ਜਾਂਦਾ। ਬਿਲਕੁਲ ਨਹੀਂ ਜਾਂਦਾ ਗਹਿਰਾ।

ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜੋ ਜ਼ਫਰਨਾਮਾ ਲਿਖਿਆ ਹੈ ਔਰੰਗਜ਼ੇਬ ਨੂੰ, ਉਹਦਾ ਵੀ ਇਕ ਬੋਲ ਤੁਹਾਨੂੰ ਸਰਵਣ ਕਰ ਦਿਆਂ। ਮਹਾਰਾਜ ਕਹਿੰਦੇ ਹਨ

*"ਚੇ ਹੁਸ਼ ਗੁਫਤ ਫਿਰਦੋਸੀਏ, ਹੁਸ਼ਤਰ ਜ਼ਬਾ॥"*

ਮੈਂ ਇਸ ਸ਼ੇਅਰ ਤੋਂ ਇਹ ਅੰਦਾਜ਼ਾ ਲਗਾਇਆ ਹੈ ਕਿ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਕਰੀਬਨ-ਤਕਰੀਬਨ ਸਾਰਾ ਸੂਫ਼ੀ ਕਲਾਮ ਦੇਖਿਆ ਹੋਇਆ, ਪੜ੍ਹਿਆ ਹੋਇਆ ਸੀ। ਉਹਨਾਂ ਨੂੰ ਬੋਧ ਸੀ। ਕਹਿੰਦੇ ਹਨ ਐ ਔਰੰਗਜ਼ੇਬ ! ਇਹ ਜਿਹੜਾ "ਫਿਰਦੋਸੀ" ਏ ਕਿਤਨਾ ਬਾਕਮਾਲ ਉਸਨੇ ਲਿਖਿਆ ਹੈ।

ਈਰਾਨ ਦਾ ਇਕ ਮਹਾਨ ਸ਼ਾਇਰ ਤੇ ਸੰਤ ਹੋਇਆ ਹੈ ਫ਼ਿਰਦੋਸੀ। ਈਰਾਨ ਦੇ ਬਾਦਸ਼ਾਹ ਨੇ ਕਿਤੇ ਉਸਨੂੰ ਕਿਹਾ ਸੀ ਕਿ ਤੂੰ ਸੰਸਾਰ ਦਾ ਇਤਿਹਾਸ ਲਿਖਕੇ ਲਿਆ, ਸੰਸਾਰ ਦਾ ਇਤਿਹਾਸ, ਜਿਹੜੀਆਂ ਖ਼ਾਸ-ਖ਼ਾਸ ਘਟਨਾਵਾਂ ਹੋਇਆਂ ਹਨ। ਮੈਂ ਤੈਨੂੰ ਇਕ-ਇਕ ਸ਼ੇਅਰ ਦੇ ਉੱਤੇ ਸੋਨੇ ਦੀਆਂ ਪੰਜ-ਪੰਜ ਮੋਹਰਾਂ ਦਿਆਂਗਾ। ਤੂੰ ਲਿਖ ਕੇ ਲਿਆ। ਉਹਨੇ ਦੋ ਸਾਲ ਲਾਏ ਤੇ ਦਸ ਪੋਥੀਆਂ ਵਿਚ ਸੰਸਾਰ ਦਾ ਇਤਿਹਾਸ ਲਿਖ ਕੇ ਲੈ ਕੇ ਜਾ ਰਿਹਾ ਸੀ। ਦੋ ਪੋਥੀਆਂ ਉਸਨੇ ਚੁੱਕੀਆਂ ਹੋਈਆਂ ਤੇ ਅੱਠ ਪੋਥੀਆਂ ਉਸਦੇ ਸ਼ਗਿਰਦ ਨੇ ਚੁੱਕੀਆਂ ਹੋਈਆਂ ਸਨ। ਬੜਾ ਖ਼ੁਸ਼ ਕਿ ਈਰਾਨ ਦਾ ਬਾਦਸ਼ਾਹ ਵਾਹ-ਵਾਹ ਕਰ ਉਠੇਗਾ। ਇਹ ਦੱਸ ਪੋਥੀਆਂ ਜਦ ਅੱਗੇ ਰੱਖੀਆਂ ਤੇ ਆਖਿਆ ਬਾਦਸ਼ਾਹ ਸਲਾਮਤ ! ਤੁਸੀਂ ਕਿਹਾ ਸੀ, ਸੰਸਾਰ ਦਾ ਇਤਿਹਾਸ ਲਿਖ ਕੇ ਲਿਆਓ, ਲਿਖ ਲਿਆਂਦਾ ਹੈ। ਪਤਾ ਹੈ ਉਸ ਬਾਦਸ਼ਾਹ ਨੇ ਕੀ ਆਖਿਆ? ਐਨਾ ਵੱਡਾ ਪੁਲੰਦਾ, ਇਤਨਾ ਮੇਰੇ ਕੋਲ ਵਕਤ ਨਹੀਂ ਪੜ੍ਹਨ ਵਾਸਤੇ। ਇਹਨੂੰ ਛੋਟਾ ਰੂਪ ਕਰੋ। ਇਹਨੂੰ ਸੰਖੇਪ ਕਰੋ। ਇਹਨੂੰ (ਸ਼ਾਰਟ) ਵਿਚ ਲਿਖੋ।

ਚੋਟ ਬੜੀ ਲੱਗੀ, ਬਿਨਾਂ ਦੇਖਿਆਂ ਬਾਦਸ਼ਾਹ ਨੇ ਇਸ ਤਰ੍ਹਾਂ ਕਹਿ ਦਿੱਤਾ। ਕਿਤਨਾ ਛੋਟਾ ਕਰਾਂ? ਕਮ ਸੇ ਕਮ ਅੱਧਾ ਕਰ। ਦੋ ਸਾਲ ਉਹਨੂੰ ਲੱਗੇ ਸਨ ਲਿਖਣ ਦੇ ਵਿਚ। ਦੋ ਸਾਲ ਲੱਗੇ ਉਹਨੂੰ ਛੋਟਾ ਕਰਨ ਵਿਚ। ਕੀ ਕੱਢਣੇ ਤੇ ਕੀ ਨਹੀਂ ਕਢਣੈ। ਕਹਿੰਦੇ ਹਨ ਚਾਰ ਪੋਥੀਆਂ ਲੈ ਕੇ ਜਦ ਬਾਦਸ਼ਾਹ ਦੇ ਅੱਗੇ ਰੱਖੀਆਂ ਤਾਂ ਉਹਨੇ ਕਹਿ ਦਿੱਤਾ ਇਤਨਾ ਵੀ ਮੈਂ ਨਹੀਂ ਪੜ੍ਹ ਸਕਦਾ। ਐ ਸ਼ਾਇਰ-ਏ-ਆਜ਼ਮ ! ਤੁਹਾਨੂੰ ਪਤਾ ਹੋਣਾ ਚਾਹੀਦਾ ਹੈ, ਅਸੀਂ ਬਾਦਸ਼ਾਹ ਮਸਰੂਫ਼ ਜ਼ਿੰਦਗੀ ਦੇ ਮਾਲਿਕ ਹਾਂ। ਸਾਡੇ ਕੋਲ ਇਤਨਾ ਸਮਾਂ ਕਿੱਥੇ? ਬਹੁਤ ਛੋਟੇ ਰੂਪ ਵਿਚ ਲਿਖ ਕੇ ਲਿਆਉ। ਚੁੱਕ ਤਾਂ ਲਿਆ ਉਸਨੇ ਚਾਰ ਕਿਤਾਬਾਂ ਨੂੰ ਤੇ ਦਿਲ ਨੂੰ ਚੋਟ ਵੀ ਬੜੀ ਲੱਗੀ। ਜ਼ਰੂਰ ਛੋਟਾ ਲਿਖਕੇ ਲਿਆਉ, ਮੈਂ ਪੜ੍ਹਨਾ ਚਾਹੁੰਦਾ ਹਾਂ। ਮੇਰਾ ਸ਼ੌਕ ਹੈ। ਮੈਂ ਜਾਨਣਾ ਚਾਹੁੰਦਾ ਹਾਂ ਸੰਸਾਰ ਵਿਚ ਵਿਸ਼ੇਸ਼ ਕੀ ਹੋਇਆ, ਖ਼ਾਸ ਕਰਕੇ ਵਿਸ਼ੇਸ਼ ਘਟਨਾਵਾਂ ਲਿਖਕੇ ਲਿਆਉ।

ਹੁਣ ਛੋਟਾ ਕਰਨ ਦੇ ਵਿਚ ਤਿੰਨ ਸਾਲ ਹੋਰ ਲੱਗ ਗਏ ਉਸਨੂੰ। ਫਿਰ ਵੀ ਉਸਨੂੰ ਖ਼ਿਆਲ ਸੀ ਕਿ ਬਾਦਸ਼ਾਹ ਕਹੇਗਾ ਹੋਰ ਛੋਟਾ ਕਰੋ। ਇਕ ਪੋਥੀ ਵਿਚ ਕੀਤਾ। ਲੈ ਕੇ ਨਹੀਂ

ਗਿਆ, ਸੋਚਦਾ ਰਿਹਾ ਹੋਰ ਛੋਟਾ ਕਰਾਂ। ਅੱਜ ਕੰਨਾਂ ਵਿਚ ਖ਼ਬਰ ਪਈ, ਬਾਦਸ਼ਾਹ ਬਿਸਤਰ-ਏ-ਮਾਰਗ 'ਤੇ ਹੈ। ਆਖ਼ਰੀ ਦਮਾਂ 'ਤੇ ਹੈ। ਜਾ ਰਿਹੈ। ਸ਼ਾਹੀ ਤਬੀਬਾਂ ਨੇ ਜਵਾਬ ਦੇ ਦਿੱਤਾ ਹੈ। "ਫ਼ਿਰਦੋਸੀ" ਨੂੰ ਵੀ ਗੱਲ ਸੁੱਝੀ। ਸੰਤ ਸੁਭਾਅ ਦਾ ਮਨੁੱਖ ਸੀ, ਫ਼ਕੀਰ ਤਬੀਅਤ ਦਾ ਬੰਦਾ ਸੀ। ਬਾਦਸ਼ਾਹ ਦੇ ਕੋਲ ਚਲਾ ਗਿਆ। ਬਾਦਸ਼ਾਹ ਕਹਿਣ ਲੱਗਾ, "ਫ਼ਿਰਦੋਸੀ ! ਤੂੰ ਬੜੀ ਮਿਹਨਤ ਕੀਤੀ ਹੈ। ਮੈਂ ਸੰਸਾਰ ਦਾ ਇਤਿਹਾਸ ਜਾਨਣਾ ਚਾਹੁੰਦਾ ਸੀ, ਪਰ ਮੈਂ ਇਹ ਹਸਰਤ ਲੈ ਕੇ ਮਰ ਰਿਹਾ ਹਾਂ, ਜਾ ਰਿਹਾ ਹਾਂ। ਪਤਾ ਹੈ ਫ਼ਿਰਦੋਸੀ ਨੇ ਕੀ ਆਖਿਆ, "ਇਹ ਹਸਰਤ ਲੈ ਕੇ ਤੁਹਾਨੂੰ ਜਾਣ ਦੀ ਲੋੜ ਨਹੀਂ। ਤੁਹਾਨੂੰ ਮਰਨ ਤੋਂ ਪਹਿਲਾਂ ਹੀ ਮੈਂ ਦੱਸ ਦਿੰਦਾ ਹਾਂ ਕਿ ਸੰਸਾਰ ਦਾ ਇਤਿਹਾਸ ਕੀ ਏ। ਹੈਂ ! ਮੇਰੇ ਆਖ਼ਰੀ ਦਮ ਨਿਕਲਣ ਤੋਂ ਪਹਿਲਾਂ ਹੀ ਦੱਸ ਦੇਵੇਂਗਾ" ਹਾਂ, ਦੱਸ ਦਿਆਂਗਾ।"

ਸੰਸਾਰ ਦਾ ਇਤਿਹਾਸ ਇਹੀ ਹੈ "ਮਨੁੱਖ ਜੰਮਦੇ ਹਨ, ਕੁਝ ਸਮਾਂ ਦੁੱਖ-ਸੁੱਖ ਦੇ ਵਿਚ ਜੀਉਂਦੇ ਹਨ ਤੇ ਫਿਰ ਇੰਝ ਮਰ ਜਾਂਦੇ ਹਨ, ਜਿਵੇਂ ਤੂੰ ਮਰ ਰਿਹੈਂ। ਬਸ ਇਹੀ ਇਤਿਹਾਸ ਹੈ, ਹੋਰ ਕੋਈ ਇਤਿਹਾਸ ਨਹੀਂ।" ਇਸ ਤਰ੍ਹਾਂ ਮਰ ਜਾਂਦੇ ਹਨ।

ਵਾਕਿਆ ਉਸਦਾ ਦਮ ਵੀ ਨਿਕਲ ਗਿਆ। ਇਹੀ ਇਤਿਹਾਸ ਹੈ। ਜਨਮ ਹੋਇਆ, ਜੀਵਨ ਲੰਘਿਆ ਰੋਂਦਿਆਂ ਪਿਟਦਿਆਂ ਤੇ ਕੁਝ ਹੱਸਦਿਆਂ। ਦੁੱਖ-ਸੁੱਖ ਦੇ ਵਿਚ ਜ਼ਿੰਦਗੀ ਬਤੀਤ ਹੋਈ ਤੇ ਇਕ ਦਿਨ ਅੰਤ ਹੋ ਗਿਆ।

'ਫ਼ਿਰਦੋਸੀ' ਨੂੰ ਅੱਗੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਔਰੰਗਜ਼ੇਬ ਨੂੰ ਸਮਝਾ ਰਹੇ ਹਨ।

*"ਚੇ ਹੁਸ਼ ਗੁਫਤ ਤੋ ਫਿਰਦੋਸੀਏ ਹੁਸ਼ਤਰ ਜ਼ਬਾਂ।"*

ਤੇ ਫ਼ਿਰਦੋਸੀ ਨੇ ਕਿਤਨੀ ਬਾਮਿਸਾਲ ਗੱਲ ਆਖੀ ਹੈ, ਕਿਤਨੀ ਸੋਹਣੀ ਗੱਲ ਆਖੀ ਹੈ-

*"ਚੇ ਹੁਸ਼ ਗੁਫਤ ਤੋ ਫਿਰਦੋਸੀਏ ਹੁਸ਼ਤਰ ਜ਼ਬਾਂ*
*ਕਿ ਜ਼ੂਦੀ ਬਵਦ ਕਾਰੇ ਆਹਿਰ ਮਨਾਂ।"*

ਕਿ ਜਲਦਬਾਜ਼ੀ ਕਰਨਾ ਸ਼ੈਤਾਨਾਂ ਦਾ ਕੰਮ ਹੁੰਦਾ ਹੈ। ਸ਼ੈਤਾਨ ਕੌਣ ਹੁੰਦਾ ਹੈ। ਕਾਹਲੀ ਤਬੀਅਤ ਦਾ ਬੰਦਾ। ਜਲਦਬਾਜ਼। ਜਲਦਬਾਜ਼ ਤੋਂ ਕੁਝ ਵੀ ਠੀਕ ਨਹੀਂ ਹੋਵੇਗਾ। ਕਿਉਂਕਿ ਉਹਦਾ ਧਿਆਨ ਗਹਿਰਾ ਨਹੀਂ ਜਾਵੇਗਾ। ਉਸ ਤੋਂ ਗ਼ਲਤੀਆਂ ਹੋਣਗੀਆਂ।

ਕ੍ਰੋਧ ਨੇ ਕਿਹਾ ਮੋਹ ਰਾਜੇ ਨੂੰ ਕਿ ਹਰੇਕ ਨੂੰ ਜਲਦਬਾਜ਼ ਬਣਾ ਦਿਆਂਗਾ। ਐਸੀ ਕਾਹਲੀ ਤਬੀਅਤ ਉਸਦੀ ਕਰ ਦਿਆਂਗਾ, ਕਿ ਉਹਦਾ ਧਿਆਨ ਜਾਏਗਾ ਹੀ ਨਹੀਂ।

*"ਅੰਧ ਕਰੋਂ ਦ੍ਰਿਗਵੰਤਨ ਕੋ, ਸੁਤਵੰਤਨ ਕੋ, ਬਦਰੋਕਰ ਡਾਰੋਂ।*
*ਦ੍ਰਿਤਵੰਤਨ ਕੋ ਸੋ ਅਧੀਰ ਕਰੋਂ, ਅਰੁ ਚਾਤ੍ਰਕ ਕੀ ਮਤਿ ਦੂਰ ਨਿਵਾਰੋਂ।"*

ਕਿਤਨਾ ਵੀ ਚਲਾਕ ਕਿਉਂ ਨਾ ਹੋਵੇ, ਸਿਆਣਾ ਕਿਉਂ ਨਾ ਹੋਵੇ, ਮੂਰਖ ਬਣਾ ਦਿਆਂਗਾ।

*"ਹਿਤ ਕਾਰਜਿ ਨਾਇ ਪਿਖੈ ਕਬਹੂੰ, ਜਿਨ ਕੇ ਉਰ ਭੀਤਰਿ ਮੈਂ ਪਗੁ ਧਾਰਉਂ॥"*

ਜਿਨ੍ਹਾਂ ਦੇ ਹਿਰਦੇ ਵ੍ਰਿਚ ਮੈਂ ਆਪ ਪੈਰ ਰੱਖ ਦਿਆਂ, ਉਹ ਆਪਣਾ ਵਿਗੜਦਾ ਹੋਇਆ ਕੰਮ ਵੀ ਨਹੀਂ ਦੇਖ ਸਕਣਗੇ। ਨੁਕਸਾਨ ਹੋ ਰਿਹਾ ਹੈ, ਨਾਸ਼ ਹੋ ਰਿਹਾ ਹੈ। ਸਭ ਕੁਝ ਮੇਰਾ ਖ਼ਤਮ ਹੋ ਜਾਏਗਾ। ਉਹ ਇਹ ਵੀ ਨਹੀਂ ਦੇਖਣਗੇ।

*"ਹਿਤ ਕਾਰਜਿ ਨਾਇ ਪਿਖੈ ਕਬਹੂੰ, ਜਿਨਿ ਕੇ ਉਰ ਭੀਤਰਿ ਮੈਂ ਪਗੁ ਧਾਰਉਂ।*
*ਹਿਤ ਆਤਮ ਕੋ ਨਾ ਸੁਨਹਿ ਕਬਹੂੰ, ਪੜਿਓ ਜਿਤਿਨੋ ਖਿਨਿ ਮਾਹਿ ਬਿਸਾਰਉਂ॥"*

ਉਹ ਆਪਣੇ ਜ਼ਮੀਰ ਦੀ ਅਵਾਜ਼ ਵੀ ਨਹੀਂ ਸੁਣ ਸਕਣਗੇ। ਉਹ ਆਪਣੀ ਆਤਮਾ ਦੀ ਅਵਾਜ਼ ਵੀ ਨਹੀਂ ਸੁਣ ਸਕਣਗੇ।

ਜੀਵਨ ਭਰ ਜੋ ਪੜ੍ਹਿਆ, ਦਸ-ਪੰਦਰਾਂ ਸਾਲ ਮਿਹਨਤ ਕਰਕੇ, ਇਕ ਸੈਕਿੰਡ ਵਿਚ ਮੈਂ ਭੁਲਾ ਕੇ ਰੱਖ ਦਿਆਂਗਾ। ਖ਼ਤਮ ਕਰ ਦਿਆਂਗਾ। ਪੰਦਰਾਂ-ਵੀਹ ਸਾਲ ਦੀ ਪੜ੍ਹਾਈ, ਇਕ ਸੈਕਿੰਡ ਵਿਚ ਮੈਂ ਖ਼ਤਮ ਕਰਕੇ ਰੱਖ ਦਿਆਂਗਾ।

*"ਪੜਿੰਓ ਜਿਤਿਨੋ ਖਿਨਿ ਮਾਹਿ ਬਿਸਾਰਉਂ॥"*

ਕ੍ਰੋਧ ਮਾਨਸਿਕ ਰੋਗ ਹੈ। ਕ੍ਰੋਧ ਟਿਕ ਗਿਆ, ਇਕ ਪੱਕਾ ਮਾਨਸਿਕ ਰੋਗੀ ਹੈ। ਕ੍ਰੋਧ ਵਕਤੀ ਤੌਰ 'ਤੇ ਆ ਜਾਂਦੈ, ਇਹ ਉਸ ਵਕਤ ਮਾਨਸਿਕ ਰੋਗੀ ਹੁੰਦੈ। ਸੀਮਾ ਤੋਂ ਵਧੀ ਹੋਈ ਵਾਸ਼ਨਾ ਜਦ ਬੈਲੇਂਸ (Balance) ਵਿਗਾੜ ਦਿੰਦੀ ਏ ਤਾਂ ਮਨੁੱਖ ਕ੍ਰੋਧੀ ਹੋ ਜਾਂਦੈ। ਜੇ ਇਹ ਰੋਗ ਕਿਧਰੇ ਵੱਧ ਜਾਏ ਮਨ ਵਿਚ ਤਾਂ ਸਾਰੇ ਰੋਗ ਪ੍ਰਗਟ ਹੋਣ ਵਾਸਤੇ ਤਨ 'ਤੇ ਆ ਜਾਂਦੇ ਹਨ। ਆਮ ਲੋਕੀਂ ਸਮਝਦੇ ਹਨ ਇਸਦਾ ਤਨ ਰੋਗੀ ਏ। ਨਹੀਂ, ਉਸ ਰੋਗ ਦੀ ਜੜ੍ਹ ਮਨ ਵਿਚ ਹੈ। ਜ਼ਰੂਰੀ ਨਹੀਂ ਇਹ ਜੋ ਰੋਗ ਤਨ 'ਤੇ ਪ੍ਰਗਟ ਹੋਇਆ ਹੈ, ਇਹ ਤਨ ਦਾ ਰੋਗ ਹੋਵੇ। ਉਸ ਰੋਗ ਦੀ ਜੜ੍ਹ ਮਨ ਵਿਚ ਹੈ। ਲੰਬਾ ਚੌੜਾ ਖ਼ੁਲਾਸਾ ਮੈਂ ਨਾ ਕਰਾਂ, ਇਹ ਤੀਸਰਾ ਸਰੀਰ ਹੈ, "ਅਨੰਦਮਈ ਕੋਸ਼", ਪ੍ਰਾਣਮਈ ਕੋਸ਼", "ਮਨਮਈ ਕੋਸ਼", ਚੌਥਾ ਸਰੀਰ ਮੰਨਦੇ ਹਨ "ਵਿਗਿਆਨ ਮਈ ਕੋਸ਼"। ਬੜੀਆਂ ਸ਼ਕਤੀਆਂ ਪਈਆਂ ਹਨ। ਇਹ ਪ੍ਰਾਪਤ ਕਿਵੇਂ ਹੁੰਦੀਆਂ ਹਨ ? ਜਦ ਕਿਸੇ ਦੇ ਮਨ ਵਿਚ ਬੜੀ ਪ੍ਰਬਲ ਇਕਾਗਰਤਾ ਆ ਜਾਂਦੀ ਹੈ। ਸ਼ਾਂਤੀ ਆ ਜਾਂਦੀ ਹੈ, ਸਕੂਨ ਆ ਜਾਂਦਾ ਹੈ। ਇਹ ਸ਼ਕਤੀਆਂ ਪ੍ਰਗਟ ਹੋਣ ਲੱਗ ਜਾਂਦੀਆਂ ਹਨ। ਜੋ ਬੋਲਦਾ ਹੈ, ਹੋ ਜਾਂਦਾ ਹੈ। ਐਸੀਆਂ-ਐਸੀਆਂ ਸ਼ਕਤੀਆਂ ਗੁਰਬਾਣੀ ਵਿਚ ਉਨ੍ਹਾਂ ਦਾ ਜ਼ਿਕਰ ਹੈ-

*"ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ॥*
*ਗਛੇਣ ਨੈਣ ਭਾਰਣ ਨਾਨਕ, ਬਿਨਾ ਸਾਧੂ ਨ ਸਿਧ੍ਯਤੇ॥"*

(ਅੰਗ ੧੩੬੦)

ਪਰਮਾਣੂ ਅਣੂ ਹੁਣ ਦਿਖਾਈ ਤੇ ਨਹੀਂ ਦਿੰਦਾ। ਉਹ ਮਨੁੱਖ ਪਰਮਾਣੂ ਜਿਤਨਾ ਬਰੀਕ ਹੋ ਸਕਦਾ ਹੈ ਜੇਕਰ ਉਹ ਸਿਧਿ ਹੈ ਅਤੇ ਬੜਾ ਭਾਰਾ ਹੋ ਸਕਦੈ, ਹਾਥੀ ਜੈਸਾ ਸਰੀਰ ਵੀ ਉਸਦਾ ਹੋ ਸਕਦੈ। "ਛਿਨ ਮਾਤਰ"। ਸਿੱਧੀ ਨਾਲ ਐਸਾ ਕਰ ਸਕਦੈ। ਅਣੂਵਾਂ, ਲਘੂਵਾਂ ਆਪਣੇ ਆਪ ਨੂੰ ਕਰ ਸਕਦੈ। ਗੁਪਤ ਕਰ ਸਕਦੈ। ਪ੍ਰਗਟ ਕਰ ਸਕਦੈ। ਅਚਨਚੇਤ ਪ੍ਰਗਟ ਹੋ ਜਾਣਾ, ਅਚਨਚੇਤ ਗੁਪਤ ਹੋ ਜਾਣਾ।

ਸ਼ਾਇਦ ਮੈਂ ਆਪ ਨੂੰ ਦੱਸਿਆ ਹੈ ਕਿ ਨਹੀਂ, ਸੰਤ ਕਰਤਾਰ ਸਿੰਘ ਜੀ ਦਾ ਡੇਰਾਂ ਹੈ। ਹੁਣ ਤੇ ਸੰਤ ਜੀ ਨਹੀਂ ਰਹੇ। ਡੇਰਾ ਹੈ ਕਪੂਰਥਲੇ ਤੋਂ ਪੰਦਰਾਂ ਵੀਹ ਕਿਲੋਮੀਟਰ ਦੀ ਦੂਰੀ 'ਤੇ "ਠੱਠਾ ਡੇਰਾ"। ਉਥੇ ਬਰਸੀ ਦਾ ਸਮਾਗਮ ਸਮਾਪਤ ਕਰਕੇ ਜਾਣ ਲੱਗੇ ਅਸੀਂ ਜੰਮੂ ਨੂੰ। ਸ਼ਾਇਦ ਇਹ ਜੰਮੂ ਵਾਲੇ ਗੁਰਸਿੱਖ ਵੀ ਸਨ, ਗਿਆਨ ਅਨੂਪ ਸਿੰਘ ਵੀ ਸਨ।

ਇਕ ਬਜ਼ੁਰਗ ਜੋ ਮੈਂ ਉਥੇ ਬੋਹੜ ਦੇ ਦਰੱਖ਼ਤ ਦੇ ਥੱਲੇ ਕਈ ਦਿਨਾਂ ਦਾ ਬੈਠਾ ਹੋਇਆ ਦੇਖਿਆ ਤੇ ਮੈਂ ਇਹ ਸੰਤ ਕਰਤਾਰ ਸਿੰਘ ਨੂੰ ਕਹਿ ਬੈਠਾ, ਬਈ ਇਹ ਥੱਲੇ ਤਾਂ ਆਉਂਦਾ ਨਹੀਂ ਲੰਗਰ ਛੱਕਣੰ ਵਾਸਤੇ, ਇਹਨੂੰ ਉੱਪਰ ਲੰਗਰ ਭਿਜਵਾ ਦੇਈਏ? ਮੈਨੂੰ ਕਹਿਣ ਲੱਗੇ ਤੁਸੀਂ ਭਿਜਵਾ ਕੇ ਵੇਖ ਲਵੋ, ਖਾਂਦਾ ਨਹੀਂ ਹੈ। ਮੈਂ ਗਿਆਨੀ ਜੀ ਦੇ ਰਾਹੀਂ ਭਿਜਵਾਇਆ, ਉਹ ਕਹਿਣ ਲੱਗੇ ਕਿ ਲੋੜ ਨਹੀਂ, ਜਦ ਲੋੜ ਹੋਏਗੀ ਮੈਂ ਆਪੇ ਥੱਲੇ ਆ ਜਾਵਾਂਗਾ।

ਰੱਬ ਦੀ ਨੀਤ ਸੀ ਗੱਡੀ ਵਿਚ ਬੈਠੇ ਤੇ ਜਿਉਂ ਜੰਮੂ ਜਾਣ ਲਈ ਸਵੇਰੇ ਤਿਆਰ ਹੋਏ ਤਾਂ ਸੰਤ ਕਰਤਾਰ ਸਿੰਘ ਜੀ ਹੋਰਾਂ ਨੇ ਲੰਗਰ ਸਾਨੂੰ ਨਾਲ ਬਣਾ ਕੇ ਦੇ ਦਿੱਤਾ, ਬਈ ਦਿਨ ਭਰ ਦਾ ਸਫ਼ਰ ਹੈ। ਰਸਤੇ ਵਿਚ ਛਕ ਲੈਣਾ। ਉਹ ਬਾਬਾ ਗੱਡੀ ਦੇ ਅੱਗੇ ਖੜਾ ਹੋ ਗਿਆ। ਭੱਜ ਕੇ ਆਇਆ ਤੇ ਮੈਨੂੰ ਕਹਿਣ ਲੱਗਾ "ਮਸਕੀਨ ਜੀ ! ਮੈਂ ਵੀ ਨਾਲ ਜਾਣੈ।" ਮੈਂ ਕਿਹਾ, "ਤਿੰਨ ਬੰਦੇ ਅਸੀਂ ਅੱਗੇ ਬੈਠੇ ਹਾਂ ਤੇ ਚਾਰ ਪਿੱਛੇ। ਹਾਲਾਂਕਿ ਤਿੰਨ ਦੀ ਜਗ੍ਹਾ ਬੜੀ ਮੁਸ਼ਕਲ ਨਾਲ ਹੈ। ਪੰਜਾਂ ਦੀ ਇਹ ਗੱਡੀ ਹੈ ਤੇ ਸੱਤ ਬੰਦੇ ਬੈਠੇ ਹਾਂ। ਹੁਣ ਦੱਸੋ ਤੁਹਾਨੂੰ ਕਿੱਥੇ ਬਿਠਾਈਏ? ਮਜਬੂਰੀ ਏ।" ਮੈਂ ਮਾਇਆ ਜੇਬ 'ਚੋਂ ਕੱਢੀ ਤੇ ਆਖਿਆ, "ਬਸ ਵਿਚ ਆ ਜਾਉ।" ਉਹ ਜੇਬ 'ਚੋਂ ਬਹੁਤ ਸਾਰੀ ਮਾਇਆ ਕੱਢ ਕੇ ਮੈਨੂੰ ਕਹਿਣ ਲੱਗੇ, "ਬਸ ਵਿਚ ਤਾਂ ਮੈਂ ਵੀ ਜਾ ਸਕਦਾ ਹਾਂ ਪਰ ਮੈਂ ਨਾਲ ਜਾਣਾ ਹੈ।" ਮੈਂ ਆਖਾਂ ਹੁਣ ਮੇਰੀ ਆਦਤ ਨਹੀਂ ਮੈਂ ਕਿਸੇ ਨੂੰ ਨਾਂਹ ਆਖਾਂ। ਜਿੰਨੇ ਬੈਠੇ ਹਨ ਮੇਰੇ ਸਾਥੀ ਹਨ। ਨਾਲ ਚਲਦੇ ਹਨ। ਮੈਂ ਕਿਹਨੂੰ ਉਤਾਰਾਂ? ਕਹਿਣ ਲੱਗਾ ਕਿ ਇਹ ਹੁਣ ਤੁਸੀਂ ਫ਼ੈਸਲਾ ਕਰੋ, ਤੁਸੀਂ ਕਿਸੇ ਨੂੰ ਉਤਾਰ ਨਹੀਂ ਸਕਦੇ ਤੇ ਮੈਂ ਜਾਣਾ ਤੁਹਾਡੇ ਨਾਲ ਹੈ। ਮੈਂ ਕਿਹਾ ਜਗ੍ਹਾ ਕਿਧਰੇ ਦਿਖਾਈ ਦਿੰਦੇ ਏ ਤਾਂ ਬੈਠ ਜਾਉ। ਕਹਿਣ ਲਗਾ ਕਿ ਜਗ੍ਹਾ ਤਾਂ ਨਹੀਂ ਦਿਖਾਈ ਦਿੰਦੀ, ਜਗ੍ਹਾ ਤੂੰ ਬਣਾ। ਮੈਂ ਕਿਹਾ, ਮੈਂ ਕਿਸ ਤਰ੍ਹਾਂ ਬਣਾਵਾਂ? ਮੈਂ ਕਿਹਾ, ਫਿਰ ਮੈਂ ਹੀ ਰਹਿ ਜਾਂਦਾ ਹਾਂ ਪਰ ਕਹਿੰਦਾ ਹੈ ਕਿ ਨਹੀਂ, ਮੈਂ ਜਾਣਾ ਜੋ ਤੁਹਾਡੇ ਨਾਲ ਹੈ।

ਗਿਆਨੀ ਅਜੀਤ ਸਿੰਘ ਜੋ ਡਰਾਈਵਰ ਸਨ, ਕਾਹਲੀ ਤਬੀਅਤ ਦੇ। ਇਕਦਮ ਕ੍ਰੋਧ

ਵਿਚ ਆ ਜਾਂਦੇ ਸਨ। ਮੈਨੂੰ ਕਹਿਣ ਲੱਗੇ ਕਿ ਪਾਗ਼ਲ ਹੈ। ਗੱਡੀ ਸਟਾਰਟ (Start) ਕਰ ਲਈ, ਚਲਾ ਲਈ, ਇਹ ਤਾਂ ਪਗਲਾ ਹੈ। ਮਕੇਰੀਆਂ ਦੇ ਕੋਲ ਪਹੁੰਚੇ। ਤੇ ਸੰਤ ਮਥਰਾ ਸਿੰਘ ਨਾਲ ਸਨ, ਕਹਿਣ ਲੱਗੇ, ਗਿਆਨੀ ਜੀ, ਲੰਗਰ ਨਾਲ ਲਿਆਂਦਾ ਹੋਇਐ, ਛੱਕ ਲਈਏ, ਭੁੱਖ ਲੱਗੀ ਹੋਈ ਏ। ਮੈਂ ਕਿਹਾ, 'ਠੀਕ ਹੈ। ਗੇੜਵਾਂ ਖੂਹ ਚੱਲ ਰਿਹਾ ਸੀ, ਜਿਸਨੂੰ ਹਲਟ ਕਹਿੰਦੇ ਹਨ, ਦੋ ਬੈਲ ਚਲਾਂਦੇ ਹਨ, ਉਹਨੂੰ ਗੇੜਵਾਂ ਖੂਹ ਕਹਿੰਦੇ ਹਨ। "ਹਲਟ" ਕਹਿੰਦੇ ਹਨ। ਗੁਰਬਾਣੀ ਵਿਚ ਵੀ ਉਸਦਾ ਜ਼ਿਕਰ ਹੈ-

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥'*

(ਅੰਗ ੧੪੨੦)

ਉਹ ਪਾਣੀ ਦੇਖਕੇ, ਟਾਹਲੀਆਂ ਦੀ ਠੰਡੀ ਛਾਂ ਦੇਖ ਕੇ ਸੰਤ ਜੀ ਮੈਨੂੰ ਕਹਿਣ ਲੱਗੇ, ਏਥੇ ਹੀ ਬੈਠ ਜਾਂਦੇ ਹਾਂ। ਚਾਦਰ ਵਿਛਾ ਕੇ ਬੈਠ ਗਏ। ਭੋਜਨ ਜਿਉਂ ਕਢਿਆ ਉਹ ਬਾਬਾ ਕੋਲ ਆਣ ਬੈਠਿਆ ਤੇ ਸਾਰੇ ਡਰ ਗਏ। ਕਹਿੰਦੇ ਕਿ ਮਸਕੀਨ ਜੀ, ਇਹਨੂੰ ਤੇ ਉਥੇ ਛਡ ਆਏ ਸੀ। ਮੈਂ ਕਿਹਾ, "ਬਾਬਾ ਜੀ ਤੁਸੀਂ ?"

ਕਹਿਣ ਲੱਗੇ, "ਜਦ ਕਹਿ ਦਿੱਤਾ ਕਿ ਨਾਲ ਜਾਣਾ ਹੈ, ਫਿਰ ਤੂੰ ਮੰਨਦਾ ਹੀ ਨਹੀਂ। ਨਾਲ ਜਾਣੈ, ਜੰਮੂ ਤੇਰੇ ਨਾਲ ਜਾਣੈ। ਅੱਗੇ ਸ੍ਰੀਨਗਰ ਤੱਕ ਤੇਰੇ ਨਾਲ ਜਾਣੈ।" ਮਥਰਾ ਸਿੰਘ ਜੀ ਮੈਨੂੰ ਕਹਿਣ ਲੱਗੇ, ਇਹ ਸਿੱਧ ਪੁਰਸ਼ ਲਗਦਾ ਏ, ਪ੍ਰਗਟ ਹੋ ਗਿਆ ਏ। ਇਹ ਫਿਰ ਗੁਪਤ ਰੂਪ ਦੇ ਵਿਚ ਨਾਲ ਜਾਏਗਾ। ਸੰਤ ਕਰਤਾਰ ਸਿੰਘ ਕੋਲ ਜਦ ਮੈਂ ਪਟਨਾ ਸਾਹਿਬ ਅਸੀਂ ਇਕੱਠੇ ਹੋਏ ਪੋਹ ਸੁਦੀ ਸੱਤਵੀਂ 'ਤੇ ਤਾਂ ਕਹਿਣ ਲੱਗੇ, ਹਾਂ ਉਹ ਸਿਧ ਪੁਰਸ਼ ਹੈ। ਮਹੀਨਾ-ਮਹੀਨਾ, ਦੋ-ਦੋ ਮਹੀਨੇ ਖਾਂਦਾ ਹੀ ਨਹੀਂ, ਜਦੋਂ ਆਂਵਦਾ ਹੈ ਤੇ ਫਿਰ ਇਕੋ ਹੀ ਦਫ਼ਾ ਸਭ ਕੁਛ ਛਕਦਾ ਹੈ। ਕਹਿੰਦਾ ਹੈ ਔਹ ਵੀ ਦਿਉ, ਔਹ ਵੀ ਲਿਆਉ, ਔਹ ਵੀ ਲਿਆਉ, ਇਹ ਸਿੱਧ ਪੁਰਸ਼ ਹੁੰਦੇ ਹਨ। ਗੁਪਤ ਹੋ ਜਾਣਾ, ਪ੍ਰਗਟ ਹੋ ਜਾਣਾ, ਛੋਟੇ ਹੋ ਜਾਣਾ, ਵੱਡੇ ਹੋ ਜਾਣਾ, ਵਾਕਸਤਿਆ ਵੀ ਇਨ੍ਹਾਂ ਕੋਲ ਹੁੰਦੀ ਏ। ਬਾਰੀਕ ਇਤਨੇ ਹੋ ਜਾਂਦੇ ਹਨ, ਸਾਹਿਬ ਕਹਿੰਦੇ ਹਨ—

*ਪਰਮਾਣੋ ਪਰਜੰਤ ਅਕਾਸਹ ਦੀਪ ਲੋਅ ਸਿਖੰਡਣਹ।*
*ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਯਤੇ॥*

(ਅੰਗ ੧੩੬੦)

ਮਹਾਰਾਜ ਕਹਿੰਦੇ ਹਨ, ਬਿਨਾਂ ਗੁਰੂ ਦੀ ਸੰਗਤ ਤੋਂ, ਬਿਨਾਂ ਸਤਿਸੰਗ ਤੋਂ, ਬਿਨਾਂ ਨਾਮ ਵਿਚ ਸੁਰਤ ਜੋੜਿਆਂ, ਅਗਰ ਸਿਧ ਵੀ ਹੋ ਗਿਆ, ਮੁਕਤ ਨਹੀਂ ਹੋਏਗਾ, ਮੁਕਤ ਨਹੀਂ ਹੋਏਗਾ। ਸਿਧ ਬਣ ਗਿਆ। ਸਿਧੀਆਂ ਮਿਲ ਗਈਆਂ ਹਨ। ਕਈ ਦਫ਼ਾ ਜਿਹੜੇ ਨਾਮ ਜਪਣ ਵਾਲੇ ਹਨ, ਨਾਮ ਅਭਿਆਸੀ ਹਨ, ਉਨ੍ਹਾਂ ਕੋਲ ਸਿਧੀਆਂ ਆਉਂਦੀਆਂ ਹਨ, ਉਨ੍ਹਾਂ ਨੂੰ ਪਤਾ ਨਹੀਂ ਹੁੰਦਾ। ਪਤਾ ਕਿਸੇ ਵਕਤ ਉਸ ਦਿਨ ਲੱਗਦਾ ਸੀ ਕਿ ਜਦ ਮੂੰਹੋਂ ਕੁਝ ਬੋਲਦੇ ਹਨ

ਤੇ ਹੋ ਜਾਂਦੈ, ਫਿਰ ਉਨ੍ਹਾਂ ਨੂੰ ਖ਼ਿਆਲ ਆ ਜਾਂਦੈ ਕਿ ਲੈ, ਇਹ ਵਾਕ ਸਿੱਧੀ ਹੋ ਗਈ। ਇਹ ਸ਼ਬਦ ਸਿਧੀ ਆ ਗਈ। ਇਹ ਵੀ ਮੈਂ ਅਰਜ਼ ਕਰ ਦਿਆਂ। ਇਹ ਵਿਗਿਆਨ ਮਈ ਕੋਸ਼ ਹੈ। ਚੌਥਾ ਸਰੀਰ ਹੈ।

ਪੰਜਵਾਂ ਸਰੀਰ ਹੈ "ਅਨੰਦਮਈ ਕੋਸ਼"। ਸਿਰਫ਼ ਪ੍ਰਭੂ ਦੀ ਯਾਦ ਹੀ ਉਸਦਾ ਭੋਜਨ ਹੈ। ਹੋਰ ਕੋਈ ਭੋਜਨ ਨਹੀਂ। ਅੰਨ ਮਈ ਕੋਸ਼, ਪ੍ਰਾਣਮਈ ਕੋਸ਼, ਮਨਮਈ ਕੋਸ਼, ਵਿਗਿਆਨ ਮਈ ਕੋਸ਼, ਅਨੰਦਮਈ ਕੋਸ਼।

ਅੱਜ ਦੇ ਯੁੱਗ ਵਿਚ ਵਿਦਵਾਨ ਕਹਿੰਦੇ ਹਨ ਮਨੁੱਖ ਦਾ ਜਿਤਨਾ ਮਨਮਈ ਕੋਸ਼ ਰੋਗੀ ਹੈ, ਭਿਅੰਕਰ ਰੋਗੀ ਹੈ। ਪਹਿਲੇ ਨਹੀਂ ਸੀ, ਪਹਿਲੇ ਨਹੀਂ ਸੀ। ਕਿਉਂਕਿ ਮਨ ਨੂੰ ਵਿਚਾਰ ਚੰਗੀ ਨਹੀਂ ਮਿਲਦੀ। ਹੁਣ ਗੰਦਾ ਸਾਹਿਤ ਪੜ੍ਹ ਰਿਹਾ ਹੈ। ਹਰ ਵਕਤ ਗੰਦੀ ਸੋਚਣੀ। ਲੋਭ ਬੜਾ ਪ੍ਰਧਾਨ ਹੈ ਤੇ ਜਦ ਉਸਦੀ ਪੂਰਤੀ ਨਹੀਂ ਹੁੰਦੀ ਤਾਂ ਕ੍ਰੋਧ ਬੜਾ ਪ੍ਰਧਾਨ ਹੋ ਜਾਂਦੈ। ਮਾਨਸਿਕ ਰੋਗ ਵਧਦੇ ਜਾ ਰਹੇ ਹਨ, ਵਧਦੇ ਜਾ ਰਹੇ ਹਨ। ਸੰਸਾਰ ਵਿਚ ਵਧਦੇ ਜਾ ਰਹੇ ਹਨ, ਬਹੁਤ ਵਧਦੇ ਜਾ ਰਹੇ ਹਨ।

"ਪੰਜ ਤੱਤਾਂ" ਦਾ ਇਹ ਪੁਤਲਾ ਹੈ "ਪੰਜ ਕੋਸ਼" ਹਨ, ਪੰਜ ਸਰੀਰਾਂ ਦਾ ਇਹ ਪੁਤਲਾ ਹੈ। ਹੁਣ ਮੈਂ ਅਰਜ਼ ਕਰਾਂ "ਗਿਆਨ-ਇੰਦਰੇ" ਵੀ ਪੰਜ ਹਨ। ਸਾਨੂੰ ਪੰਜ ਤਰ੍ਹਾਂ ਦਾ ਹੀ ਗਿਆਨ ਮਿਲਦਾ ਹੈ। ਕੁਝ ਵੇਖ ਕੇ, ਕੁਝ ਸੁਣ ਕੇ, ਕੁਝ ਸੁੰਘ ਕੇ, ਕੁਝ ਚੱਖ ਕੇ, ਕੁਝ ਸਪਰਸ਼ ਕਰਕੇ। ਪਤਾ ਚਲਦਾ ਹੈ ਕੋਮਲ ਹੈ, ਸਖ਼ਤ ਹੈ, ਗਰਮ ਹੈ, ਠੰਡਾ ਹੈ, ਸਪਰਸ਼ ਨਾਲ।

ਗਿਆਨ-ਇੰਦਰੇ ਵੀ ਪੰਜ ਹਨ, ਕਰਮ-ਇੰਦਰੇ ਵੀ ਪੰਜ ਹਨ, ਸਰੀਰ ਵੀ ਪੰਜ ਹਨ। ਇਸ ਸਰੀਰ ਦੇ ਮੂਲ ਵਿਕਾਰ ਵੀ ਪੰਜ ਹਨ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। ਇਸ ਪੰਜ ਤੱਤ ਦੇ ਪੁਤਲੇ, ਇਸ ਪੰਜ ਸਰੀਰ ਦੇ ਮੁਜੱਸਮੇ, ਇਸ ਪੰਜ ਵਿਕਾਰਾਂ ਦੀ ਮੂਰਤੀ ਦੀ ਝੋਲੀ ਵਿਚ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਨਿਤਨੇਮ ਵਾਸਤੇ ਪੰਜ ਬਾਣੀਆਂ ਪਾਈਆਂ ਸਨ। ਇਹ ਅਧਿਆਤਮਿਕ ਮੰਡਲ ਦੀਆਂ ਸਟੇਜਾਂ ਹਨ। ਇਹ ਪੜਾਓ ਹਨ, ਵੱਖ-ਵੱਖ ਪੜਾਓ ਹਨ ਅਤੇ ਇਸ ਉੱਤੇ ਚਲਕੇ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਦੇ ਅਨੁਕੂਲ ਕਰਦਾ ਹੈ। ਤੇ ਜਿਵੇਂ ਹੀ ਪ੍ਰਮਾਤਮਾ ਦੇ ਅਨੁਕੂਲ ਕਰਦਾ ਹੈ, ਪ੍ਰਮਾਤਮਾ ਹੋ ਜਾਂਦਾ ਹੈ। ਇਹ ਪੜਾਵ, ਇਨ੍ਹਾਂ ਦੇ ਵਿਚਾਰ ਮੈਂ ਤੁਹਾਡੇ ਸਾਮ੍ਹਣੇ ਕੱਲ ਰੱਖਣ ਦੀ ਨਿਮਾਣੀ ਕੋਸ਼ਿਸ਼ ਕਰਾਂਗਾ। ਕਿਉਂਕਿ ਅੱਜ ਸਕੂਲ ਵਿਚ ਪ੍ਰੋਗਰਾਮ ਰੱਖਿਆ ਗਿਆ ਹੈ, ਆਪ ਸਾਰਿਆਂ ਨੇ ਉਥੇ ਪਹੁੰਚਣਾ ਹੈ। ਕੀਰਤਨ ਕਥਾ ਉਥੇ ਵੀ ਹੋਣੀ ਹੈ। ਹੋਰ ਵੀ ਉਥੋਂ ਦੇ ਬੱਚਿਆਂ ਨੇ ਵੀ ਕੀਰਤਨ ਵੀਚਾਰਾਂ ਆਪ ਨੂੰ ਸਰਵਣ ਕਰਾਉਣੀਆਂ ਹਨ। ਮੈਂ ਕੱਲ ਲੰਘਿਆ ਸੀ, ਵਾਕਈ ਬਿਲਡਿੰਗ ਬੜੀ ਖ਼ੂਬਸੂਰਤ ਬਣੀ ਹੈ। ਇਕ ਬੜਾ ਵੱਡਾ ਉਦਮ ਹੈ ਕਿ ਆਪਣੀ ਪਨੀਰੀ ਦੀ ਤੁਸਾਂ ਸੰਭਾਲ ਕੀਤੀ ਹੈ। ਤੁਸੀਂ ਸਾਰਿਆਂ ਨੇ ਹੀ ਉਥੇ ਪਹੁੰਚਣਾ ਹੈ।

ਦਾਸ ਉਥੇ ਗੁਰਬਾਣੀ ਵਿਚਾਰ ਆਪ ਨੂੰ ਸਰਵਣ ਕਰਾਏਗਾ। ਇਥੇ ਜੋ ਪਰਿਕਰਮ ਆਰੰਭ ਹੈ, ਪਦਾਰਥ ਨੂੰ ਆਪਣੇ ਅਨੁਕੂਲ ਕਰੀਏ, ਤਨ ਨੂੰ ਸੁੱਖ ਮਿਲਦਾ ਹੈ। ਮਨ ਨੂੰ ਪਰਮਾਤਮਾ ਦੇ ਅਨੁਕੂਲ ਕਰੀਏ, ਅਨੰਦ ਮਿਲਦਾ ਹੈ। ਅਨੰਦ ਮਿਲ ਹੀ ਨਹੀਂ ਸਕਦਾ ਜੇਕਰ ਮਨ ਪਰਮਾਤਮਾ ਦੇ ਅਨੁਕੂਲ ਨਹੀਂ ਹੈ। ਸੁੱਖ ਲੈ ਹੀ ਨਹੀਂ ਸਕਦੇ ਜੇਕਰ ਪਦਾਰਥ ਨੂੰ ਆਪਣੇ ਅਨੁਕੂਲ ਨਹੀਂ ਕੀਤਾ। ਇਹ ਖੁਲਾਸਾ ਬਾਕੀ ਤੁਹਾਡੇ ਸਾਮ੍ਹਣੇ ਕੱਲ। ਕਾਫ਼ੀ ਸਮਾਂ ਹੋ ਗਿਐ, ਭੁੱਲਾਂ ਚੁੱਕਾਂ ਦੀ ਮੁਆਫ਼ੀ। ਫਤਹਿ ਪ੍ਰਵਾਨ ਕਰਨੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

# ਸੁਪਨੇ ਸੇਤੀ ਚਿਤੁ ਮੂਰਖਿ ਲਾਇਆ

ਸਲੋਕ

*ਅਨਿਕ ਲੀਲਾ ਰਾਜ ਰਸ ਰੂਪੰ ਛਤ੍ਰ ਚਮਰ ਤਖਤ ਆਸਨੰ॥*
*ਰਚੰਤਿ ਮੂੜ ਅਗਿਆਨ ਅੰਧਹ ਨਾਨਕ ਸੁਪਨ ਮਨੋਰਥ ਮਾਇਆ॥ ੧॥*
*ਸੁਪਨੈ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ॥*
*ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ॥ ੨॥*
*ਪਉੜੀ॥ ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥*
*ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ॥*
*ਆਰਜਾ ਗਈ ਵਿਹਾਇ ਧੰਧੈ ਧਾਇਆ॥*
*ਪੂਰਨ ਭਏ ਨ ਕਾਮ ਮੋਹਿਆ ਮਾਇਆ॥*
*ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ॥ ੮॥*

(ਅੰਗ ੭੦੭)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਇਸ ਸ਼ਬਦ ਦੇ ਅਰਥ ਮੈਂ ਆਰੰਭ ਕਰਾਂਗਾ ਸਤਿਗੁਰਾਂ ਦੀ ਬਾਣੀ ਦੇ ਇਕ ਵਾਕ ਤੋਂ

*ਜਾਗਤੁ ਸੋਇਆ ਜਨਮੁ ਗਵਾਇਆ॥*

(ਅੰਗ ੭੬੨)

ਮਨੁੱਖ ਜਾਗਿਆ ਹੋਇਆ ਸੁੱਤਾ ਹੋਇਆ ਹੈ। ਪ੍ਰਸ਼ਨ ਖੜਾ ਹੋਵੇਗਾ ਕਿ ਜੋ ਜਾਗਿਆ ਹੋਇਆ ਹੈ, ਉਹ ਜਾਗਿਆ ਹੋਇਆ ਹੈ ਅਤੇ ਜੋ ਸੁੱਤਾ ਹੋਇਆ ਹੈ, ਉਹ ਸੁੱਤਾ ਹੋਇਆ ਹੈ, ਪਰ ਮਹਾਰਾਜ ਕਹਿੰਦੇ ਹਨ ਕਿ ਮਨੁੱਖ ਜਾਗਿਆ ਹੋਇਆ ਸੁੱਤਾ ਹੋਇਆ ਹੈ। ਇਸ ਅਵਸਥਾ ਨੂੰ ਪ੍ਰਾਚੀਨ ਰਿਸ਼ੀਆਂ ਮੁਨੀਆਂ ਨੇ ਸ਼ਬਦ ਦਿੱਤਾ ਹੈ ਅਰਧ ਚੇਤਨ—ਅੱਧਾ ਜਾਗਿਆ, ਅੱਧਾ ਸੁੱਤਾ, ਇਸ ਲਈ ਅਧੂਰਾ ਹੈ। ਜਾਗਿਆ ਹੈ ਧਨ ਦੇ ਪ੍ਰਤੀ, ਸੁੱਤਾ ਹੈ ਧਰਮ ਦੇ ਪ੍ਰਤੀ। ਜਾਗਿਆ ਹੈ ਪਾਦਰਥਾਂ ਦੇ ਪ੍ਰਤੀ, ਸੁੱਤਾ ਹੈ ਪ੍ਰਮਾਤਮਾ ਦੇ ਪ੍ਰਤੀ। ਜਾਗਿਆ ਹੈ ਪਰਿਵਾਰ ਦੇ ਪ੍ਰਤੀ, ਸੁੱਤਾ ਹੋਇਆ ਹੈ ਨਿਰੰਕਾਰ ਦੇ ਪ੍ਰਤੀ। ਜੇ ਇਹ ਸੁੱਤਾ ਹੋਇਆ ਮਨੁੱਖ ਪਾਠ ਵੀ ਕਰੇ,

ਪੂਜਾ ਵੀ ਕਰੇ, ਕਥਾ ਵੀ ਕਰੇ, ਕੀਰਤਨ ਵੀ ਕਰੇ, ਸਾਰੇ ਧਾਰਮਿਕ ਕਰਮ ਵੀ ਕਰੇ, ਉਸ ਸੁੱਤੇ ਹੋਏ ਦੇ ਸਾਰੇ ਕਰਮ ਵੀ ਸੰਸਾਰੀ ਹੋ ਜਾਣਗੇ, ਕਿਉਂਕਿ ਅਜੇ ਇਹ ਪ੍ਰਮਾਤਮਾ ਦੇ ਪ੍ਰਤੀ ਜਾਗਿਆ ਨਹੀਂ ਤਾਂ ਪ੍ਰਮਾਤਮਾ ਦੇ ਪ੍ਰਤੀ ਕਰਮ ਖ਼ਾਕ ਕਰੇਗਾ।

ਸੁੱਤੇ ਹੋਏ ਮਨੁੱਖ ਧਰਮ ਦੇ ਮੰਦਿਰ ਬਣਾ ਰਹੇ ਹਨ, ਕਿਉਂਕਿ ਸੁੱਤੇ ਹੋਏ ਹਨ। ਉਹਨਾਂ ਬਣਾਏ ਹੋਏ ਮੰਦਿਰਾਂ 'ਤੇ ਲੜਨਗੇ, ਗੋਲੀਆਂ ਵੀ ਚੱਲਣਗੀਆਂ। ਜੇਕਰ ਹਰ ਮਨੁੱਖ 20-30 ਸਾਲ ਤੋਂ ਧਾਰਮਿਕ ਕਰਮ ਕਰ ਰਿਹਾ ਹੈ ਤੇ ਅਜੇ ਤੱਕ ਪ੍ਰਮਾਤਮਾ ਦੀ ਝਲਕ ਨਹੀਂ ਮਿਲੀ, ਕੁਝ ਰਸ ਨਹੀਂ ਬਣਿਆ ਤਾਂ ਫਿਰ ਕੋਈ ਕਰਮ ਧਾਰਮਿਕ ਨਹੀਂ ਹੋਇਆ, ਸਭ ਸੰਸਾਰੀ ਹੋਏ ਹਨ। ਕੀ ਪ੍ਰਮਾਤਮਾ ਨੂੰ ਮਿਲਣ ਲਈ 30-40 ਸਾਲ ਲੱਗ ਜਾਂਦੇ ਹਨ? ਕਈ ਜਨਮ ਲੱਗ ਜਾਂਦੇ ਹਨ? ਨਹੀਂ, ਇਕ ਸੈਕਿੰਡ ਵਿਚ ਮਿਲ ਜਾਂਦਾ ਹੈ-

*ਇਕ ਚਿਤਿ ਇਕ ਮਨਿ ਧਿਆਇ ਸੁਆਮੀ ਲਾਇ ਪ੍ਰੀਤਿ ਪਿਆਰੋ॥*

(ਅੰਗ ੬੪੫)

ਇੰਨਾ ਛੇਤੀ ਸੰਸਾਰ ਵਿਚ ਕੁਝ ਵੀ ਨਹੀਂ ਮਿਲ ਸਕਦਾ। ਇਕ ਬਹੁਤ ਵੱਡਾ ਮਕਾਨ ਬਣਾਉਣਾ, ਕੀ ਇਕ ਸੈਕਿੰਡ ਵਿਚ ਬਣਾ ਸਕਦੇ ਹਾਂ? ਕੀ ਇਕ ਸੈਕਿੰਡ ਵਿਚ ਲੰਮੀ ਯਾਤਰਾ ਕਰ ਸਕਦੇ ਹਾਂ? ਕੀ ਇਕ ਸੈਕਿੰਡ ਵਿਚ ਬਹੁਤ ਵੱਡੀ ਵਿੱਦਿਆ ਹਾਸਿਲ ਕਰ ਸਕਦੇ ਹਾਂ? ਕੀ ਇਕ ਸੈਕਿੰਡ ਵਿਚ ਬਹੁਤ ਵੱਡਾ ਕਾਰੋਬਾਰ ਕਰ ਸਕਦੇ ਹਾਂ? ਸੰਸਾਰ ਦਾ ਕੰਮ ਸਮਾਂ ਮੰਗਦਾ ਹੈ, ਨਿਰੰਕਾਰ ਦਾ ਕੰਮ ਤਾਂ ਸਮੇਂ ਤੋਂ ਬਾਹਰ ਹੈ, ਇਕ ਸੈਕਿੰਡ ਵਿਚ ਹੁੰਦਾ ਹੈ।

*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥*

(ਅੰਗ ੭੪੭)

ਇਕ ਸੈਕਿੰਡ ਦਾ ਕੀਰਤਨ ਸਾਰੇ ਬੰਧਨਾਂ ਨੂੰ ਤੋੜ ਦੇਵੇਗਾ।

ਇਹ ਯਾਤਰਾ ਹੁੰਦੀ ਤਾਂ ਇਕ ਸੈਕਿੰਡ ਵਿਚ ਹੈ ਪਰ ਮਨੁੱਖ ਦੇ ਕਈ ਜਨਮ ਲੱਗ ਜਾਂਦੇ ਹਨ। ਕਿਉਂ? ਉਹ ਧਰਮ ਦੇ ਨਾਮ 'ਤੇ ਜਿੰਨੇ ਕਰਮ ਕਰ ਰਿਹਾ ਹੁੰਦਾ ਹੈ ਤੇ ਸਮਝਦਾ ਹੈ ਮੈਂ ਧਾਰਮਿਕ ਕਰਮ ਕਰ ਰਿਹਾ ਹਾਂ, ਪਰ ਉਹ ਧਾਰਮਿਕ ਕਰਮ ਨਹੀਂ ਹੈ। ਭਗਤ ਕਬੀਰ ਤਾਂ ਕਹਿੰਦੇ ਹਨ ਕਿ ਗੁਰੂ ਨਾਨਕ ਇਸ਼ਾਰਿਆਂ ਦੀ ਭਾਸ਼ਾ ਵਰਤਦੇ ਹਨ। ਇਸ਼ਾਰਿਆਂ ਨਾਲ ਸਮਝਾਈਏ ਤਾਂ ਕਬੀਰ ਕਹਿੰਦੇ ਹਨ ਕਿ ਇਹ ਇਸ਼ਾਰਿਆਂ ਨਾਲ ਸਮਝਣ ਵਾਲੇ ਨਹੀਂ, ਇਹ ਲੱਠ ਮਾਰੀਏ ਤਾਂ ਸਮਝਣਗੇ। ਦੇਖੋ ਕੁਝ ਬੰਦੇ ਇਸ ਤਰ੍ਹਾਂ ਸੁੱਤੇ ਹੁੰਦੇ ਹਨ ਕਿ ਹਲਕੀ ਜਿਹੀ ਖੜਾਕ ਹੋਈ ਤੇ ਜਾਗ ਪਏ। ਭਰਥਰੀ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਹੇ ਪਵਨ! ਤੂੰ ਹੌਲੀ ਚੱਲ। ਤੇਰਾ ਜ਼ੋਰ ਦਾ ਵੇਗ ਮੈਨੂੰ ਪੂਰਨ ਜਾਗਰੀ ਤੋਂ ਤੋੜ ਕੇ ਸੁਲਾ ਦਿੰਦਾ ਹੈ। ਜਦੋਂ ਹਵਾ ਜ਼ੋਰ ਦੀ ਸਪਰਸ਼ ਕਰਦੀ ਹੈ ਤਾਂ ਮੇਰੀ ਸੁਰਤ ਜੁੜੀ ਹੋਈ ਟੁੱਟ ਜਾਂਦੀ ਹੈ।

ਕਿਸੇ ਦੀ ਸਰੀਰਕ ਨੀਂਦ ਪਵਨ ਦੇ ਝੋਕੇ ਨਾਲ ਟੁੱਟ ਸਕਦੀ ਹੈ, ਪਰ ਕੁਝ ਅਜਿਹੇ

ਹੁੰਦੇ ਹਨ ਜੋ ਇਸ ਤਰ੍ਹਾਂ ਨਹੀਂ ਜਾਗਦੇ, ਉਨ੍ਹਾਂ ਨੂੰ ਹਿਲਾਉਣਾ ਪੈਂਦਾ ਹੈ, ਆਵਾਜ਼ ਵੀ ਮਾਰਨੀ ਪੈਂਦੀ ਹੈ। ਕਬੀਰ ਕਹਿੰਦੇ ਹਨ ਕਈ ਤਾਂ ਸੋਟਾ ਸਿਰ 'ਤੇ ਮਾਰੋ ਤਾਂ ਜਾਗਦੇ ਹਨ। ਮੌਤ ਦਾ ਸੋਟਾ ਜਦੋਂ ਸਿਰ 'ਤੇ ਆ ਕੇ ਲੱਗਦਾ ਹੈ ਤਾਂ ਉਦੋਂ ਪਛਤਾਵਾ ਹੁੰਦਾ ਹੈ ਕਿ ਇਹ ਤਾਂ ਸਭ ਕੁਝ ਗਿਆ, ਜਿਸਦੀ ਖ਼ਾਤਰ ਮੈਂ ਜ਼ਿੰਦਗੀ ਬਤੀਤ ਕੀਤੀ। ਮੌਤ ਅੰਤਿਮ ਸਮੇਂ ਹਰ ਇਕ ਨੂੰ ਜਗਾਉਂਦੀ ਹੈ। ਪਾਪੀ ਨੂੰ ਵੀ ਜਗਾ ਦਿੰਦੀ ਹੈ। ਕਿਉਂ? ਮੌਤ ਇਕ ਹਾਦਸਾ ਹੈ, ਮੌਤ ਇਕ ਬਹੁਤ ਵੱਡੀ ਸਰਜਰੀ ਹੈ। ਸਰੀਰ ਵਿਚੋਂ ਸਾਰੇ ਪ੍ਰਾਨ ਕੱਢਣੇ, ਜੀਵਨ ਚੇਤਨਾ ਨੂੰ ਕੱਢ ਕੇ ਕਿਸੇ ਹੋਰ ਸਰੀਰ ਵਿਚ ਪਾਉਣਾ, ਇਹ ਪ੍ਰਕਿਰਤੀ ਬਹੁਤ ਵੱਡਾ ਓਪਰੇਸ਼ਨ ਕਰਦੀ ਹੈ। ਪ੍ਰਮਾਤਮਾ ਦਾ ਬਣਾਇਆ ਹੋਇਆ ਨਿਯਮ ਕਰਦਾ ਹੈ। ਡਾਕਟਰ ਓਪਰੇਸ਼ਨ ਕਰਨ ਲੱਗਿਆਂ ਬੇਹੋਸ਼ ਕਰ ਦਿੰਦਾ ਹੈ, ਪ੍ਰਕਿਰਤੀ ਵੀ ਮਰਨ ਲੱਗਿਆਂ ਮਨੁੱਖ ਨੂੰ ਬੇਹੋਸ਼ ਕਰ ਦਿੰਦੀ ਹੈ। ਉਹ ਦਰਦ ਇੰਨਾ ਵੱਡਾ ਹੈ ਕਿ ਮਨੁੱਖ ਨਹੀਂ ਸਹਿ ਸਕਦਾ। ਉਸ ਦਰਦ ਵਿਚ ਮਨੁੱਖ ਤੜਪੇ ਨਾ, ਪ੍ਰਕਿਰਤੀ ਉਸਨੂੰ ਬੇਹੋਸ਼ ਕਰ ਦਿੰਦੀ ਹੈ। ਕੋਈ ਸੁੰਨ ਕਰਨ ਦਾ ਟੀਕਾ ਲਗਾਉਣ ਦੀ ਲੋੜ ਨਹੀਂ। ਜਿਵੇਂ ਸੁੰਨ ਹੋਣ ਲੱਗਦਾ ਹੈ ਤੇ ਮਹਿਸੂਸ ਹੋਣ ਲੱਗਦਾ ਹੈ ਕਿ ਮੌਤ ਆ ਗਈ। ਉਦੋਂ ਥੋੜੀ ਜਿਹੀ ਜਾਗ੍ਰਿਤੀ ਪੈਦਾ ਹੁੰਦੀ ਹੈ ਕਿ ਜੀਵਨ ਤਾਂ ਅਜਾਈਂ ਚਲਾ ਗਿਆ। ਪਛਤਾਵਾ ਪੈਦਾ ਹੁੰਦਾ ਹੈ, ਪਰ ਉਹ ਜੋ ਪਛਤਾਵਾ ਪੈਦਾ ਹੁੰਦਾ ਹੈ, ਉਸਤੋਂ ਕੁਝ ਸਵਾਰ ਸਕੇ, ਸਮਾਂ ਹੀ ਕੋਈ ਨਹੀਂ।

ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਤੂੰ ਜਿਊਂਦਿਆਂ ਮੌਤ ਕਬੂਲ ਕਰ ਲੈ। ਜਿਵੇਂ ਤੂੰ ਜਿਊਂਦਿਆਂ ਮੌਤ ਕਬੂਲ ਕਰੇਂਗਾ, ਮੌਤ ਨੇ ਹੀ ਤੈਨੂੰ ਸਾੜ ਦੇਣਾ ਹੈ। ਸੈਂਕੜੇ ਵਾਰੀ ਤੂੰ ਜਪੁਜੀ ਸਾਹਿਬ ਦੇ ਪਾਠ ਕੀਤੇ ਮੌਤ ਨੂੰ ਭੁੱਲਾ ਕੇ, ਰੋਜ਼ ਰੋਜ਼ ਤੂੰ ਕੀਰਤਨ ਸੁਣਿਆ, ਪਾਠ ਕੀਤਾ ਮੌਤ ਨੂੰ ਭੁੱਲਾ ਕੇ, ਮੈਂ ਕਿਹੜਾ ਮਰਨਾ ਹੈ, ਸੰਸਾਰ ਮਰੇਗਾ।

*ਕਹੁ ਕਬੀਰ ਤਬ ਹੀ ਨਰੁ ਜਾਗੈ॥*
*ਜਮ ਕਾ ਡੰਡੁ ਮੂੰਡ ਮਹਿ ਲਾਗੈ॥*

(ਅੰਗ ੮੭੦)

ਸਿਰ ਵਿਚ ਆ ਕੇ ਡੰਡਾ ਲੱਗਿਆ ਮੌਤ ਦਾ ਤਾਂ ਜਾਗਿਆ ਹੈ, ਪਰ ਹੁਣ ਜਾਗਣ ਤੋਂ ਕੁਝ ਸਫਲਤਾ ਹਾਸਿਲ ਕਰੇ, ਕੁਝ ਕਰ ਸਕੇ, ਸਮਾਂ ਹੀ ਕੋਈ ਨਹੀਂ। ਜਿਊਂਦਿਆਂ ਜੀਅ ਜੋ ਅੰਤਿਮ ਸਮੇਂ ਮੌਤ ਆਉਂਦੀ ਹੈ, ਕਬੂਲ ਕਰ ਲਏ ਤਾਂ ਜ਼ਿੰਦਗੀ ਬਦਲ ਜਾਏਗੀ, ਸੁਚੇਤ ਹੋ ਜਾਏਗਾ। ਜਦੋਂ ਵੀ ਕੋਈ ਮਨੁੱਖ ਜਾਗਿਆ ਹੈ, ਕਾਲ ਦੇ ਭੈਅ ਕਰਕੇ ਅਤੇ ਜਦੋਂ ਵੀ ਕੋਈ ਮਨੁੱਖ ਪਹੁੰਚਿਆ ਹੈ ਫਿਰ ਅਕਾਲ ਵਿਚ ਪਹੁੰਚਿਆ ਹੈ। ਕਾਲ ਦੀ ਚੋਟ ਅਕਾਲ ਵਿਚ ਪ੍ਰਵੇਸ਼ ਕਰਾ ਦਿੰਦੀ ਹੈ। ਕਬੀਰ ਕਹਿੰਦੇ ਹਨ ਕਿ ਸਤਿਸੰਗ ਵਿਚ ਕਿਸੇ ਨੂੰ ਨਾਲ ਲੈ ਕੇ ਨਾ ਜਾ, ਕੋਈ ਕਾਮਨਾ ਨਾ ਲੈ ਕੇ ਜਾ। ਕਾਮਨਾ ਲੈ ਕੇ ਜਾ ਰਿਹਾ ਹੈਂ ਤਾਂ ਤੀਰਥ ਤੇਰੇ ਲਈ ਪਦਾਰਥ ਹੈ। ਮਨੁੱਖ ਦੀਆਂ ਕਾਮਨਾਵਾਂ ਵੱਡਿਆਂ ਵੱਡਿਆਂ ਤੀਰਥਾਂ ਨੂੰ ਮਾਰਕਿਟ ਬਣਾ ਕੇ ਰੱਖ

ਦਿੰਦੀਆਂ ਹਨ। ਇਕ ਤੀਰਥ ਤੋਂ ਕਾਮਨਾ ਪੂਰੀ ਨਾ ਹੋਈ, ਫਿਰ ਦੂਸਰੇ ਤੀਰਥ 'ਤੇ। ਦੂਸਰੇ ਤੀਰਥ 'ਤੇ ਕਾਮਨਾ ਪੂਰੀ ਨਾ ਹੋਈ, ਫਿਰ ਤੀਸਰੇ ਤੀਰਥ 'ਤੇ। ਪ੍ਰਮਾਤਮਾ ਸਦਾ ਜਾਗਿਆ ਹੋਇਆ ਹੈ, ਜੀਵ-ਆਤਮਾ ਸਦਾ ਸੁੱਤੀ ਹੋਈ ਹੈ। ਜਾਗੇ ਹੋਏ ਨਾਲ ਜਾਗੇ ਦਾ ਮਿਲਾਪ ਹੁੰਦਾ ਹੈ, ਜਾਗੇ ਹੋਏ ਨਾਲ ਸੁੱਤੇ ਹੋਏ ਦਾ ਨਹੀਂ। ਪ੍ਰਮਾਤਮਾ ਵਿਚ ਸੌਣਾ ਨਹੀਂ ਹੈ, ਜੀਵਨ ਚੇਤਨਾ ਵਿਚ ਜਾਗਣਾ ਨਹੀਂ ਹੈ।

ਧਨ, ਪਰਿਵਾਰ, ਪਦਾਰਥ ਦੇ ਪ੍ਰਤੀ ਮਨੁੱਖ ਜਾਗ ਚੁੱਕਾ ਹੈ ਪਰ ਇਸਦੇ ਪ੍ਰਤੀ ਪਸ਼ੂ ਵੀ ਜਾਗੇ ਹੋਏ ਹਨ। ਸਾਰਾ ਦਿਨ ਉਹ ਵੀ ਰਿਜ਼ਕ ਲੱਭਦੇ ਹਨ। ਆਲ੍ਹਣਿਆਂ ਵਿਚ ਪੰਛੀ ਬੱਚੇ ਛੱਡ ਆਉਂਦੇ ਹਨ। ਫਿਰ ਉਹਨਾਂ ਲਈ ਵੀ ਚੋਗਾ ਕੰਠ ਵਿਚ ਲੈ ਆਉਂਦੇ ਹਨ ਤੇ ਆ ਕੇ ਚਿੜੀਆਂ ਪੰਛੀਆਂ ਆਪਣੇ ਬੱਚਿਆਂ ਦੇ ਮੂੰਹ ਵਿਚ ਪਾਉਂਦੀਆਂ ਹਨ। ਜੇ ਤੂੰ ਵੀ ਬਾਹਰੋਂ ਲਿਆ ਕੇ ਆਪਣੇ ਬੱਚਿਆਂ ਦੇ ਮੂੰਹ ਵਿਚ ਪਾਉਂਦਾ ਹੈਂ ਤਾਂ ਕਿਹੜਾ ਵੱਡਾ ਕੰਮ ਕਰਦਾ ਹੈਂ, ਪੰਛੀ ਪਸ਼ੂ ਵੀ ਕਰਦੇ ਪਏ ਹਨ। ਸਾਰ ਕੁਤਾਵਲੀ ਦਾ ਕਰਤਾ ਕਹਿੰਦਾ ਹੈ।

*ਨਿੰਦਰਾ ਆਲਸ ਭੋਗ ਭੈ ਇਹ ਪਸ ਪੁਰਖ ਸਮਾਨ॥*
*ਪ੍ਰਭ ਨਰਨ ਗਿਆਨ ਨਿਜ ਅਧਿਕਤਾ ਗਿਆਨ॥*

ਜੇ ਆਖੋ ਕਿ ਰਿਜ਼ਕ ਦਾ ਸਾਨੂੰ ਗਿਆਨ ਹੈ ਤਾਂ ਪੰਛੀਆਂ ਨੂੰ ਵੀ ਹੈ। ਬੱਚਿਆਂ ਦਾ ਸਾਨੂੰ ਗਿਆਨ ਹੈ ਤਾਂ ਪੰਛੀਆਂ ਨੂੰ ਵੀ ਹੈ। ਉਹਨਾਂ ਦੇ ਅੰਦਰ ਵੀ ਆਲਸ ਪੈਦਾ ਹੋ ਜਾਂਦਾ ਹੈ। ਉਹਨਾਂ ਦੇ ਅੰਦਰ ਵੀ ਭੈਅ ਪੈਦਾ ਹੋ ਜਾਂਦਾ ਹੈ। ਇਸੇ ਤਰੀਕੇ ਨਾਲ ਮਨੁੱਖ ਜੀਅ ਰਿਹਾ ਹੈ। ਚਲੋ ਥੋੜਾ ਜਿਹਾ ਪਸ਼ੂਆਂ ਨਾਲੋਂ ਅਲੱਗ ਜੀਅ ਰਿਹਾ ਹੈ, ਇਸ ਲਈ ਮਨੁੱਖ ਦਾ ਥੋੜਾ ਜਿਹਾ ਸੰਸਾਰ ਜ਼ਿਆਦਾ ਹੈ, ਨਿਰੰਕਾਰ ਦੀ ਕੋਈ ਗੱਲ ਨਹੀਂ ਹੈ। ਮਹਾਰਾਜ ਕਹਿੰਦੇ ਹਨ-

*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥*

ਮਨੁੱਖਾ ਤਨ ਪ੍ਰਾਪਤ ਕਰਕੇ ਕੋਈ ਜਾਗਦਾ ਹੈ।

*ਸਾਬਤੁ ਵਸਤੁ ਓਹੁ ਅਪਨੀ ਲਹੈ॥*

(ਅੰਗ ੧੮੨)

ਸਾਬਤ ਵਸਤੂ ਕੀ? ਪਦਾਰਥ ਵੀ ਪ੍ਰਾਪਤ ਕੀਤੇ, ਪ੍ਰਮਾਤਮਾ ਵੀ ਪ੍ਰਾਪਤ ਕੀਤਾ। ਰਾਜ ਵੀ ਕੋਲ ਹੈ, ਜੋਗ ਵੀ ਕੋਲ ਹੈ। ਲੋਕ ਵੀ ਸਵਰ ਗਿਆ, ਪਰਲੋਕ ਵੀ ਸਵਰ ਗਿਆ। ਇਹ ਪੂਰਨ ਪੁਰਖ ਹੈ। ਜੇ ਇਹ ਸੰਸਾਰ ਦੇ ਪ੍ਰਤੀ ਜਾਗਿਆ ਤਾਂ ਨਿਰੰਕਾਰ ਦੇ ਪ੍ਰਤੀ ਵੀ ਜਾਗਿਆ ਹੈ। ਪਰਿਵਾਰ ਤਾਂ ਪਸ਼ੂ ਜੂਨ ਵਿਚ ਵੀ ਮਿਲ ਜਾਂਦਾ ਹੈ, ਰਿਜ਼ਕ ਤਾਂ ਪਸ਼ੂ ਜੂਨ ਵਿਚ ਵੀ ਮਿਲ ਜਾਂਦਾ ਹੈ, ਇੰਦਰਿਆਂ ਦੇ ਰੱਸ ਤਾਂ ਪਸ਼ੂ ਜੂਨ ਵਿਚ ਵੀ ਮਿਲ ਜਾਂਦੇ ਹਨ ਪਰ ਗੋਬਿੰਦ ਦਾ ਮਿਲਣਾ ਤਾਂ ਕੇਵਲ ਮਨੁੱਖਾ ਦੇਹੀ ਵਿਚ ਹੀ ਹੁੰਦਾ ਹੈ, ਉਂਝ ਨਹੀਂ ਹੋਵੇਗਾ। ਗੋਬਿੰਦ ਦੇ ਪ੍ਰਤੀ ਇਹ ਸੁੱਤਾ ਹੋਇਆ ਹੈ। ਸੰਸਾਰ ਦੇ ਕਰਮਾਂ ਵਿਚ ਪਾਪ ਹੋ ਜਾਂਦੇ ਹਨ, ਕਿਉਂਕਿ ਕਾਮਨਾ ਵੱਸ

ਹੋ ਕੇ ਹੁੰਦੇ ਹਨ, ਲੋਭ ਵੱਸ ਹੋ ਕੇ ਕੰਮ ਕਰਦੇ ਹਾਂ, ਹੰਕਾਰ ਵੱਸ ਹੋ ਕੇ ਕਰਮ ਚੱਲਦੇ ਹਨ। ਜੋ ਅੱਧਾ ਜਾਗਿਆ ਹੋਇਆ ਤੇ ਅੱਧਾ ਸੁੱਤਾ ਹੋਇਆ ਹੈ, ਉਹ ਪਾਪ ਤੋਂ ਮੁਕਤ ਨਹੀਂ ਹੋ ਸਕਦਾ। ਕਿਉਂਕਿ ਸੰਸਾਰ ਦੇ ਕੰਮ ਕਰੇਗਾ ਲੋਭ ਵੱਸ ਹੋ ਕੇ, ਹੰਕਾਰ ਵੱਸ ਹੋ ਕੇ, ਕਾਮ ਵੱਸ ਹੋ ਕੇ ਅਤੇ ਧਾਰਮਿਕ ਕਰਮ ਵੀ ਕਰੇਗਾ ਲੋਭ ਵੱਸ ਹੋ ਕੇ। ਇਹ ਅਜੇ ਨਿਰੰਕਾਰ ਦੇ ਪ੍ਰਤੀ ਤਾਂ ਜਾਗਿਆ ਹੀ ਨਹੀਂ। ਕਬੀਰ ਜੀ ਕਹਿੰਦੇ ਹਨ, ਅਜਿਹੇ ਮਨੁੱਖ ਦਾ ਪਾਪ ਤਾਂ ਪਾਪ ਹੈ ਪਰ ਪੁੰਨ ਵੀ ਪਾਪ ਹੈ।

*ਪਾਪ ਪੁੰਨ ਦੁਇ ਏਕ ਸਮਾਨ॥*

(ਅੰਗ ੩੨੫)

ਲੋਕੀਂ ਇਸ ਮਾਨ ਵਿਚ ਰਹਿ ਜਾਂਦੇ ਹਨ ਕਿ ਇੰਨਾ ਪੁੰਨ ਕੀਤਾ ਪਰ ਦੁੱਖ ਫਿਰ ਵੀ ਭੋਗਦੇ ਪਏ ਹਾਂ। ਮੈਂ ਅਰਜ਼ ਕਰਾਂ, ਗੁਰਬਾਣੀ ਇੰਨੀ ਨਹੀਂ ਜਿੰਨੀ ਅਸੀਂ ਪੜ੍ਹ ਲੈਂਦੇ ਹਾਂ, ਗਾ ਲੈਂਦੇ ਹਾਂ, ਸੁਣ ਲੈਂਦੇ ਹਾਂ। ਇਹ ਤਾਂ ਬਹੁਤ ਗਹਿਰਾਈਆਂ ਵਿਚ ਸਾਨੂੰ ਲੈ ਜਾਂਦੀ ਹੈ।

*ਬਾਣੀ ਬਿਰਲਉ ਬੀਚਾਰਸੀ॥*

(ਅੰਗ ੯੩੫)

ਅੱਧੇ ਜਾਗੇ ਹੋਏ ਸਾਰੇ ਮਨੁੱਖ ਹਨ। ਅੱਧ ਤੋਂ ਥੋੜ੍ਹਾ ਜਿਹਾ ਘੱਟ ਜਾਗਿਆ ਹੋਇਆ ਪਸ਼ੂ ਹੈ। ਕੋਈ ਪੂਰਾ ਜਾਗਿਆ ਹੋਇਆ ਹੈ ਜੇ ਉਸ ਦੇ ਕੋਲ ਸਾਬਤ ਵਸਤੂ ਹੋਵੇ। ਮਹਾਰਾਜ ਕਹਿੰਦੇ ਹਨ ਉਹ ਤਾਂ ਕੋਈ ਇਕ ਅੱਧ ਹੀ ਹੈ-

*ਜਨ ਨਾਨਕ ਕੋਟਨ ਮੈ ਕਿਨਹੂ*

ਕਰੋੜਾਂ 'ਚੋਂ ਕੋਈ ਇਕ ਅੱਧ ਹੀ ਹੈ।

*ਗੁਰਮੁਖਿ ਹੋਇ ਪਛਾਨਾ॥* (ਅੰਗ ੬੮੫)

*ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥*

(ਅੰਗ ੧੪੨੭)

ਇਹ ਤੂੰ ਆਪ ਫ਼ੈਸਲਾ ਕਰਨਾ ਹੈ ਕਿ ਤੂੰ ਉਹਨਾਂ ਕਰੋੜਾਂ ਵਿਚੋਂ ਇਕ ਹੈਂ ਕਿ ਨਹੀਂ। ਬਾਹਰ ਦਾ ਜੀਵਨ ਧਨ ਹੈ, ਇਸਦੀ ਨਿੰਦਾ ਨਹੀਂ, ਪਰ ਇਹੀ ਜੀਵਨ ਹੈ, ਹੋਰ ਕੋਈ ਜੀਵਨ ਨਹੀਂ, ਬਸ ਇਹ ਬਹੁਤ ਵੱਡੀ ਭੁੱਲ ਹੈ। ਇਹ ਸਪੱਸ਼ਟ ਹੋ ਗਿਆ ਕਿ ਸੁੱਤਾ ਪਿਆ ਹੈ। ਸਾਡਾ ਸਰੀਰ ਰਾਤ ਨੂੰ 5-6 ਘੰਟੇ ਸੌਂਦਾ ਹੈ, ਜਾਗ ਪੈਂਦਾ ਹੈ, ਪ੍ਰਕਿਰਤੀ ਜਗਾ ਦਿੰਦੀ ਹੈ। ਨੀਂਦ ਦੀ ਵੀ ਆਪਣੀ ਸੀਮਾ ਹੈ। ਇਹ ਗੱਲ ਵੱਖਰੀ ਹੈ। ਕੁਝ ਵਿਚਾਰਕ ਕਹਿੰਦੇ ਹਨ ਕਿ ਭੁੱਖ, ਨੀਂਦ ਤੇ ਆਲਸ ਜਿੰਨਾ ਵਧਾਉ, ਵੱਧ ਜਾਂਦਾ ਹੈ, ਜਿੰਨਾ ਘਟਾਉ, ਘੱਟ ਜ਼ਾਂਦਾ ਹੈ। ਆਮ ਬੰਦੇ ਦਾ ਗੁਜ਼ਾਰਾ 4-5 ਘੰਟੇ ਦੀ ਨੀਂਦ ਨਾਲ ਹੋ ਸਕਦਾ ਹੈ। ਉਸਦੇ ਵਿਚ ਜੇਕਰ ਸੰਤੁਸ਼ਟੀ 15 ਮਿੰਟ ਦੀ ਨਸੀਬ ਹੋ ਜਾਏ ਤਾਂ 24 ਘੰਟੇ ਦਾ ਥਕੇਵਾਂ ਲਹਿ ਜਾਂਦਾ ਹੈ। ਤਨ ਸੌਂ ਗਿਆ, ਮਨ ਨੇ ਸੁਪਨੇ ਦੀ ਦੁਨੀਆਂ ਰੱਚ ਲਈ ਹੈ ਤੇ ਸੁਪਨਾ ਤਨ ਨੂੰ ਪ੍ਰਭਾਵਿਤ ਕਰ ਰਿਹਾ

ਹੈ। ਭਿਆਨਕ ਸੁਪਨਾ ਇਸਨੂੰ ਆ ਰਿਹਾ ਹੋਵੇ ਤਾਂ ਸੁੱਤੇ ਹੋਏ ਨੂੰ ਦੇਖਣਾ, ਉਸਦਾ ਚਿਹਰਾ ਡਰਾਵਣਾ ਹੋ ਜਾਏਗਾ। ਸੁਪਨੇ ਵਿਚ ਵਾਸ਼ਨਾ ਵਿਚ ਲੀਨ ਹੈ, ਸਰੀਰ ਪ੍ਰਭਾਵਿਤ ਹੋ ਜਾਂਦਾ ਹੈ। ਸਾਰੀ ਰਾਤ ਸੁਪਨਿਆਂ ਵਿਚ ਬਤੀਤ ਹੋਈ। ਇਹਨਾਂ ਸੁਪਨਿਆਂ ਵਿਚ ਕੋਈ ਚੰਗੇ ਸੁਪਨੇ ਹੁੰਦੇ ਹਨ, ਕੋਈ ਮਾੜੇ ਸੁਪਨੇ ਹੁੰਦੇ ਹਨ। ਦਿਨ ਭਰ ਜੋ ਕਰਮ ਕਰਦੇ ਹਾਂ, ਕੋਈ ਚੰਗੇ ਹੁੰਦੇ ਹਨ, ਕੋਈ ਮਾੜੇ ਹੁੰਦੇ ਹਨ। ਕਦੀ ਸੁੱਖੀ ਹੁੰਦੇ ਹਾਂ, ਕਦੇ ਦੁੱਖੀ ਹੁੰਦੇ ਹਾਂ। ਜੇਕਰ ਸਾਰੀ ਰਾਤ ਸੁਪਨੇ ਹੀ ਚੱਲਦੇ ਰਹੇ ਤਾਂ ਮਨ ਕੰਮ ਕਰ ਰਿਹਾ ਹੈ। ਇਹ ਮਨੁੱਖ ਸਵੇਰੇ ਉੱਠੇਗਾ ਥੱਕਿਆ ਥੱਕਿਆ। ਇਕ ਅਜਿਹੀ ਅਵਸਥਾ ਹੈ ਜਿਸਨੂੰ ਸਸੂਕਤੀ ਕਹਿੰਦੇ ਹਨ। ਤਨ ਤਾਂ ਸੌਂ ਗਿਆ ਹੈ, ਹੁਣ ਮਨ ਵਿਚ ਸੁਪਨੇ ਵੀ ਨਹੀਂ ਚੱਲਦੇ ਪਏ। ਥੋੜੀ ਦੇਰ ਲਈ ਮਨ ਵੀ ਸੌਂ ਗਿਆ। ਸਮਾਧੀ ਵਿਚ ਮਨ ਪੂਰਨ ਤੌਰ 'ਤੇ ਬਿਸਰਾਮ ਵਿਚ ਚਲਾ ਗਿਆ ਹੈ, ਪ੍ਰਭੂ ਵਿਚ ਲੀਨ ਹੋ ਜਾਂਦਾ ਹੈ। ਜੇਕਰ ਸਮਾਧੀ ਨਸੀਬ ਹੋ ਗਈ ਹੈ, ਮਨ ਹਮੇਸ਼ਾ ਲਈ ਬਿਸਰਾਮ ਵਿਚ ਚਲਾ ਗਿਆ ਹੈ ਤਾਂ ਜਨਮਾਂ ਜਨਮਾਂਤਰਾਂ ਦੇ ਬੰਧਨ, ਕਰਮਾਂ ਦਾ ਬੋਝ ਸਾਰਾ ਲਹਿ ਜਾਂਦਾ ਹੈ। ਇਸ ਤਰ੍ਹਾਂ ਦੇ ਮਨੁੱਖ ਅਭਿਆਸ ਕਰਦਿਆਂ ਹੋਇਆਂ ਜ਼ਮੀਨ ਤੋਂ ਉੱਪਰ ਉੱਠ ਜਾਂਦੇ ਹਨ।

ਮਨੁੱਖ ਦਾ ਸਾਰਾ ਜੀਵਨ ਅਰਧ ਚੇਤਨਾ ਵਿਚ ਬਤੀਤ ਹੁੰਦਾ ਹੈ। ਗੁਰਬਾਣੀ ਇਹ ਕਹਿੰਦੀ ਹੈ ਕਿ ਪਤਾ ਨਹੀਂ ਕਿੰਨੇ ਜਨਮਾਂ ਤੋਂ ਮਨੁੱਖ ਸੁੱਤਾ ਪਿਆ ਹੈ। ਜਦੋਂ ਅਸੀਂ ਸੌਂ ਜਾਂਦੇ ਹਾਂ ਤਾਂ ਪਰਿਵਾਰ ਨਾਲੋਂ ਸੰਬੰਧ ਟੁੱਟ ਜਾਂਦਾ ਹੈ। ਆਪਣੇ ਅਹੁਦੇ ਨਾਲੋਂ ਵੀ ਸੰਬੰਧ ਟੁੱਟ ਜਾਂਦਾ ਹੈ। ਨੀਂਦ ਵਿਚ ਤਾਂ ਆਪਣਾ ਨਾਮ ਵੀ ਚੇਤੇ ਨਹੀਂ ਰਹਿੰਦਾ। ਜਿਵੇਂ ਹੀ ਜਾਗਦਾ ਹੈ ਫਿਰ ਸੰਬੰਧ ਜੁੜ ਜਾਂਦਾ ਹੈ। ਪਰ ਅਨੰਤ ਕਾਲ ਤੋਂ ਸੁੱਤੀ ਪਈ ਹੈ ਜੀਵਨ-ਚੇਤਨਾ, ਜਦੋਂ ਦਾ ਸੰਬੰਧ ਟੁੱਟਿਆ ਟੁੱਟਿਆ ਹੀ ਪਿਆ ਹੈ। ਟੁੱਟੇ ਹੋਏ ਸੰਬੰਧ ਵਿਚ ਜ਼ਿੰਦਗੀ ਸਾਰੀ ਬਤੀਤ ਹੋ ਜਾਂਦੀ ਹੈ। ਇਸ ਲਈ ਕੀਰਤਨ, ਕਥਾ, ਜੱਪ ਸਿਰਫ਼ ਉਸ ਸੁੱਤੀ ਪਈ ਚੇਤਨਾ ਨੂੰ ਜਗਾਉਣ ਵਾਸਤੇ ਹੈ।

ਧੰਨ ਗੁਰੂ ਅਰਜਨ ਦੇਵ ਜੀ ਫ਼ੁਰਮਾਣ ਕਰਦੇ ਹਨ ਕਿ ਜਾਗਦਿਆਂ ਹਨੇਰਾ ਮਿੱਟਦਾ ਹੈ, ਸੁੱਤਿਆਂ ਤਾਂ ਹਨੇਰਾ ਹੈ।

*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥*

(ਅੰਗ ੨੦੪)

ਸਾਹਿਬ ਕਹਿੰਦੇ ਹਨ-

*ਜਾਗਤੁ ਸੋਇਆ ਜਨਮੁ ਗਵਾਇਆ॥*

(ਅੰਗ ੭੬੨)

ਜ਼ਿੰਦਗੀ ਗਵਾ ਦਿੱਤੀ।

*ਸਲੋਕ॥ ਅਨਿਕ ਲੀਲਾ ਰਾਜ ਰਸ ਰੂਪੰ ਛਤ੍ਰ ਚਮਰ ਤਖਤ ਆਸਨੰ॥*

ਅਰਧ ਜਾਗਿਆ ਹੋਇਆ ਮਨੁੱਖ ਸਾਰੀ ਸ਼ਕਤੀ ਜਿਨ੍ਹਾਂ ਚੀਜ਼ਾਂ ਦੀ ਪ੍ਰਾਪਤੀ ਲਈ ਲਾਉਂਦਾ ਹੈ, ਦੌੜਦਾ ਹੈ, ਉਸਦੇ ਵਿਚੋਂ ਸਭ ਤੋਂ ਵੱਡੀ ਹੈ ਰਾਜ ਲੀਲਾ। ਤਖ਼ਤ ਹੈ, ਉੱਪਰ

ਚੋਰ ਹੋ ਰਹੀ ਹੈ। ਮਹਾਰਾਜ ਕਹਿੰਦੇ ਹਨ, ਰਾਜ ਲੀਲਾ ਹੈ, ਧਨ ਸੰਮਪਦਾ ਹੈ। ਧਨ ਦੇ ਰੂਪ ਆਦਿ ਕਾਲ ਤੋਂ ਬਦਲਦੇ ਰਹੇ ਹਨ। ਹਰ ਤਰ੍ਹਾਂ ਦਾ ਰੂਪ ਰੰਗ ਕੋਲ ਹੈ, ਹਰ ਤਰ੍ਹਾਂ ਦੇ ਇੰਦਰਿਆਂ ਦੇ ਰੱਸ ਕੋਲ ਹਨ।

*ਰਚੰਤਿ ਮੂੜ ਅਗਿਆਨ ਅੰਧਹ ਨਾਨਕ ਸੁਪਨ ਮਨੋਰਥ ਮਾਇਆ॥ ੧॥*

ਇਹਨਾਂ ਵਿਚ ਜੋ ਖਚਤ ਹੈ, ਅਗਿਆਨੀ ਹੈ, ਅੰਧਾ ਹੈ। ਗਿਆਨ ਕਿਸਦਾ ਹੁੰਦਾ ਹੈ, ਜਿਸਦੇ ਪ੍ਰਤੀ ਮਨੁੱਖ ਜਾਗਿਆ ਹੋਇਆ ਹੈ। ਜਿਨ੍ਹਾਂ ਜਿਨ੍ਹਾਂ ਨੂੰ ਅਸੀਂ ਧਾਰਮਿਕ ਕਹਿੰਦੇ ਹਾਂ, ਇਹ ਬੜਾ ਧਾਰਮਿਕ ਹੈ, ਇਸ ਪੈਮਾਨੇ ਨਾਲ ਨਾਪੋਗੇ ਤਾਂ ਗੁਰਬਾਣੀ ਕਹਿੰਦੀ ਹੈ ਕਿ ਕੋਈ ਧਾਰਮਿਕ ਨਹੀਂ ਹੈ। ਧਾਰਮਿਕ ਹੋਣ ਦਾ ਯਤਨ ਕਰ ਰਿਹਾ ਹੋਵੇਗਾ। ਧਾਰਮਿਕ ਤਾਂ ਉਹ ਹੈ ਜੋ ਪੂਰਾ ਜਾਗਿਆ ਹੋਇਆ ਹੈ। ਜਿਹੜੇ ਜਿਹੜੇ ਧਾਰਮਿਕ ਕਰਮ ਦਿਖਾਈ ਦੇ ਰਹੇ ਹਨ ਧਾਰਮਿਕ ਲੋਕਾਂ ਕੋਲੋਂ, ਉਹ ਧਾਰਮਿਕ ਕਰਮ ਹਨ, ਧਾਰਮਿਕ ਲੋਕ ਨਹੀਂ ਹਨ। ਉਹ ਧਾਰਮਿਕ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਧਾਰਮਿਕ ਕਰਮ ਕਰਦਿਆਂ ਹੋਇਆਂ ਇਹ ਧਾਰਮਿਕ ਕਿਉਂ ਨਹੀਂ ਹੈ? ਇਹ ਸੁੱਤਿਆਂ ਹੋਇਆਂ ਕਰਦਾ ਹੈ। ਕਾਮਨਾ ਕਰਕੇ ਧਨ ਕਮਾਉਂਦਾ ਹੈ, ਜੱਪ, ਤੱਪ, ਕਥਾ, ਕੀਰਤਨ ਕਰਦਾ ਹੈ। ਇਹ ਅੱਧੇ ਸੁੱਤੇ ਹੋਏ ਹਨ, ਅੱਧੇ ਜਾਗੇ ਹੋਏ ਹਨ। ਇਹ ਮਹਾਂ ਮੂਰਖ, ਅਗਿਆਨੀ, ਅੰਨ੍ਹੇ ਹਨ। ਇਹਨਾਂ ਨੂੰ ਸੱਚ ਤੇ ਅਸਲੀਅਤ ਕੁਝ ਵੀ ਦਿਖਾਈ ਨਹੀਂ ਦਿੰਦਾ।

*ਸੁਪਨੈ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ॥*

ਜਿਸਦੇ ਵਿਚ ਇਹ ਰੱਚੇ ਹੋਏ ਹਨ, ਇਹ ਵਾਸਤਵਿਕ ਨਹੀਂ ਹਨ, ਇਹ ਸੁਪਨਾ ਸੀ। ਮਾਇਆ ਨੂੰ, ਸੰਸਾਰ ਨੂੰ ਅਨਰਵਚਨੀ ਕਿਹਾ ਹੈ। ਅਨਰਵਚਨੀ ਤੋਂ ਮੁਰਾਦ ਜਿਸ 'ਤੇ ਇਕ ਬੋਲ ਫਿੱਟ ਨਹੀਂ ਹੋ ਸਕਦਾ, ਉਸ ਤੋਂ ਵਿਪਰੀਤ ਉਸ 'ਤੇ ਫਿੱਟ ਹੋ ਸਕਦਾ ਹੈ। ਸੰਸਾਰ ਹੈ, ਸੰਸਾਰ ਨਹੀਂ ਹੈ। ਮਾਇਆ ਹੈ, ਮਾਇਆ ਨਹੀਂ ਹੈ। ਜਾਗੇ ਹੋਏ ਲਈ ਸਭ ਬ੍ਰਹਮ ਹੀ ਬ੍ਰਹਮ ਹੈ, ਸੁੱਤੇ ਹੋਏ ਲਈ ਸਭ ਮਾਇਆ ਹੈ। ਜਾਗੇ ਹੋਏ ਲਈ ਸਭ ਪ੍ਰਮਾਤਮਾ ਹੀ ਪ੍ਰਮਾਤਮਾ ਹੈ, ਸੁੱਤੇ ਹੋਏ ਲਈ ਸਭ ਪਦਾਰਥ ਹੀ ਪਦਾਰਥ ਹੈ। ਅਸੀਂ ਰੋਜ਼ ਦੋ ਤਰ੍ਹਾਂ ਦੇ ਸੰਸਾਰ ਵਿਚ ਜਿਊਂਦੇ ਹਾਂ। ਜਾਗ੍ਰਿਤ ਅਵਸਥਾ ਵਿਚ ਹੋਰ ਪਰਿਵਾਰ ਵਿਚ ਜਿਊਂਦੇ ਹਾਂ, ਸੁਪਨ ਅਵਸਥਾ ਵਿਚ ਕਿਸੇ ਹੋਰ ਪਰਿਵਾਰ ਵਿਚ ਜਿਊਂਦੇ ਹਾਂ। ਗੁਰਬਾਣੀ ਕਹਿੰਦੀ ਹੈ ਕਿ ਜੋ ਜਾਗ੍ਰਿਤ ਅਵਸਥਾ ਵਿਚ ਅਸੀਂ ਦੇਖ ਰਹੇ ਹਾਂ, ਇਹ ਵੀ ਸੁਪਨਾ ਹੈ। ਜੇ ਇਹ ਸੁਪਨਾ ਹੈ ਤਾਂ ਸੁਪਨਾ ਕਿਵੇਂ ਖ਼ਤਮ ਹੋਵੇ? ਜਾਗਣ ਨਾਲ ਖ਼ਤਮ ਹੋਵੇਗਾ। ਜਿਹੜਾ ਪੂਰਾ ਜਾਗਿਆ ਹੋਇਆ ਹੈ, ਉਸਦੇ ਲਈ ਪਰਿਵਾਰ ਵਿਚ ਵੀ ਨਿਰੰਕਾਰ ਦੀ ਝਲਕ ਮਿਲਦੀ ਹੈ।

*ਮਾਤ ਪਿਤਾ ਸੁਤ ਬੰਧਪ ਭਾਈ॥*
*ਨਾਨਕ ਹੋਆ ਪਾਰਬ੍ਰਹਮੁ ਸਹਾਈ॥* (ਅੰਗ ੮੦੫)

ਹੇ ਪ੍ਰਭੂ ! ਮੈਂ ਮਾਸੂਮ ਬੱਚਾ ਸੀ, ਤੂੰ ਮਾਤਾ ਪਿਤਾ ਬਣ ਕੇ ਮੇਰਾ ਮਦਦਗਾਰ ਬਣਿਆ। ਮਹਾਰਾਜ ਇਥੇ ਕਹਿ ਰਹੇ ਹਨ ਕਿ ਇਹ ਸਾਰੀਆਂ ਖ਼ੁਸ਼ੀਆਂ ਸੁਪਨੇ ਦੀਆਂ ਹਨ, ਵਾਸਤਵਿਕ ਨਹੀਂ ਹਨ।

*ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ॥ ੨॥*

ਮਹਾਰਾਜ ਕਹਿੰਦੇ ਹਨ ਕਿ ਨਾਮ ਤੋਂ ਬਿਨਾਂ ਭਾਵੇਂ ਇਹ ਜਗਤ, ਇਹ ਮਾਇਆ ਕਿੰਨੀ ਸੁੰਦਰ ਹੈ, ਛੱਲ ਹੈ, ਕਪਟ ਹੈ। ਇਸਦੇ ਵਿਚ ਮਨੁੱਖ ਛੱਲਿਆ ਜਾਂਦਾ ਹੈ, ਪ੍ਰਮਾਤਮਾ ਨੂੰ ਭੁੱਲ ਜਾਂਦਾ ਹੈ। ਇਹ ਮਨੁੱਖ ਨੂੰ ਜਾਗਣ ਹੀ ਨਹੀਂ ਦਿੰਦੇ। ਕਈ ਜਨਮਾਂ ਤੱਕ ਇਹ ਚੇਤਨਾ ਸੁੱਤੀ ਰਹਿੰਦੀ ਹੈ।

*ਪਉੜੀ॥ ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥*

ਮਨੁੱਖ ਨੇ ਸੁਪਨੇ ਵਰਗਾ ਜੀਵਨ, ਜੋ ਹੋ ਕੇ ਨਹੀਂ ਹੋ ਜਾਂਦਾ, ਇਸ ਦੇ ਵਿਚ ਖਚਤ ਹੈ।

*ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ॥*

ਜਿਵੇਂ ਮੌਤ ਦਾ ਡੰਡਾ ਲੱਗਿਆ ਤੇ ਥੋੜਾ ਜਿਹਾ ਜਾਗਿਆ ਹੈ, ਫਿਰ ਦੁੱਖੀ ਹੋਇਆ ਹੈ ਕਿ ਸਭ ਕੁਝ ਨਾਸ਼ ਹੋ ਗਿਆ।

*ਆਰਜਾ ਗਈ ਵਿਹਾਇ ਧੰਧੈ ਧਾਇਆ॥*

ਸਾਰੀ ਜ਼ਿੰਦਗੀ ਲੰਘ ਗਈ ਇਸ ਧੰਦਿਆਂ ਦੇ ਵਿਚ, ਸਿਰਫ਼ ਧਨ ਦੇ ਧੰਦਿਆਂ ਵਿਚ, ਧਰਮ ਦੇ ਧੰਦਿਆਂ ਵਿਚ ਨਹੀਂ। ਜੇਕਰ ਧਰਮ ਦੇ ਨਾਮ 'ਤੇ ਵੀ ਕੁਝ ਕੀਤਾ, ਉਹ ਕਾਮਨਾ ਧਨ ਦੀ ਸੀ।

*ਪੂਰਨ ਭਏ ਨ ਕਾਮ ਮੋਹਿਆ ਮਾਇਆ॥*

ਕੋਈ ਕੰਮ ਇਸਦਾ ਪੂਰਾ ਨਾ ਹੋਇਆ। ਸਾਰੀ ਜ਼ਿੰਦਗੀ ਕੋਈ ਨਾ ਕੋਈ ਕੰਮ ਅੜਿਆ ਰਿਹਾ।

*ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ॥ ੮॥*

ਹੁਣ ਸਤਿਗੁਰ ਇਸ ਜੀਵ 'ਤੇ ਤਰਸ ਖਾ ਕੇ ਕਹਿੰਦੇ ਹਨ ਕਿ ਪ੍ਰਮਾਤਮਾ ਨੇ ਪਰਚਾ ਇੰਨਾ ਵੱਡਾ ਪਾਇਆ ਹੈ ਕਿ ਇਸ ਜੀਵ ਕੋਲੋਂ ਹੱਲ ਨਹੀਂ ਹੁੰਦਾ। ਇਹ ਪਰਿਵਾਰ ਦਾ ਮੋਹ ਇੰਨਾ ਪ੍ਰਬਲ ਹੈ ਕਿ ਨਿਰੰਕਾਰ ਦਾ ਪ੍ਰੇਮ ਪੈਦਾ ਹੀ ਨਹੀਂ ਹੁੰਦਾ। ਸਤਿਗੁਰੂ ਰਹਿਮਤ ਕਰਨ। ਭੁੱਲਾਂ ਚੁੱਕਾਂ ਦੀ ਮੁਆਫ਼ੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

# ਆਪੇ ਗੁਰੁ ਚੇਲਾ ਹੈ ਆਪੇ

ਧਨਾਸਰੀ ਮਹਲਾ ੪ ॥

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥ ੧ ॥
ਬੋਲਹੁ ਭਾਈ ਹਰਿ ਕੀਰਤਿ ਹਰਿ ਭਵਜਲ ਤੀਰਥਿ॥
ਹਰਿ ਦਰਿ ਤਿਨ ਕੀ ਊਤਮ ਬਾਤ ਹੈ ਸੰਤਹੁ
ਹਰਿ ਕਥਾ ਜਿਨ ਜਨਹੁ ਜਾਨੀ॥ ਰਹਾਉ॥
ਆਪੇ ਗੁਰੁ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ ਵਿਡਾਨੀ॥
ਜਨ ਨਾਨਕ ਆਪਿ ਮਿਲਾਏ ਸੋਈ ਹਰਿ ਮਿਲਸੀ
ਅਵਰ ਸਭ ਤਿਆਗਿ ਓਹਾ ਹਰਿ ਭਾਨੀ॥ ੨ ॥ ੫ ॥ ੧੧ ॥

(ਅੰਗ ੬੬੯)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਇਸ ਹੁਕਮਨਾਮੇ ਵਿਚ ਮਨ ਦੀ ਮੰਨਨ ਸ਼ਕਤੀ ਦਾ ਜ਼ਿਕਰ ਕੀਤਾ ਹੈ। ਮੰਨਨ ਸ਼ਕਤੀ, ਮੰਨਣਾ, ਇਸਦੇ ਸਮੂਹ ਨੂੰ ਹੀ ਮਨ ਕਹਿੰਦੇ ਹਨ। ਜੋ ਮੈਂ ਮੰਨਿਆ ਹੈ ਉਹ ਮੇਰੇ ਮਨ ਦੇ ਵਿਚ ਹੈ, ਜੋ ਮੈਂ ਨਹੀਂ ਮੰਨਿਆ, ਉਹ ਮੇਰੇ ਮਨ ਦੇ ਵਿਚ ਨਹੀਂ ਹੈ। ਜੋ ਜੋ ਮੈਂ ਖਾਧਾ ਹੈ, ਉਹ ਮੇਰਾ ਖ਼ੂਨ ਹੈ, ਉਹ ਮੇਰਾ ਮਾਸ ਤੇ ਚਰਬੀ ਹੈ। ਦੇਖਿਆ ਹੈ, ਮਨ ਨਹੀਂ ਮੰਨਦਾ ਤਾਂ ਉਹ ਮਨ ਵਿਚ ਨਹੀਂ ਹੈ। ਪੜ੍ਹਿਆ ਹੈ ਪਰ ਮਨ ਨਹੀਂ ਮੰਨਦਾ, ਉਹ ਮਨ ਵਿਚ ਨਹੀਂ ਹੈ, ਸੁਣਿਆ ਹੈ, ਪਰ ਮਨ ਨਹੀਂ ਮੰਨਦਾ, ਉਹ ਮਨ ਵਿਚ ਨਹੀਂ ਹੈ। ਧੰਨ ਗੁਰੂ ਰਾਮਦਾਸ ਜੀ ਇਥੇ ਫ਼ੁਰਮਾਣ ਕਰਦੇ ਹਨ ਕਿ ਮਹਾਨਤਾ ਹਰੀ ਦਰ ਵਿਚ ਉਹਨਾਂ ਦੀ ਹੈ, ਕਬੂਲ ਉਹੀ ਹਨ ਜੋ ਮੰਨਦੇ ਹਨ।

ਵਿਦਵਾਨਾਂ ਨੇ ਮੰਨਨ ਸ਼ਕਤੀ ਦੇ ਚਾਰ ਭਾਗ ਦੱਸੇ ਹਨ। ਮੰਨਦਾ ਹਾਂ ਮੈਂ, ਪਰ ਮੈਂ

ਕਿਉਂ ਉਸਨੂੰ ਮੰਨਦਾ ਹਾਂ, ਕਾਰਨ ਕੀ ਹੈ? ਉਸ ਕਾਰਨ ਕਰਕੇ ਮੰਨਣ ਦੇ ਵੱਖ ਵੱਖ ਰੂਪ ਹੋ ਜਾਣਗੇ। ਮੰਨਣਾ ਸਨੇਹ ਹੈ, ਪ੍ਰੇਮ ਹੈ, ਸ਼ਰਧਾ ਹੈ ਅਤੇ ਭਗਤੀ ਹੈ। ਕਿਤੇ ਮੇਰਾ ਮੰਨਣਾ ਭਗਤੀ 'ਤੇ ਖੜਾ ਹੈ, ਕਿਤੇ ਮੇਰਾ ਮੰਨਣਾ ਕੇਵਲ ਸ਼ਰਧਾ 'ਤੇ ਖੜਾ ਹੈ, ਕਿਤੇ ਮੇਰਾ ਮੰਨਣਾ ਪ੍ਰੇਮ 'ਤੇ ਖੜਾ ਹੈ, ਕਿਤੇ ਮੇਰਾ ਮੰਨਣਾ ਸਨੇਹ 'ਤੇ ਖੜਾ ਹੈ। ਕਾਰਨ ਅਲੱਗ ਅਲੱਗ ਹਨ। ਜੇ ਅਸੀਂ ਕਿਸੇ ਚੀਜ਼ ਨੂੰ ਵੀ ਮੰਨਦੇ ਹੋਵਾਂਗੇ, ਕਾਰਨ ਅਲੱਗ ਅਲੱਗ ਹੋਣਗੇ। ਮੰਨਣ ਸ਼ਕਤੀ ਨੀਵਾਣ ਦੀ ਤਰਫ਼ ਜਾਂਦੀ ਹੈ। ਮੈਂ ਗੁਰੂ ਨੂੰ ਇਸ ਵਾਸਤੇ ਮੰਨਦਾ ਹਾਂ ਕਿ ਮੈਨੂੰ ਕੁਝ ਪਦਾਰਥਾਂ ਦੀ ਲੋੜ ਹੈ। ਮੈਂ ਆਪਣੇ ਸਾਧਨਾਂ ਨਾਲ ਨਹੀਂ ਪੂਰਾ ਕਰ ਸਕਿਆ, ਗੁਰੂ ਪੂਰਾ ਕਰੇ। ਮੇਰੀਆਂ ਕੁਝ ਦੁਨਿਆਵੀ ਸਮੱਸਿਆਵਾਂ ਹਨ, ਉਹ ਮੇਰੇ ਆਪਣੇ ਯਤਨਾਂ ਨਾਲ ਨਹੀਂ ਹੱਲ ਹੋਈਆਂ, ਗੁਰੂ ਹੱਲ ਕਰੇਗਾ। ਇਸ ਕਰਕੇ ਮੈਂ ਗੁਰੂ ਨੂੰ ਮੰਨਦਾ ਹਾਂ। ਇਸ ਤੋਂ ਇਲਾਵਾ ਗੁਰੂ ਨਾਲ ਮੈਨੂੰ ਕੋਈ ਸੰਬੰਧ ਨਹੀਂ। ਗੁਰੂ ਨੂੰ ਮੈਂ ਇਸ ਲਈ ਨਹੀਂ ਮੰਨਦਾ ਕਿ ਗੁਰੂ ਮਹਾਨ ਹੈ। ਜੇਕਰ ਆਰਥਿਕ ਮਸਲੇ, ਸਮਾਜਿਕ ਮਸਲੇ, ਸਰੀਰਕ ਰੋਗ ਹੱਲ ਨਹੀਂ ਹੋਏ ਤਾਂ ਗੁਰੂ ਫਿਰ ਮੈਂ ਤੈਨੂੰ ਛੱਡ ਸਕਦਾ ਹਾਂ। ਫਿਰ ਮੈਂ ਕੋਈ ਹੋਰ ਗੁਰੂ ਲਭਾਂਗਾ।

ਮਨੁੱਖ ਨੇ ਪ੍ਰਮਾਤਮਾ ਵੀ ਬੜੇ ਬਣਾਏ ਹਨ। ਮੇਰਾ ਇਹ ਮਸਲਾ ਇਸ ਤੀਰਥ 'ਤੇ ਹੱਲ ਨਹੀਂ ਹੋਵੇਗਾ, ਉਸ ਤੀਰਥ 'ਤੇ ਹੋਵੇਗਾ। ਮੇਰੀ ਇਹ ਮੰਗ ਇਸ ਗੁਰੂ ਤੋਂ ਪੂਰੀ ਨਹੀਂ ਹੋਵੇਗੀ, ਉਸ ਤੋਂ ਹੋਵੇਗੀ ਤਾਂ ਬਦਲੋ ਗੁਰੂ। ਜਿਸਦਾ ਮੰਨਣਾ ਆਰਥਿਕ ਔਕੜਾਂ 'ਤੇ ਖੜਾ ਹੈ, ਸਮਾਜਿਕ ਮਸਲਿਆਂ 'ਤੇ ਖੜਾ ਹੈ, ਸਰੀਰਕ ਰੋਗਾਂ 'ਤੇ ਖੜਾ ਹੈ, ਉਹ ਕਿਸੇ ਇਕ ਗੁਰੂ ਦਾ ਹੋ ਵੀ ਨਹੀਂ ਸਕਦਾ। ਉਹ ਭਟਕਦਾ ਰਹੇਗਾ। ਇਹ ਮੰਨਣਾ ਮਨੁੱਖ ਨੂੰ ਮਹਾਨ ਨਹੀਂ ਬਣਾ ਸਕਦਾ। ਕਿਉਂਕਿ ਜਿਸ ਜਿਸ ਚੀਜ਼ ਨੂੰ ਮੰਨਦਾ ਹੈ, ਉਹ ਨੀਵਾਣ ਵਿਚ ਹਨ। ਇਸ ਤਰ੍ਹਾਂ ਦੀ ਮਨੌਤ ਮਨੁੱਖ ਨੂੰ ਨੀਵਾਣ ਵਿਚ ਤਾਂ ਲੈ ਜਾਏਗੀ, ਉੱਚਾ ਨਹੀਂ ਕਰੇਗੀ। ਇਸ ਤਰ੍ਹਾਂ ਦੇ ਕਾਰਨਾਂ ਕਰਕੇ ਜੋ ਗੁਰੂ ਨੂੰ ਮੰਨਦੇ ਹਨ, ਉਹਨਾਂ ਦੀ ਸੁਰਤ ਕਦੀ ਉੱਚੀ ਨਹੀਂ ਹੁੰਦੀ। ਇਸ ਤਰ੍ਹਾਂ ਦਾ ਮੰਨਣਾ ਮਨੁੱਖ ਨੂੰ ਜਗਤ ਵਿਚ ਹੀ ਰੱਖਦਾ ਹੈ। ਇਹ ਸਭ ਤੋਂ ਨੀਵਾਂ ਮੰਨਣਾ ਹੈ। ਆਪਣੇ ਤੋਂ ਵੱਡੇ ਨੂੰ ਮੰਨ ਕੇ ਹੀ ਮਨੁੱਖ ਵੱਡਾ ਹੋ ਸਕਦਾ ਹੈ।

ਮੰਨਣ ਦਾ ਦੂਜਾ ਕਾਰਨ ਹੈ - ਹੇ ਗੁਰੂ ! ਤੂੰ ਮੈਨੂੰ ਚੰਗਾ ਲੱਗਦਾ ਹੈਂ। ਤੇਰੇ ਵਿਚਾਰ ਮੈਨੂੰ ਚੰਗੇ ਲੱਗਦੇ ਹਨ। ਤੇਰੇ ਬੋਲ ਮੈਨੂੰ ਚੰਗੇ ਲੱਗਦੇ ਹਨ। ਤੇਰੀ ਸੂਝ-ਸਮਝ ਮੈਨੂੰ ਚੰਗੀ ਲੱਗਦੀ ਹੈ। ਇਹ ਮੰਨਣਾ ਪ੍ਰੇਮ 'ਤੇ ਖੜਾ ਹੈ। ਇਸਦੇ ਵਿਚ ਕੁਝ ਰੱਸ ਵੀ ਆਉਂਦਾ ਹੈ। ਜਿਹੜਾ ਮੰਨਣਾ ਆਰਥਿਕ ਲੋੜਾਂ, ਸਮਾਜਿਕ ਮਸਲਿਆਂ 'ਤੇ ਖੜਾ ਹੈ, ਇਸਦੇ ਵਿਚ ਕੋਈ ਰੱਸ ਨਹੀਂ ਹੁੰਦਾ। ਹੋ ਸਕਦਾ ਹੈ ਇਸ ਦੀਆਂ ਆਰਥਿਕ ਲੋੜਾਂ ਪੂਰੀਆਂ ਹੋ ਜਾਣ, ਸਮਾਜਿਕ ਮਸਲੇ ਹੱਲ ਹੋ ਜਾਣ, ਇਸਦਾ ਸਰੀਰਕ ਰੋਗ ਦੂਰ ਹੋ ਜਾਏ, ਪਰ ਸੁਰਤ ਜ਼ਮੀਨ 'ਤੇ ਹੀ ਰਹੇਗੀ। ਜਿਸਦਾ ਮੰਨਣਾ ਪ੍ਰੇਮ 'ਤੇ ਖੜਾ ਹੈ, ਘੱਟ ਤੋਂ ਘੱਟ ਅਜਿਹਾ ਮਨੁੱਖ ਜ਼ਮੀਨ ਤੋਂ ਕੁਝ ਉੱਚਾ ਉੱਠੇਗਾ, ਕਿਉਂਕਿ ਉਹ ਮੰਨਣਾ ਸਨੇਹ 'ਤੇ ਖੜਾ ਹੈ। ਸਨੇਹ ਤਾਂ ਪਸ਼ੂਆਂ ਵਿਚ ਵੀ ਹੁੰਦਾ ਹੈ। ਇਕ

ਸੀਮਾ ਤੱਕ ਇਸਦੀ ਲੋੜ ਹੈ। ਜੇ ਮਨੁੱਖ ਅੰਦਰ ਮੋਹ ਨਾ ਹੋਵੇ ਤਾਂ ਬੱਚੇ ਪੱਲ ਨਹੀਂ ਸਕਦੇ। ਮਹਾਰਾਜ ਕਹਿੰਦੇ ਹਨ-

*ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥*

(ਅੰਗ ੯੧੮)

ਜਿਸਨੇ ਮੋਹ ਵਿਚ ਇੰਨੀ ਮਿਠਾਸ ਪਾ ਦਿੱਤੀ ਹੈ, ਉਸ ਤੋਂ ਸੱਦਕੇ ਜਾਂਦੇ ਹਾਂ। ਬੱਚਾ ਸਾਨੂੰ ਮੰਨਦਾ ਹੈ ਕਿ ਨਹੀਂ ਮੰਨਦਾ, ਇਸਦੀ ਅਸੀਂ ਚਿੰਤਾ ਵੀ ਨਹੀਂ ਕਰਦੇ, ਅਸੀਂ ਉਸ ਬੱਚੇ ਨੂੰ ਮੰਨਦੇ ਹਾਂ, ਉਸ ਮਾਸੂਮ ਬੱਚੇ ਨੂੰ ਤਾਂ ਪਤਾ ਨਹੀਂ। ਇਹ ਮੰਨਣਾ ਮੇਰੀ ਮਨੌਤ 'ਤੇ ਖੜਾ ਹੈ, ਇਹ ਮੰਨਣਾ ਬੱਚੇ ਦੀ ਮਨੌਤ 'ਤੇ ਨਹੀਂ ਖੜਾ। ਭਗਤ ਕਬੀਰ ਕਹਿੰਦੇ ਹਨ-

*ਖਸਮੁ ਮਰੈ ਤਉ ਨਾਰਿ ਨ ਰੋਵੈ॥*

(ਅੰਗ ੮੭੧)

ਮਾਇਆ ਦਾ ਪਤੀ, ਮਕਾਨ ਦਾ ਮਾਲਕ, ਦੁਕਾਨ ਦਾ ਮਾਲਕ ਜੇ ਮਰ ਜਾਏ ਤਾਂ ਮਕਾਨ ਨਹੀਂ ਰੋਂਦਾ, ਦੁਕਾਨ ਨਹੀਂ ਰੋਂਦੀ, ਧਨ ਨਹੀਂ ਰੋਂਦਾ ਕਿ ਮੈਨੂੰ ਸੰਭਾਲਣ ਵਾਲਾ ਮਰ ਗਿਆ ਹੈ। ਕਿਉਂ?

*ਉਸੁ ਰਖਵਾਰਾ ਅਉਰੋ ਹੋਵੈ॥*

(ਅੰਗ ੮੭੧)

ਉਸਦਾ ਮਾਲਕ ਫੌਰਨ ਹੀ ਕੋਈ ਹੋਰ ਬਣ ਜਾਏਗਾ। ਪੁੱਤਰ ਬਣ ਜਾਂਦਾ ਹੈ, ਪੋਤਰਾ ਬਣ ਜਾਂਦਾ ਹੈ। ਜੇ ਉਹ ਵੀ ਨਹੀਂ ਤਾਂ ਫਿਰ ਗੌਰਮਿੰਟ ਸੰਭਾਲ ਲੈਂਦੀ ਹੈ। ਇਹ ਸਾਰੇ ਦਾ ਸਾਰਾ ਮੰਨਣਾ ਮੋਹ ਕਹਿਲਾਉਂਦਾ ਹੈ। ਜੇ ਕੋਈ ਮਨੁੱਖ ਪਾਠ ਕਰ ਰਿਹਾ ਹੈ ਤਾਂ ਫ਼ੌਰਨ ਦਿੱਸ ਪਵੇਗਾ ਕਿ ਇਹ ਮੋਹ ਕਰਕੇ, ਸਨੇਹ ਕਰਕੇ ਪਾਠ ਕਰ ਰਿਹਾ ਹੈ, ਇਹ ਪ੍ਰੇਮ ਕਰਕੇ ਪਾਠ ਕਰ ਰਿਹਾ ਹੈ। ਇਹ ਸਨੇਹ ਕਰਕੇ ਗੁਰਦੁਆਰੇ ਜਾ ਰਿਹਾ ਹੈ। ਇਹ ਪ੍ਰੇਮ ਕਰਕੇ ਗੁਰਦੁਆਰੇ ਜਾ ਰਿਹਾ ਹੈ। ਚਾਲ ਦੱਸ ਦੇਵੇਗੀ। ਸੰਗਤ ਵਿਚ ਉੱਠਣਾ ਬੈਠਣਾ ਦੱਸ ਦੇਵੇਗਾ ਕਿ ਗੁਰਦੁਆਰੇ ਆਉਣ ਦਾ ਕਾਰਨ ਕੀ ਹੈ? ਜਿਹੜਾ ਮੰਨਣਾ ਪ੍ਰੇਮ 'ਤੇ ਖੜਾ ਹੈ, ਇਸਦੇ ਵਿਚ ਥੋੜੀ ਗਹਿਰਾਈ ਹੁੰਦੀ ਹੈ ਪਰ ਇਹ ਮੰਨਣਾ ਵੀ ਮਨੁੱਖ ਨੂੰ ਬਰਾਬਰੀ ਦੇ ਤੱਲ 'ਤੇ ਲੈ ਆਉਂਦਾ ਹੈ। ਮਨੁੱਖ ਦੇ ਅੰਦਰ ਸ਼ੌਕ ਪੈਦਾ ਹੋ ਜਾਂਦਾ ਹੈ ਕਿ ਮੈਂ ਗੁਰੂ ਵਰਗਾ ਬਣਨਾ ਹੈ। ਜੇਕਰ ਇਹ ਮੰਨਣਾ ਪ੍ਰੇਮ 'ਤੇ ਖੜਾ ਹੈ ਤਾਂ ਇਹ ਮਨੁੱਖ ਕੇਸਾਂ 'ਤੇ ਕੈਂਚੀ ਨਹੀਂ ਫੇਰ ਸਕਦਾ, ਕਿਉਂਕਿ ਗੁਰੂ ਇਸਨੂੰ ਪਸੰਦ ਹੀ ਨਹੀਂ ਕਰਦਾ। ਜੇਕਰ ਇਹ ਮੰਨਣਾ ਪ੍ਰੇਮ 'ਤੇ ਖੜਾ ਹੈ ਤਾਂ ਇਹ ਰਹਿਤ-ਬਹਿਤ ਦਾ ਤਿਆਗੀ ਨਹੀਂ ਹੋ ਸਕਦਾ। ਇਹ ਅੰਮ੍ਰਿਤ ਵੇਲੇ ਉੱਠੇਗਾ, ਕਿਉਂਕਿ ਗੁਰੂ ਕਹਿੰਦਾ ਹੈ ਅੰਮ੍ਰਿਤ ਵੇਲੇ ਉੱਠ।

ਇਕ ਹੋਰ ਤੱਲ ਹੈ। ਜਿਹੜਾ ਮੰਨਣਾ ਪਦਾਰਥ ਦੇ ਤੱਲ 'ਤੇ ਖੜਾ ਸੀ, ਉਹ ਇਕ ਪਾਸੇ

ਸੀ। ਮੈਂ ਤਾਂ ਧਨ ਨਾਲ ਪਿਆਰ ਕਰਦਾ ਹਾਂ, ਉਹ ਮੇਰੇ ਨਾਲ ਨਹੀਂ ਕਰਦਾ। ਮੈਂ ਤਾਂ ਮਕਾਨ ਨਾਲ ਪਿਆਰ ਕਰਦਾ ਹਾਂ, ਉਹ ਮੇਰੇ ਨਾਲ ਨਹੀਂ ਕਰਦਾ। ਇਹ ਚਲਾ ਜਾਏ ਤਾਂ ਮੈਂ ਰੋਂਦਾ ਹਾਂ, ਮੈਂ ਚਲਾ ਜਾਵਾਂ ਤਾਂ ਇਹ ਨਹੀਂ ਰੋਂਦਾ। ਇਹ ਮੰਨਣਾ ਇਕ ਪਾਸੇ ਹੈ। ਜਦੋਂ ਮਨੁੱਖ ਦੇ ਅੰਦਰ ਪਿਆਰ ਪੈਦਾ ਹੁੰਦਾ ਹੈ ਤਾਂ ਇਸ ਤੋਂ ਕਈ ਗੁਣਾ ਵੱਧ ਪਿਆਰ ਗੁਰੂ ਦਿੰਦਾ ਹੈ। ਇਹ ਦੋ ਤਰਫ਼ੀ ਪ੍ਰੀਤ ਹੋ ਜਾਂਦੀ ਹੈ। ਜਿਵੇਂ ਭਾਈ ਗੁਰਦਾਸ ਜੀ ਕਹਿੰਦੇ ਹਨ-

*ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,*
*ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ।*

ਤੂੰ ਇਕ ਕਦਮ ਤਾਂ ਚੱਲ, ਬਾਕੀ ਸਾਰੇ ਕਦਮ ਪ੍ਰਭੂ ਚੱਲੇਗਾ। ਭੀੜ ਦੇ ਵਿਚ ਜੇਕਰ ਬੱਚਾ ਮਾਂ ਦਾ ਹੱਥ ਛੁਡਾ ਬੈਠਾ ਹੈ, ਗੁੰਮ ਹੋ ਗਿਆ ਹੈ, ਰੋ ਰਿਹਾ ਹੈ, ਮਾਂ ਨੂੰ ਲੱਭ ਰਿਹਾ ਹੈ। ਪਰ ਮਾਂ ਵੀ ਰੋ ਰਹੀ ਹੈ, ਉਹ ਵੀ ਲੱਭ ਰਹੀ ਹੈ। ਪਤਾ ਨਹੀਂ ਕਿਥੇ ਖੋਹ ਗਿਆ। ਜੇਕਰ ਬੱਚਾ ਹੀ ਰੋਵੇ ਤੇ ਬੱਚਾ ਹੀ ਲੱਭੇ, ਇਸ ਬੱਚੇ ਨੂੰ ਮਾਂ ਨਹੀਂ ਮਿਲ ਸਕਦੀ। ਜਦੋਂ ਕੋਈ ਦਿਲ ਦੀਆਂ ਗਹਿਰਾਈਆਂ 'ਚੋਂ ਇਕ ਪ੍ਰਮਾਤਮਾ ਨੂੰ ਯਾਦ ਕਰਦਾ ਹੈ, ਤਾਂ ਪ੍ਰਮਾਤਮਾ ਕਰੋੜਾਂ ਵਾਰੀ ਯਾਦ ਕਰਦਾ ਹੈ। ਇਹ ਦੋ ਤਰਫ਼ੀ ਗੱਲ ਹੈ। ਭਾਈ ਗੁਰਦਾਸ ਜੀ ਇਸਦਾ ਆਪਣੇ ਢੰਗ ਨਾਲ ਨਿਖੇੜਾ ਵੀ ਕਰਦੇ ਹਨ ਕਿ ਰੌਸ਼ਨੀ ਦੇ ਪਿਆਰ ਦਾ ਮਾਰਿਆ ਹੋਇਆ ਹੈ, ਸੁਹੱਪਣ ਦੇ ਪਿਆਰ ਦਾ ਮਾਰਿਆ ਹੋਇਆ ਹੈ। ਖ਼ੂਬਸੂਰਤੀ ਸਾਰੀ ਰੌਸ਼ਨੀ ਹੈ। ਸੁਹੱਪਣ ਸਾਰਾ ਅੱਗ 'ਤੇ ਖੜਾ ਹੈ, ਪਰ ਪਤੰਗਾ ਸਿੱਧਾ ਅੱਗ ਦੀ ਰੌਸ਼ਨੀ 'ਤੇ ਨਿਛਾਵਰ ਹੁੰਦਾ ਹੈ। ਜਿਥੋਂ ਰੌਸ਼ਨੀ ਆ ਰਹੀ ਹੋਵੇ, ਸਦਕੇ ਹੋ ਜਾਂਦਾ ਹੈ। ਭਾਈ ਸਾਹਿਬ ਕਹਿੰਦੇ ਹਨ, ਪ੍ਰੀਤ ਦਾ ਮਾਰਿਆ ਹੋਇਆ ਆਇਆ, ਪ੍ਰਕਰਮਾ ਪਿਆ ਕਰਦਾ ਹੈ ਅਤੇ ਦੀਵਾ ਜਲ ਰਿਹਾ ਹੈ। ਪਤੰਗੇ ਨੂੰ ਦੀਵੇ ਦੀ ਰੌਸ਼ਨੀ ਨਾਲ ਪਿਆਰ ਹੈ, ਦੀਵੇ ਨੂੰ ਪਤੰਗੇ ਨਾਲ ਨਹੀਂ। ਇਕ ਨਿਛਾਵਰ ਹੋਣ ਵਾਸਤੇ ਆਇਆ ਪਰ ਦੂਜਾ ਉਸਨੂੰ ਖ਼ਤਮ ਕਰਦਾ ਹੈ। ਫਿਰ ਵੀ ਇਹ ਪ੍ਰੀਤ ਨਹੀਂ ਛੱਡਦਾ। ਹੇ ਗੁਰਸਿੱਖਾ ! ਇਹ ਦੋ ਤਰਫ਼ੀ ਪ੍ਰੀਤ ਹੈ। ਤੂੰ ਇਕ ਕਦਮ ਚੱਲ ਤਾਂ ਗੁਰੂ ਕਰੋੜਾਂ ਕਦਮ ਚੱਲਦਾ ਹੈ। ਇਸ ਤਰ੍ਹਾਂ ਦੀ ਪ੍ਰੀਤ ਤੂੰ ਕਿਉਂ ਛੱਡੀ ਹੋਈ ਹੈ, ਇਸ ਪ੍ਰੀਤ ਦਾ ਤੂੰ ਕਿਉਂ ਤਿਆਗ ਕੀਤਾ ਹੈ? ਫਿਰ ਤਾਂ ਤੇਰੇ ਨਾਲੋਂ ਪ੍ਰੀਤ ਪਿਆਰ ਪਤੰਗੇ ਵਿਚ ਬਹੁਤ ਜ਼ਿਆਦਾ ਹੈ। ਸਿਰਫ਼ ਤੂੰ ਇੰਨਾ ਹੀ ਕਰਨਾ ਹੈ ਕਿ ਸੱਚੇ ਪਾਤਸ਼ਾਹ ! ਮੈਂ ਤੇਰੇ ਵਿਚਾਰਾਂ ਨਾਲ ਸਹਿਮਤ ਹਾਂ। ਵਿਚਾਰਾਂ ਨਾਲ ਸਹਿਮਤ ਹੁੰਦਿਆਂ ਹੀ ਪਿਆਰ ਦਾ ਜਨਮ ਹੁੰਦਾ ਹੈ।

90% ਮਨੁੱਖ ਆਪਣੇ ਬੋਲਾਂ ਵਿਚੋਂ ਪ੍ਰਗਟ ਹੁੰਦੇ ਹਨ। ਕਿਸੇ ਨੂੰ ਦੇਖਣ ਨਾਲ ਕੁਝ ਵੀ ਪਤਾ ਨਹੀਂ ਲੱਗਦਾ ਕਿ ਇਹ ਰਜੋ ਗੁਣੀ ਹੈ, ਤਮੋ ਗੁਣੀ ਹੈ ਕਿ ਸਤੋ ਗੁਣੀ ਹੈ। ਮੂਰਖ ਹੈ ਕਿ ਸਿਆਣਾ ਹੈ, ਆਸਤਿਕ ਹੈ ਕਿ ਨਾਸਤਿਕ ਹੈ, ਪੜ੍ਹਿਆ ਲਿਖਿਆ ਹੈ ਕਿ ਅਨਪੜ੍ਹ ਹੈ, ਸੱਭਿਆ ਹੈ ਕਿ ਅਸੱਭਿਆ ਹੈ। ਸੱਭਿਆ ਉਸਨੂੰ ਕਹਿੰਦੇ ਹਨ ਜਿਸਨੂੰ ਸਭਾ ਵਿਚ ਬੈਠਣ ਦਾ ਢੰਗ ਹੋਵੇ। ਉਹ ਜਦੋਂ ਬੋਲਦਾ ਹੈ, ਜੇਕਰ ਪੰਜ ਸੱਤ ਦਿਨ ਉਸਦੀ ਸੰਗਤ ਕਰੀਏ, ਤਾਂ

ਉਸਦੇ ਰਾਹੀਂ ਉਸਦੇ ਅੰਦਰ ਦਾ ਸਭ ਕੁਝ ਬਾਹਰ ਪ੍ਰਗਟ ਹੁੰਦਾ ਹੈ। ਜੋ ਕੁਝ ਮਨੁੱਖ ਦਿਖਾਈ ਦਿੰਦਾ ਹੈ, ਮਨੁੱਖ ਉਹ ਕੁਝ ਨਹੀਂ ਹੈ। ਸੌ ਫੀਸਦੀ ਪ੍ਰਮਾਤਮਾ ਆਪਣੇ ਸ਼ਬਦਾਂ ਵਿਚ ਪ੍ਰਗਟ ਹੁੰਦਾ ਹੈ। ਗੁਰੂ ਕੀ ਹੈ, ਉਸਦੇ ਬੋਲ ਦੱਸਣਗੇ। ਇਸ ਲਈ ਜਦੋਂ ਬੋਲ ਹੀ ਸਭ ਕੁਝ ਦੱਸਣਗੇ ਤਾਂ ਫਿਰ ਬੋਲ ਹੀ ਗੁਰੂ ਹਨ।

ਅਸੀਂ ਕਹਿੰਦੇ ਹਾਂ ਕਿ ਦਸਮ ਪਿਤਾ ਨੇ ਗੁਰਬਾਣੀ ਨੂੰ ਗੁਰ-ਗੱਦੀ ਦਿੱਤੀ। ਬਾਣੀ ਗੁਰੂ ਸ਼ੁਰੂ ਤੋਂ ਹੈ। ਇਹ ਬੋਲ ਤਾਂ ਪਹਿਲੇ ਦੇ ਹਨ-

*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥*

(ਅੰਗ ੯੪੩)

ਇਹ ਤਾਂ ਗੁਰੂ ਨਾਨਕ ਦੇ ਬੋਲ ਹਨ। ਆਦਿ ਕਾਲ ਤੋਂ ਸ਼ਬਦ ਗੁਰੂ ਹਨ ਕਿਉਂਕਿ ਬੋਲ ਸੰਬੰਧ ਜੋੜਦੇ ਹਨ। ਜਿਸ ਦਿਨ ਕਹਿੰਦਾ ਹਾਂ ਕਿ ਮੈਨੂੰ ਇਹ ਬੋਲ ਚੰਗੇ ਲੱਗਦੇ ਹਨ, ਬਸ ਗੁਰੂ ਮੈਨੂੰ ਚੰਗਾ ਲੱਗਦਾ ਹੈ। ਇਥੇ ਫਿਰ ਰੱਸ ਦੀ ਦੁਨੀਆਂ ਸ਼ੁਰੂ ਹੋ ਜਾਏਗੀ, ਕਿਉਂਕਿ ਮੇਰੇ ਮੰਨਣ ਦਾ ਕਾਰਨ ਪ੍ਰੇਮ ਹੈ।

ਇਕ ਮੰਨਣ ਦਾ ਤੀਸਰਾ ਕਾਰਨ ਹੈ। ਹੇ ਗੁਰੂ ! ਤੂੰ ਬਹੁਤ ਉੱਚਾ ਹੈਂ, ਮੈਂ ਨਹੀਂ ਸਮਝ ਸਕਦਾ। ਤੂੰ ਬਹੁਤ ਮਹਾਨ ਹੈਂ, ਮੇਰੀ ਸਮਝ ਤੋਂ ਬਾਹਰ ਹੈ। ਇਹ ਮੰਨਣਾ ਹੁਣ ਸ਼ਰਧਾ 'ਤੇ ਖੜਾ ਹੈ। ਸ਼ਰਧਾ ਮਨੁੱਖ ਨੂੰ ਉੱਚਾ ਕਰਦੀ ਹੈ। ਜੇਕਰ ਕਿਸੇ ਦੇ ਅੰਦਰ ਸ਼ਰਧਾ ਨਹੀਂ ਤੇ ਗੁਰਦੁਆਰੇ ਆ ਰਿਹਾ ਹੈ, ਤਾਂ ਇਸਦੀ ਜ਼ਿੰਦਗੀ ਕੋਈ ਬੁਲੰਦੀਆਂ ਨੂੰ ਨਹੀਂ ਛੂਹੇਗੀ। ਇਹ 40-50 ਸਾਲ ਤੋਂ ਗੁਰਦੁਆਰੇ ਆ ਰਿਹਾ ਹੈ, ਪਰ ਇਸਦੀ ਸੁਰਤ ਉੱਚੀ ਨਹੀਂ ਹੋਈ, ਇਹ ਸ਼ਰਧਾਹੀਣ ਹੋਵੇਗਾ। ਸ਼ਰਧਾਲੂ ਮਨੁੱਖ ਮਹਾਨ ਹੋ ਜਾਂਦਾ ਹੈ। ਮੇਰੀ ਸਮਝ ਵਿਚ ਨਹੀਂ ਆਇਆ। ਕਿਉਂ? ਮੇਰੀ ਸਮਝ ਤੋਂ ਉੱਚਾ ਸੀ।

*ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ॥*

(ਅੰਗ ੫੪੭)

ਮੰਨਣ ਦਾ ਸੰਬੰਧ ਪ੍ਰੇਮ ਨਾਲ ਹੈ, ਇਹ ਮਨੁੱਖ ਨੂੰ ਮਨੁੱਖ ਬਣਾ ਦਿੰਦਾ ਹੈ। ਮੰਨਣ ਦਾ ਸੰਬੰਧ ਸ਼ਰਧਾ ਨਾਲ ਹੈ, ਇਹ ਮਨੁੱਖ ਨੂੰ ਦੇਵਤਾ ਬਣਾ ਦਿੰਦਾ ਹੈ। ਅਜਿਹਾ ਕੋਈ ਮਨੁੱਖ ਹੁੰਦਾ ਹੈ। ਸਾਰੇ ਮਨੁੱਖ ਨਹੀਂ ਹੁੰਦੇ। ਮਨੁੱਖਤਾ ਉਸ ਦਿਨ ਸ਼ੁਰੂ ਹੁੰਦੀ ਹੈ, ਜਿਸ ਦਿਨ ਮੈਂ ਮਨੁੱਖ ਨੂੰ ਮੰਨਦਾ ਹਾਂ। ਮੈਂ ਇਸ ਕਰਕੇ ਮੰਨਦਾ ਹਾਂ, ਕਿਉਂਕਿ ਮੈਂ ਮਨੁੱਖ ਹਾਂ ਤਾਂ ਉਹ ਮਨੁੱਖ ਹੈ। ਮਨੁੱਖ ਦਾ ਮਨੁੱਖ ਨਾਲ ਸੰਬੰਧ ਨਹੀਂ ਹੈ। ਮੈਂ ਦੇਖਕੇ ਹੈਰਾਨ ਹੁੰਦਾ ਹਾਂ ਕਿ ਸ਼ੇਰ ਸ਼ੇਰ ਦਾ ਮਾਸ ਨਹੀਂ ਖਾਂਦਾ। ਗਿੱਦੜ ਗਿੱਦੜ ਨੂੰ ਨਹੀਂ ਖਾਂਦਾ। ਇਕ ਬੰਦਾ ਹੀ ਹੈ ਜੋ ਬੰਦੇ ਨੂੰ ਮਾਰਦਾ ਹੈ। ਬਾਜ਼ ਚਿੜੀਆਂ ਦਾ ਸ਼ਿਕਾਰ ਕਰਦਾ ਹੋਵੇਗਾ, ਕਬੂਤਰਾਂ ਦਾ ਕਰਦਾ ਹੋਵੇਗਾ, ਕੋਈ ਬਾਜ਼ ਬਾਜ਼ ਨਹੀਂ ਖਾਂਦਾ। ਸ਼ਰਧਾਲੂ ਬਿਸਮਾਦ ਵਿਚ ਜੀਊਂਦਾ ਹੈ। ਕਾਰਨ? ਉਸਨੂੰ ਸਮਝ ਆ ਗਈ ਕਿ

ਮੈਂ ਨਹੀਂ ਸਮਝ ਸਕਦਾ।

ਇਕ ਚੌਥਾ ਮੰਨਣਾ ਹੈ। ਉਹ ਮੰਨਣਾ ਮਨੁੱਖ ਨੂੰ ਪ੍ਰਮਾਤਮਾ ਹੀ ਬਣਾ ਦਿੰਦਾ ਹੈ। ਉਹ ਮੰਨਣਾ ਭਗਤੀ ਤੇ ਭਾਵਨਾ 'ਤੇ ਖੜਾ ਹੈ। ਉਸਦੇ ਵਿਚ ਪ੍ਰਮਾਤਮਾ ਤੇ ਭਗਤ ਵਿਚ ਕੋਈ ਭੇਦ ਨਹੀਂ ਰਹਿ ਜਾਂਦਾ। ਠੀਕ ਹੈ ਤੂੰ ਮਹਾਨ ਹੈਂ, ਬੜੀ ਮੇਰੀ ਸ਼ਰਧਾ ਹੈ ਪਰ ਮੈਂ ਵੀ ਤਾਂ ਤੇਰੇ ਕਰਕੇ ਹਾਂ। ਕਿਰਨ ਕਹਿ ਸਕਦੀ ਹੈ ਕਿ ਸੂਰਜ ਤੂੰ ਮਹਾਨ ਹੈਂ, ਪਰ ਮੈਂ ਵੀ ਤਾਂ ਤੇਰੀ ਅੰਸ਼ ਹਾਂ। ਅਜਿਹੀ ਸੂਝ-ਬੂਝ ਵਾਲਾ ਮਨੁੱਖ ਜੋ ਲੀਨ ਹੁੰਦਾ ਹੈ, ਇਸਨੂੰ ਭਗਤੀ ਕਹਿੰਦੇ ਹਨ। ਧੰਨ ਗੁਰੂ ਰਾਮਦਾਸ ਜੀ ਮਹਾਰਾਜ ਇਸ ਮੰਨਣ ਸ਼ਕਤੀ ਦਾ ਧਨਾਸਰੀ ਰਾਗ ਦੇ ਪਾਵਨ ਪਵਿੱਤਰ ਵਾਕ ਵਿਚ ਜ਼ਿਕਰ ਕਰ ਰਹੇ ਹਨ। ਅੱਖਰੀ ਅਰਥ ਆਪ ਸਰਵਨ ਕਰੋ।

ਧਨਾਸਰੀ ਮਹਲਾ ੪ ॥

*ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥*

ਸੇਵਕ ਤੇ ਸਿੱਖ ਦੋ ਸ਼ਬਦ ਵਰਤੇ ਹਨ। ਸਿੱਖ ਗਿਆਨ ਲੈਣਾ ਚਾਹੁੰਦਾ ਹੈ, ਸਿੱਖਿਆ ਲੈਣਾ ਚਾਹੁੰਦਾ ਹੈ, ਸਮਝ ਲੈਣਾ ਚਾਹੁੰਦਾ ਹੈ, ਸੂਝ-ਬੂਝ ਲੈਣਾ ਚਾਹੁੰਦਾ ਹੈ। ਸੇਵਕ ਨੂੰ ਕੋਈ ਲੋੜ ਨਹੀਂ ਸੂਝ-ਸਮਝ ਦੀ। ਅਸੀਂ ਸੇਵਾ ਕਰਕੇ ਹੀ ਪ੍ਰਸੰਨ ਹਾਂ। ਅਸੀਂ ਮੰਨ ਲੈਂਦੇ ਹਾਂ ਕਿ ਤੂੰ ਮਹਾਨ ਹੈਂ। ਮਹਾਰਾਜ ਕਹਿੰਦੇ ਹਨ, ਸੇਵਕ ਤੇ ਸਿੱਖ ਸਾਰੇ ਪੂਜਣ ਲਈ ਆਉਂਦੇ ਹਨ ਤੇ ਪੂਜਣ ਦਾ ਸਾਧਨ ਬਣਾਉਂਦੇ ਹਨ ਹਰੀ ਦੇ ਬੋਲਾਂ ਦਾ ਉਚਾਰਨ, ਹਰੀ ਦੇ ਬੋਲਾਂ ਦੀ ਕੀਰਤੀ ਉਚਾਰਨ ਕਰਨੀ, ਪਰ ਇਹ ਗਾਇਆ ਹੋਇਆ, ਇਹ ਸੁਣਿਆ ਹੋਇਆ, ਇਹ ਬੋਲਿਆ ਹੋਇਆ ਕਿੰਨ੍ਹਾਂ ਦਾ ਲੇਖੇ ਲੱਗਦਾ ਹੈ?

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥ ੧॥*

ਜਿਨ੍ਹਾਂ ਨੇ ਗੁਰੂ ਦੀ ਹਰ ਆਗਿਆ ਨੂੰ ਸਤ ਸਤ ਕਰਕੇ ਮੰਨਿਆ, ਆਪਣੀ ਆਗਿਆ ਅੱਗੇ ਨਹੀਂ ਰੱਖੀ। ਗੁਰੂ ਤੂੰ ਇਹ ਕਰ, ਔਹ ਕਰ, ਇਸ ਕਰਕੇ ਤੈਨੂੰ ਮੰਨਦੇ ਹਾਂ। ਨਹੀਂ, ਗੁਰੂ ਜੋ ਕਹਿੰਦਾ ਹੈ ਉਸਨੂੰ ਕਰਨ ਵਿਚ ਪ੍ਰਸੰਨਤਾ ਹੈ ਜਿਸਦੀ, ਉਸਦਾ ਮੰਨਿਆ ਹੋਇਆ ਲੇਖੇ ਲੱਗਦਾ ਹੈ। ਉਹ ਮੰਨਿਆ ਹੋਇਆ ਮਨ ਦਾ ਹਿੱਸਾ ਬਣ ਜਾਂਦਾ ਹੈ ਤੇ ਮਨ ਦੀ ਦੁਨੀਆਂ ਨੂੰ ਬਦਲ ਦਿੰਦਾ ਹੈ।

*ਬੋਲਹੁ ਭਾਈ ਹਰਿ ਕੀਰਤਿ ਹਰਿ ਭਵਜਲ ਤੀਰਥਿ॥*

ਹੇ ਭਾਈ ! ਹਰੀ ਦੀ ਕੀਰਤੀ ਕਰੋ। ਹਰੀ ਦੇ ਗੁਣਾਂ ਨੂੰ ਗਾਇਨ ਕਰੋ। ਸੰਸਾਰ ਜੋ ਭੈਅ ਦਾ ਸਾਗਰ ਹੈ, ਇਸਨੂੰ ਤਰਨ ਦਾ ਇਹੀ ਤਰੀਕਾ ਹੈ ਕਿ ਇਸਦੀ ਸਿਫ਼ਤ-ਸਲਾਹ ਕਰੋ। ਇਸਦਾ ਜੱਸ ਗਾਇਨ ਕਰੋ।

*ਹਰਿ ਦਰਿ ਤਿਨ ਕੀ ਊਤਮ ਬਾਤ ਹੈ ਸੰਤਹੁ*
*ਹਰਿ ਕਥਾ ਜਿਨ ਜਨਹੁ ਜਾਨੀ॥ ਰਹਾਉ॥*

ਜਿਨ੍ਹਾਂ ਨੇ ਹਰੀ ਦੀ ਕਥਾ ਨੂੰ ਬੜੀ ਗਹਿਰਾਈ ਨਾਲ ਸਮਝਿਆ ਹੈ, ਜਾਣਿਆ ਹੈ, ਮੰਨਿਆ ਹੈ, ਹਰੀ ਦੇ ਦਰ ਉੱਤੇ ਉਹਨਾਂ ਦੀ ਗੱਲ ਬੜੀ ਮਹਾਨ ਹੈ। ਉਹ ਉੱਤਮ ਗਿਣੇ ਜਾਂਦੇ ਹਨ, ਪ੍ਰਭੂ ਦਾ ਸਰੂਪ ਹੋ ਜਾਂਦੇ ਹਨ।

*ਆਪੇ ਗੁਰੁ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ ਵਿਡਾਨੀ॥*

ਜਿਸਨੂੰ ਬ੍ਰਹਮ ਗਿਆਨੀ ਕਹਿੰਦੇ ਹਨ, ਬ੍ਰਹਮ ਅਵਸਥਾ ਕਹਿੰਦੇ ਹਨ, ਉਸਨੂੰ ਸਾਰੀ ਕਾਇਨਾਤ ਫਿਰ ਇਕ ਦਿਖਾਈ ਦਿੰਦੀ ਹੈ। ਅਨੇਕਤਾ ਮਿੱਟ ਜਾਂਦੀ ਹੈ। ਲਹਿਰਾਂ ਛੋਟੀਆਂ ਵੱਡੀਆਂ ਉਸ ਨੂੰ ਦਿਖਾਈ ਦਿੰਦੀਆਂ ਹਨ, ਪਰ ਉਹ ਲਹਿਰਾਂ ਵਿਚ ਸਾਗਰ ਨੂੰ ਦੇਖਦਾ ਹੈ। ਉਹ ਸਾਰੀਆਂ ਕਿਰਨਾਂ ਵਿਚ ਸੂਰਜ ਨੂੰ ਦੇਖਦਾ ਹੈ। ਉਹ ਸਾਰੇ ਰੂਪਾਂ ਵਿਚ ਉਸ ਅਰੂਪ ਨੂੰ ਦੇਖਦਾ ਹੈ। ਜਦੋਂ ਦੇਖਦਾ ਹੈ ਫਿਰ ਸਾਰੇ ਬਰਾਬਰ ਉਸਨੂੰ ਦਿਖਾਈ ਦਿੰਦੇ ਹਨ, ਚਾਹੇ ਉਹ ਗੁਰੂ ਹੈ, ਚਾਹੇ ਉਹ ਚੇਲਾ ਹੈ, ਚਾਹੇ ਉਹ ਮਾਲਕ ਹੈ, ਚਾਹੇ ਉਹ ਨੌਕਰ ਹੈ, ਉਸਨੂੰ ਸਾਰਿਆਂ ਵਿਚ ਉਹ ਇਕ ਦਿਖਾਈ ਦੇ ਜਾਂਦਾ ਹੈ। ਉਸਨੂੰ ਦਿੱਸਦਾ ਹੈ ਕਿ ਇਹ ਅਨੇਕਤਾ ਉਪਰੋਂ ਉਪਰੋਂ ਉਸ ਦਾ ਚੋਜ ਹੈ, ਉਸਦਾ ਤਮਾਸ਼ਾ ਹੈ, ਵਾਸਤਵ ਵਿਚ ਉਹ ਇਕ ਹੈ। ਉਹ ਗੁਰੂ ਵੀ ਹੈ, ਉਹ ਚੇਲਾ ਵੀ ਹੈ, ਉਹ ਸਭ ਕੁਝ ਹੈ।

*ਜਨ ਨਾਨਕ ਆਪਿ ਮਿਲਾਏ ਸੋਈ ਹਰਿ ਮਿਲਸੀ*
*ਅਵਰ ਸਭ ਤਿਆਗਿ ਓਹਾ ਹਰਿ ਭਾਨੀ॥੨॥੫॥੧੧॥*

ਕਿਉਂਕਿ ਨਿਯਮਾਵਲੀ ਉਸਨੇ ਆਪ ਬਣਾਈ ਹੈ, ਸਾਧਨ ਉਸਨੇ ਆਪ ਜੁਟਾਏ ਹਨ। ਜਿਹੜਾ ਉਹਨਾਂ ਸਾਧਨਾਂ ਨੂੰ ਅਪਣਾ ਲੈਂਦਾ ਹੈ, ਉਸ ਨਿਯਮਾਵਲੀ ਨੂੰ ਮੰਨ ਲੈਂਦਾ ਹੈ ਤਾਂ ਮੇਰਾ ਮਨ ਉਸਦਾ ਰੂਪ ਹੋ ਜਾਏਗਾ। ਜੋ ਸਾਧਨ ਉਸਨੇ ਬਣਾਏ ਹਨ, ਮਨ ਮੰਨੇ ਤਾਂ ਹਨ, ਮਨ ਨਾ ਮੰਨੇ ਤਾਂ ਨਹੀਂ ਹਨ ਤੇ ਜੇ ਮੈਂ ਹੁਣ ਨਾਂਹ ਕਰਦਾ ਹਾਂ ਕਿ ਨਹੀਂ ਹੈ ਤੇ ਹੁਣ ਮੈਂ ਆਖਾਂ ਮੇਰਾ ਮਨ ਉਸਦਾ ਰੂਪ ਹੋ ਜਾਏ, ਨਹੀਂ ਹੋਵੇਗਾ। ਇਹ ਨਿਯਮ ਉਸਨੇ ਆਪ ਬਣਾਇਆ ਹੈ। ਜੇਕਰ ਇਸ ਨਿਯਮ ਨੂੰ ਕੋਈ ਮੰਨਦਾ ਹੈ ਤਾਂ ਇਹ ਨਿਯਮ ਪ੍ਰਮਾਤਮਾ ਦਾ ਨਿਯਮ ਹੈ। ਇਸ ਨਿਯਮ ਦੇ ਮੁਤਾਬਿਕ ਉਹ ਪ੍ਰਮਾਤਮਾ ਦਾ ਰੂਪ ਹੋ ਜਾਂਦਾ ਹੈ। ਉਸਦੇ ਬਣਾਏ ਹੋਏ ਕਾਰਨਾਂ ਨੇ ਉਸਨੂੰ ਪ੍ਰਮਾਤਮਾ ਤੱਕ ਪਹੁੰਚਾਇਆ ਹੈ। ਪ੍ਰਮਾਤਮਾ ਤੱਕ ਪਹੁੰਚ ਕੇ ਸਮਝ ਲਉ ਉਸਨੂੰ ਪ੍ਰਮਾਤਮਾ ਨੇ ਹੀ ਆਪਣੇ ਤੱਕ ਪਹੁੰਚਾਇਆ ਹੈ। ਉਹੀ ਮਿਲਦਾ ਹੈ ਜਿਸਨੂੰ ਉਹ ਆਪ ਪ੍ਰਮਾਤਮਾ ਆਪਣੇ ਵਿਚ ਜੋੜ ਲੈਂਦਾ ਹੈ, ਮਿਲਾ ਲੈਂਦਾ ਹੈ। ਭੁੱਲਾਂ ਚੁੱਕਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

# ਮਾਨੁਖੁ ਬਿਨੁ ਬੂਝੇ ਬਿਰਥਾ ਆਇਆ

ਟੋਡੀ ਮਹਲਾ ੫ ॥

*ਮਾਨੁਖੁ ਬਿਨੁ ਬੂਝੇ ਬਿਰਥਾ ਆਇਆ॥*
*ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕੁ ਓਢਾਇਆ॥ ਰਹਾਉ॥*
*ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ॥*
*ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ॥ ੧॥*
*ਕਰਿ ਆਭਰਣ ਸਵਾਰੀ ਸੇਜਾ ਕਾਮਨਿ ਥਾਟੁ ਬਨਾਇਆ॥*
*ਸੰਗੁ ਨ ਪਾਇਓ ਅਪੁਨੇ ਭਰਤੇ ਪੇਖਿ ਪੇਖਿ ਦੁਖੁ ਪਾਇਆ॥ ੨॥*
*ਸਾਰੋ ਦਿਨਸੁ ਮਜੂਰੀ ਕਰਤਾ ਤੁਹੁ ਮੂਸਲਹਿ ਛਰਾਇਆ॥*
*ਖੇਦੁ ਭਇਓ ਬੇਗਾਰੀ ਨਿਆਈ ਘਰ ਕੈ ਕਾਮਿ ਨ ਆਇਆ॥ ੩॥*
*ਭਇਓ ਅਨੁਗ੍ਰਹੁ ਜਾ ਕਉ ਪ੍ਰਭ ਕੋ ਤਿਸੁ ਹਿਰਦੈ ਨਾਮੁ ਵਸਾਇਆ॥*
*ਸਾਧਸੰਗਤਿ ਕੈ ਪਾਛੈ ਪਰਿਅਉ ਜਨ ਨਾਨਕ ਹਰਿ ਰਸੁ ਪਾਇਆ॥੪॥੨॥੪॥*

(ਅੰਗ ੭੧੨)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਰੂਪ ਸਾਧਸੰਗਤਿ ਜੀ ! ਇਸ ਵਿਚ ਜਿਹੜਾ ਮੂਲ ਪ੍ਰਕਰਨ ਚੱਲਦਾ ਹੈ, ਉਹ ਹੈ ਜੀਵਨ ਦੇ ਲਕਸ਼ ਨੂੰ ਸਮਝੇ ਬਿਨਾਂ ਜੀਵਨ ਬਤੀਤ ਕਰਨਾ ਵਿਅਰਥ ਹੈ। ਜੀਵਨ ਦਾ ਲਕਸ਼ ਕੀ ਹੈ? ਕਿਉਂ ਜੀਅ ਰਹੇ ਹਾਂ? ਕਿਸੇ ਨੇ ਜੀਵਨ ਦਾ ਲਕਸ਼ ਖਾਣਾ ਪੀਣਾ ਹੀ ਰੱਖਿਆ ਹੈ। ਇਹ ਇਕ ਸਾਧਨ ਸੀ, ਲਕਸ਼ ਨਹੀਂ ਸੀ। ਕਿਸੇ ਦੇ ਜੀਵਨ ਦਾ ਲਕਸ਼ ਪਰਿਵਾਰ ਹੈ, ਧਨ ਸੰਮਪਦਾ ਹੈ। ਇਸ ਤੋਂ ਅੱਗੇ ਅੱਜ ਤੱਕ ਮਨੁੱਖ ਦੀਆਂ ਨਿਗਾਹਾਂ ਨਹੀਂ ਗਈਆਂ। ਸਾਹਿਬ ਕਹਿੰਦੇ ਹਨ ਕਿ ਜੀਵਨ ਦਾ ਇਹ ਲਕਸ਼ ਨਹੀਂ ਹੈ। ਜਿਹੜੇ ਜਿਹੜੇ ਲਕਸ਼ ਬਣਾਏ ਹਨ, ਇਹ ਤਾਂ ਸਾਧਨ ਹਨ। ਸਾਧਨ ਨੂੰ ਲਕਸ਼ ਸਮਝ ਲਿਆ ਤਾਂ ਕੁਦਰਤੀ ਗੱਲ ਹੈ ਜਦੋਂ ਸਾਧਨ ਹੀ ਲਕਸ਼ ਹੈ ਤਾਂ ਫਿਰ ਲਕਸ਼ ਅਸਲ ਵਿਚ ਬਦਲ ਜਾਏਗਾ। ਇਹ ਲਕਸ਼ ਭੁੱਲਿਆ ਹੋਇਆ ਹੈ। ਇਸ ਕਰਕੇ ਅਵਤਾਰੀ ਪੁਰਸ਼ ਕਹਿੰਦੇ ਹਨ ਕਿ ਲਕਸ਼ ਨੂੰ ਯਾਦ ਕਰੋ।

ਲਕਸ਼ ਕੀ ਹੈ? ਪ੍ਰਮਾਤਮਾ। ਕੀ ਹੋਇਆ ਜੇ ਕਰੋੜਾਂ 'ਚੋਂ ਇਕ ਅੱਧ ਮਨੁੱਖ ਨੂੰ ਲਕਸ਼

ਦਾ ਪਤਾ ਹੈ। ਜਿਸ ਜਿਸ ਨੂੰ ਵੀ ਲਕਸ਼ ਦਾ ਬੋਧ ਨਹੀਂ ਹੈ, ਮਹਾਰਾਜ ਕਹਿੰਦੇ ਹਨ, ਉਸਦਾ ਸੰਸਾਰ 'ਤੇ ਆਉਣਾ ਵਿਅਰਥ ਹੈ। ਸਾਰਥਿਕ ਹੈ ਉਸ ਮਨੁੱਖ ਦਾ ਜੀਉਣਾ ਜਿਸਨੂੰ ਲਕਸ਼ ਦਾ ਪਤਾ ਹੈ ਤੇ ਜੀਵਨ ਲਕਸ਼ ਦੀ ਤਰਫ ਜਾ ਰਿਹਾ ਹੈ। ਜੇ ਲਕਸ਼ ਦੀ ਸਮਝ ਹੀ ਨਹੀਂ ਹੈ ਤਾਂ ਫਿਰ ਜੀਵਨ ਉਸ ਪਾਸੇ ਨਹੀਂ ਜਾ ਸਕਦਾ। ਜਿਨ੍ਹਾਂ ਜਿਨ੍ਹਾਂ ਨੂੰ ਅਸੀਂ ਸਤਿਸੰਗੀ ਕਹਿੰਦੇ ਹਾਂ, ਪ੍ਰੇਮੀ ਕਹਿੰਦੇ ਹਾਂ, ਇਹਨਾਂ ਦੇ ਵੀ ਜੀਵਨ ਦਾ ਲਕਸ਼ ਪ੍ਰਮਾਤਮਾ ਨਹੀਂ ਹੈ। ਇਹਨਾਂ ਨੇ ਵੀ ਸਾਧਨ ਨੂੰ ਲਕਸ਼ ਸਮਝਿਆ ਹੋਇਆ ਹੈ। ਜਿਨ੍ਹਾਂ ਦਾ ਲਕਸ਼ ਪ੍ਰਮਾਤਮਾ ਹੈ, ਉਹ ਇਸਨੂੰ ਸਾਧਨ ਦੀ ਤਰ੍ਹਾਂ ਵਰਤਦੇ ਹਨ ਕਿ ਹੇ ਪ੍ਰਭੂ ! ਤੂੰ ਇਹ ਕਰੀਂ, ਔਹ ਕਰੀਂ। ਇਹ ਨਹੀਂ ਕਿ ਪ੍ਰਭੂ ਤੂੰ ਮਿਲੇਂ। ਉਸਦਾ ਮਿਲ ਜਾਣਾ ਸਭ ਕੁਝ ਦਾ ਮਿਲ ਜਾਣਾ ਹੈ।

ਇਕ ਸੂਫ਼ੀ ਠੀਕ ਕਹਿੰਦਾ ਹੈ-

*ਸਭ ਕੁਛ ਖ਼ੁਦਾ ਸੇ ਮਾਂਗ ਲੀਆ ਖ਼ੁਦਾ ਕੋ ਮਾਂਗ ਕਰ।*
*ਉਠਤੇ ਨਹੀਂ ਹੈਂ ਹਾਥ ਮੇਰੇ ਇਸ ਦੁਆ ਕੇ ਬਾਅਦ।*

ਕਹਿੰਦਾ ਹੈ ਜਿਸ ਦਿਨ ਦਾ ਮੈਂ ਰੱਬ ਨੂੰ ਮੰਗਿਆ ਹੈ, ਹੁਣ ਹੋਰ ਕੁਝ ਮੰਗਣਾ ਚੰਗਾ ਹੀ ਨਹੀਂ ਲੱਗਦਾ। ਇਹੀ ਸਿਆਣਾ ਹੈ, ਬਾਕੀ ਸਭ ਮੂੜ ਹਨ ਜੋ ਪ੍ਰਮਾਤਮਾ ਕੋਲੋਂ ਹੋਰ ਹੋਰ ਤਾਂ ਮੰਗ ਲੈਂਦੇ ਹਨ, ਪਰ ਪ੍ਰਮਾਤਮਾ ਨੂੰ ਨਹੀਂ ਮੰਗਦੇ। ਜਿਹੜੇ ਹੋਰ ਹੋਰ ਮੰਗਦੇ ਹਨ, ਸਾਹਿਬ ਕਹਿੰਦੇ ਹਨ-

*ਮਮਾ ਮਾਗਨਹਾਰ ਇਆਨਾ॥*

(ਅੰਗ ੨੫੮)

ਇਹ ਸਭ ਬੱਚੇ ਹਨ, ਨਾ ਸਮਝ ਹਨ, ਇਆਣੇ ਹਨ, ਖਿਡੌਣੇ ਹੀ ਮੰਗਦੇ ਹਨ। ਬੱਚਾ ਕਈ ਵਾਰੀ ਖਿਡੌਣਿਆਂ ਦੀ ਮਮਤਾ ਕਰਕੇ, ਖਿਡੌਣਿਆਂ ਦੀ ਪਕੜ ਕਰਕੇ ਮਾਂ ਨੂੰ ਵੀ ਭੁੱਲ ਜਾਂਦਾ ਹੈ, ਪਿਉ ਨੂੰ ਵੀ ਭੁੱਲ ਜਾਂਦਾ ਹੈ। ਥੋੜਾ ਵੱਡਾ ਹੋ ਗਿਆ ਤਾਂ ਹੁਣ ਖਿਡੌਣੇ ਵੱਡੇ ਹੋ ਗਏ ਹਨ। ਹੁਣ ਪਰਿਵਾਰ ਕਰਕੇ ਨਿਰੰਕਾਰ ਨੂੰ ਹੀ ਭੁੱਲ ਗਿਆ। ਪ੍ਰਮਾਤਮਾ ਨੂੰ ਛੱਡ ਕੇ ਇਹ ਸਭ ਕੁਝ ਮੰਗਦਾ ਹੈ। ਜੋ ਜੋ ਇਹ ਮੰਗਦਾ ਹੈ, ਉਹ ਗੁਰਬਾਣੀ ਕਹਿੰਦੀ ਹੈ ਕਿ ਉਹ ਬਿਨਾਂ ਮੰਗਿਆਂ ਹੀ ਦੇ ਰਿਹਾ ਹੈ।

*ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ॥*

(ਅੰਗ ੭੩)

ਸਾਡੀ ਸੰਸਾਰੀ ਮਿਹਨਤ ਕੋਈ ਵੀ ਅਜਾਈਂ ਨਹੀਂ ਜਾਂਦੀ, ਪਰ ਜੋ ਸਾਡੀ ਪ੍ਰਾਲਬਧ ਹੁੰਦੀ ਹੈ, ਉਹ ਮਿਲਦਾ ਜਾ ਰਿਹਾ ਹੈ, ਬਿਨਾਂ ਮੰਗਿਆਂ ਹੀ ਮਿਲਦਾ ਜਾ ਰਿਹਾ ਹੈ। ਇਸ ਲਈ ਸਾਹਿਬ ਕਹਿੰਦੇ ਹਨ-

*ਮਾਗਨਿ ਮਾਗ ਤ ਏਕਹਿ ਮਾਗ॥*

ਉਸ ਇਕ ਨੂੰ ਹੀ ਮੰਗ।

*ਨਾਨਕ ਜਾ ਤੇ ਪਰਹਿ ਪਰਾਗ॥*

(ਅੰਗ ੨੫੮)

ਸਾਰੇ ਧੰਦਿਆਂ ਤੋਂ, ਸਾਰੇ ਦੁੱਖਾਂ ਤੋਂ ਮੁਕਤ ਹੋ ਜਾਏਂ ਜੇ ਉਸ ਇਕ ਨੂੰ ਮੰਗੇਂ। ਸਤਿਸੰਗ ਕੀਤਾ ਕਿਸਦਾ ਸਫਲ ਹੈ? ਜਿਸਨੇ ਜੀਵਨ ਦਾ ਲਕਸ਼ ਪ੍ਰਮਾਤਮਾ ਨੂੰ ਸਮਝ ਲਿਆ ਹੈ। ਜਨਮ ਕਿਸ ਦਾ ਸਫਲ ਹੋਇਆ ਹੈ? ਜਿਹੜਾ ਜੀਵਨ-ਲਕਸ਼ ਤੱਕ ਪਹੁੰਚ ਗਿਆ ਹੈ। ਇਹ ਦੋ ਤਰ੍ਹਾਂ ਦੀ ਸਫਲਤਾ ਹੈ। ਇਕ ਸਮਝਣਾ ਹੈ, ਇਕ ਪ੍ਰਾਪਤ ਕਰਨਾ ਹੈ। ਜਿਸਨੂੰ ਜਾਣਨਾ ਹੈ, ਉਸਨੂੰ ਪ੍ਰਾਪਤ ਕਰਨਾ ਹੈ। ਜਿਸਨੂੰ ਪ੍ਰਾਪਤ ਕਰਨਾ ਹੈ, ਉਸਨੂੰ ਪਹਿਲਾਂ ਜਾਣਨਾ ਹੈ। ਲੜੀਵਾਰ ਆਪ ਵਾਕ ਨੂੰ ਸਰਵਨ ਕਰੋ।

*ਟੋਡੀ ਮਹਲਾ ੫॥ ਮਾਨੁਖੁ ਬਿਨੁ ਬੂਝੇ ਬਿਰਥਾ ਆਇਆ॥*

ਮਨੁੱਖ ਜੀਵ ਦੇ ਲਕਸ਼ ਨੂੰ ਸਮਝੇ ਬਿਨਾਂ ਵਿਅਰਥ ਹੈ। ਇਸ ਦਾ ਸੰਸਾਰ 'ਤੇ ਆਉਣਾ ਵਿਅਰਥ ਹੈ।

*ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕੁ ਓਢਾਇਆ॥ ਰਹਾਉ॥*

ਜਿੰਨਾ ਬਾਕੀ ਸਾਜ਼ੋ ਸਾਮਾਨ ਹੈ, ਇਹ ਜਿੰਨਾ ਵੀ ਆਪਣਾ ਤਨ ਸਵ੍ਹਾਰਦਾ ਹੈ, ਮਹਾਰਾਜ ਕਹਿੰਦੇ ਹਨ, ਇਹ ਸਭ ਮੁਰਦੇ ਦਾ ਸ਼ਿੰਗਾਰ ਹੈ।

ਯੂਰਪ ਏਸ਼ੀਆ ਦੇ ਦੇਸ਼ਾਂ ਵਿਚ ਇਕ ਬਹੁਤ ਵੱਡਾ ਧੰਦਾ ਹੈ ਮੁਰਦਿਆਂ ਨੂੰ ਸ਼ਿੰਗਾਰਨਾ। ਮੁਰਦੇ ਨੂੰ ਦੱਸ-ਵੀਹ ਦਿਨ ਘਰ ਵਿਚ ਰੱਖਦੇ ਹਨ। ਸਭ ਤੋਂ ਵੱਡਾ ਖ਼ਰਚਾ ਮਰਨ 'ਤੇ ਹੈ। ਯੂਰਪ ਦੇ ਦੇਸ਼ਾਂ ਵਿਚ ਅੰਤਿਮ ਸਸਕਾਰ ਦੀ ਤਾਰੀਖ਼ ਗੌਰਮਿੰਟ ਵਲੋਂ ਲੱਗਦੀ ਹੈ। ਉੱਨੇ ਦਿਨ ਤੱਕ ਉਹ ਮੁਰਦਾ ਘਰ ਵਿਚ ਰਹਿੰਦਾ ਹੈ। ਅੰਤਿਮ ਸਸਕਾਰ ਦੇ ਦਿਨ ਘਰ ਵਿਚ ਸਾਰੇ ਦਰਸ਼ਨ ਕਰਦੇ ਹਨ, ਫਿਰ ਲੈ ਜਾਂਦੇ ਹਨ। ਉਸ ਮੁਰਦੇ ਨੂੰ ਉੱਨੀ ਦੇਰ ਇਸ ਤਰ੍ਹਾਂ ਸ਼ਿੰਗਾਰਦੇ ਹਨ ਜਿਵੇਂ ਲੱਗਦਾ ਹੈ ਕਿ ਇਹ ਸੁੱਤਾ ਹੈ। ਜਿੰਨੀ ਦੇਰ ਉਹ ਮੁਰਦਾ ਘਰ ਵਿਚ ਰਹਿੰਦਾ ਹੈ, ਉੱਨੇ ਦਿਨ ਬਰਾਦਰੀ ਵਾਲੇ ਰੋਜ਼ ਦੇਖਣ ਆਉਂਦੇ ਹਨ। ਉਹਨਾਂ ਨੂੰ ਵਿਆਹ ਤੋਂ ਵੀ ਜ਼ਿਆਦਾ ਵਧੀਆ ਪਕਵਾਨ ਖਵਾਇਆ ਜਾਂਦਾ ਹੈ। ਇਸ ਤਰ੍ਹਾਂ ਇਹ ਇਕ ਧੰਦਾ ਹੈ। ਜਿੰਨਾ ਜ਼ਿਆਦਾ ਸ਼ਿੰਗਾਰਨਾ ਹੈ, ਉੱਨੀ ਜ਼ਿਆਦਾ ਫ਼ੀਸ ਦੇਣੀ ਹੈ।

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਲਕਸ਼ ਨੂੰ ਪ੍ਰਾਪਤ ਕੀਤੇ ਬਿਨਾਂ ਹਰ ਮਨੁੱਖ ਜੀਊਂਦਾ ਨਹੀਂ, ਮੁਰਦਾ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਕੁਝ ਲਾਸ਼ਾਂ ਚਿੱਤਾ 'ਤੇ ਚੜ੍ਹੀਆਂ ਹੋਈਆਂ ਹਨ, ਕੁਝ ਲਾਸ਼ਾਂ ਜੱਲਦੀਆਂ ਪਈਆਂ ਹਨ। ਕੁਝ ਮੁਰਦੇ ਕਬਰਾਂ ਵਿਚ ਪਏ ਹੋਏ ਹਨ, ਕੁਝ ਮੁਰਦੇ ਘਰਾਂ, ਦੁਕਾਨਾਂ 'ਤੇ ਬੈਠੇ ਹੋਏ ਹਨ। ਇਹ ਸ਼ਿੰਗਾਰੇ ਹੋਏ ਹਨ। ਸਿਰਫ਼ ਤਨ ਦੇ ਤੱਲ ਦੀ ਜ਼ਿੰਦਗੀ ਦਿਖਾਈ ਦੇ ਰਹੀ ਹੈ, ਅੰਦਰੋਂ ਮਨ ਮੁਰਦਾ ਹੈ। ਮੁਰਦੇ ਨੂੰ ਜੀਵਾਉਣਾ

ਬੜਾ ਔਖਾ ਹੈ। ਮਨ ਨੂੰ ਜਿਹੜਾ ਮੁਰਦਾ ਆਖਿਆ ਗਿਆ ਹੈ, ਉਹ ਇਸ ਤਰ੍ਹਾਂ ਦੀ ਗੂੜ੍ਹੀ ਨੀਂਦ ਹੈ। ਮਨ ਪ੍ਰਮਾਤਮਾ ਦੇ ਪ੍ਰਤੀ ਸੁੱਤਾ ਪਿਆ ਹੈ। ਪਰ ਇਹ ਮੁਰਦਾ ਜੀਊਂਦਾ ਹੋ ਸਕਦਾ ਹੈ ਕੀਰਤਨ ਦੇ ਰਾਹੀਂ, ਕਥਾ ਦੇ ਰਾਹੀਂ, ਸਤਿਸੰਗ ਦੇ ਰਾਹੀਂ। ਜਿਵੇਂ ਹੀ ਲਕਸ਼ ਦੀ ਸਮਝ ਆਏਗੀ, ਇਹ ਫਿਰ ਲਕਸ਼ ਦੀ ਪ੍ਰਾਪਤੀ ਤੋਂ ਬਿਨਾਂ ਰਹੇਗਾ ਨਹੀਂ। ਇਹ ਮਨੁੱਖ ਹੁਣ ਸਾਧਨਾ ਲਈ ਵੱਧ ਤੋਂ ਵੱਧ ਸਮਾਂ ਕੱਢੇਗਾ। ਇਹ ਮਨੁੱਖ ਹੁਣ ਜੱਪ ਤੱਪ ਲਈ ਬਹੁਤਾ ਵੱਡਾ ਸਮਾਂ ਕੱਢੇਗਾ। ਲਕਸ਼ ਦੀ ਸਮਝ ਨਹੀਂ ਆਈ ਤਾਂ ਫਿਰ ਇਹ ਮੁਰਦੇ ਹੀ ਹਨ।

ਹਰ ਮਨੁੱਖ ਨੇ ਪਤਾ ਨਹੀਂ ਕਿੰਨਾ ਰੋਣਾ ਛੁਪਾਇਆ ਹੋਇਆ ਹੈ। ਇਹ ਹੱਸਦੇ ਮੁਸਕਰਾਉਂਦੇ ਚਿਹਰੇ ਪਤਾ ਨਹੀਂ ਕਿੰਨਾ ਰੋਣਾ ਛੁਪਾਈ ਬੈਠੇ ਹਨ। ਮਹਾਰਾਜ ਕਹਿੰਦੇ ਹਨ, ਇਹ ਸਭ ਮੁਰਦੇ ਸ਼ਿੰਗਾਰੇ ਹੋਏ ਹਨ। ਕੋਈ ਤਾਰਕਿਕ ਤਰਕ ਕਰ ਸਕਦਾ ਹੈ ਤਨ ਦੇ ਤੱਲ 'ਤੇ ਕਿ ਜੋ ਮਰ ਗਿਆ ਹੈ, ਜੀਊਂਦਾ ਨਹੀਂ ਹੋ ਸਕਦਾ।

ਸਿੰਘਾਪੁਰ ਵਿਚ ਇਕ ਘਟਨਾ ਘੱਟੀ। ਇਕ ਚੰਗੇ ਧਨਾਢ ਦਾ ਲੜਕਾ ਚਲਾਣਾ ਕਰ ਗਿਆ। ਇਥੋਂ ਅੰਮ੍ਰਿਤਸਰ ਦੇ ਸੰਤ ਗਏ ਹੋਏ ਸਨ। ਆਪਣੇ ਆਪ ਨੂੰ ਸੰਤ ਕਹਿੰਦੇ ਹਨ, ਲੋਕੀਂ ਮੰਨਦੇ ਹਨ। ਉਹਨਾਂ ਨੇ ਕਿਹਾ ਕਿ ਇਸਨੂੰ ਘਰ ਵਿਚ ਸ਼ੀਸ਼ੇ ਦੇ ਬਕਸੇ ਵਿਚ ਰੱਖੋ, ਅਗਲੇ ਸਾਲ ਮੈਂ ਆਵਾਂਗਾ, ਇਸ ਨੂੰ ਜੀਊਂਦਾ ਕਰਾਂਗਾ। ਮੈਂ ਉਹਨਾਂ ਦਿਨਾਂ ਵਿਚ ਉਥੇ ਹੀ ਸੀ। ਮੈਂ ਕਹਿ ਬੈਠਾ ਕਿ ਸਾਲ ਬਾਅਦ ਇਸ ਦੀਆਂ ਹੱਡੀਆਂ ਵੀ ਨਹੀਂ ਲੱਭਣੀਆਂ। ਤਣਾਉ ਖੜਾ ਹੋ ਗਿਆ। ਕਹਿਣ ਲੱਗੇ ਸਾਲ ਉਡੀਕੇ ਬਿਨਾਂ ਤੁਸੀਂ ਕਿਸ ਤਰ੍ਹਾਂ ਕਹਿ ਸਕਦੇ ਹੋ? ਮੈਂ ਕਿਹਾ, ਮੈਂ ਕਹਿ ਸਕਦਾ ਹਾਂ। ਜਿਨ੍ਹਾਂ ਦਾ ਲੜਕਾ ਗੁਜ਼ਰਿਆ ਸੀ ਉਹ ਕਹਿਣ ਲੱਗੇ ਕਿ ਤੁਹਾਨੂੰ ਪਤਾ ਨਹੀਂ ਇਹ ਸੰਤ ਸਰਾਪ ਦੇ ਦੇਣਗੇ। ਮੈਂ ਕਿਹਾ ਜੇ ਮੈਨੂੰ ਸਰਾਪ ਲੱਗ ਜਾਏ ਫਿਰ ਸੱਚ ਸਮਝ ਲੈਣਾ, ਜੇ ਨਾ ਲੱਗੇ, ਫਿਰ ਮੇਰੀ ਗੱਲ ਨੂੰ ਸੱਚ ਸਮਝਣਾ। ਉਹਨਾਂ ਨੇ ਜਦੋਂ ਸ਼ੀਸ਼ੇ ਦੇ ਬਕਸੇ ਵਿਚ ਘਰ ਵਿਚ ਰੱਖਣ ਦਾ ਯਤਨ ਕੀਤਾ, ਪੁਲਿਸ ਘਰ ਵਿਚ ਪਹੁੰਚ ਗਈ। ਸਿੰਘਾਪੁਰ ਦੇ ਕਾਨੂੰਨ ਮੁਤਾਬਿਕ ਮੁਰਦਾ ਘਰ ਵਿਚ ਨਹੀਂ ਰੱਖ ਸਕਦੇ। ਹੁਣ ਮੁਸਲਮਾਨਾਂ ਦਾ ਕਬਰਸਤਾਨ, ਉਹਨਾਂ ਨੇ ਇਨਕਾਰ ਕਰ ਦਿੱਤਾ ਕਿ ਇਹ ਸਿੱਖ ਹੈ, ਅਸੀਂ ਨਹੀਂ ਦੱਫ਼ਨ ਹੋਣ ਦੇਣਾ। ਈਸਾਈਆਂ ਦਾ ਕਬਰਸਤਾਨ, ਉਹਨਾਂ ਨੇ ਵੀ ਇਨਕਾਰ ਕਰ ਦਿੱਤਾ। ਬੋਧੀਆਂ ਦੇ ਕਬਰਸਤਾਨ ਵਿਚ ਦੱਫ਼ਨ ਕੀਤਾ। ਸੰਤਾਂ ਨੇ ਕਿਹਾ ਸਾਲ ਬਾਅਦ ਜੀਊਂਦਾ ਕਰਾਂਗੇ। ਸਾਲ ਤੋਂ ਪਹਿਲਾਂ ਪਹਿਲਾਂ ਸੰਤ ਆਪ ਚਲਾਣਾ ਕਰ ਗਏ। ਉਹਨਾਂ ਨੂੰ ਵੀ ਸ਼ੀਸ਼ੇ ਦੇ ਬਕਸੇ ਵਿਚ ਰੱਖਣਾ ਪਿਆ, ਕਿਉਂਕਿ ਉਹਨਾਂ ਨੇ ਵੀ ਇਸ ਤਰ੍ਹਾਂ ਦੀ ਵਸੀਅਤ ਕੀਤੀ ਹੋਈ ਸੀ। ਸ਼ਾਇਦ ਸੋਚਦੇ ਹੋਣਗੇ ਕਿ ਦੋ ਚਾਰ ਸਾਲਾਂ ਬਾਅਦ ਮੈਂ ਜੀਊਂਦਾ ਹੋ ਜਾਵਾਂਗਾ। ਉਹ ਬਹੁਤ ਸਾਰਿਆਂ ਨੂੰ ਆਪਣਾ ਚੇਲਾ ਬਣਾ ਚੁੱਕੇ ਸਨ ਤੇ ਚੇਲੇ ਸਾਰੇ ਧਨਵਾਨ ਸਨ ਤੇ ਧਨਵਾਨ 100 ਵਿਚੋਂ ਕਿਸੇ ਇਕ ਅੱਧ ਕੋਲ ਅਕਲ ਹੁੰਦੀ ਹੈ, ਬਾਕੀ ਸਾਰੇ ਅਕਲ ਨੂੰ ਤਾਲੇ ਲਾ ਕੇ ਰੱਖਦੇ ਹਨ। ਇਕ ਨੇ ਦੱਬੀ ਆਵਾਜ਼ ਵਿਚ ਕਿਹਾ, ਮਸਕੀਨ ਜੀ ! ਤੁਸੀਂ ਕਹਿੰਦੇ ਸੀ ਕਿ ਸਾਲ ਬਾਅਦ ਤਾਂ

ਹੱਡੀਆਂ ਵੀ ਨਹੀਂ ਲੱਭਣਗੀਆਂ, ਮਾਸ ਵੀ ਨਹੀਂ ਲੱਭੇਗਾ। ਹੁਣ ਤਾਂ 25-30 ਸਾਲ ਹੋ ਗਏ ਹਨ। ਵਾਕਿਆ ਹੀ ਹੱਡੀਆਂ ਵੀ ਨਹੀਂ, ਮਾਸ ਵੀ ਨਹੀਂ। ਇਸ ਤਰ੍ਹਾਂ ਦੇ ਸੰਤ ਪੰਜਾਬ ਵਿਚ ਪੂਜੇ ਜਾ ਰਹੇ ਹਨ।

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਮੇਰਾ ਸਿੱਖ ਭੁੱਲ ਕੇ ਵੀ ਕਦੀ ਕਬਰ ਨੂੰ ਸੱਜਦਾ ਨਾ ਕਰੇ। ਮੈਂ ਜਲੰਧਰ ਜਾਣਾ ਸੀ ਤੇ ਮੈਂ ਟੈਕਸੀ ਕੀਤੀ। ਜਿਹੜਾ ਡਰਾਈਵਰ ਸੀ, ਉਹ ਅੰਮ੍ਰਿਤਧਾਰੀ ਸੀ। ਰਸਤੇ ਵਿਚ ਇਕ ਕਬਰ ਆਉਂਦੀ ਸੀ, ਉਸਨੇ ਉਥੇ ਗੱਡੀ ਖੜੀ ਕਰ ਦਿੱਤੀ। ਕਹਿਣ ਲੱਗਾ, ਗਿਆਨੀ ਜੀ ! ਜੇ ਮੈਂ ਇਥੇ ਮੱਥਾ ਟੇਕ ਕੇ ਨਾ ਜਾਵਾਂ ਤਾਂ ਮੈਂ ਗੱਡੀ ਨਹੀਂ ਚਲਾ ਸਕਦਾ। ਮੈਂ ਕਿਹਾ ਮੈਂ ਤਾਂ ਤੈਨੂੰ ਗੁਰੂ ਨਾਨਕ ਦਾ ਸਿੱਖ ਸਮਝਿਆ ਸੀ, ਪਰ ਤੂੰ ਤਾਂ ਮੜੀਆਂ ਦਾ ਪੁਜਾਰੀ ਹੈਂ। ਪੰਜਾਬ ਦੇ ਹਰ ਖੇਤਰ ਵਿਚ ਤੁਹਾਨੂੰ ਕਬਰ ਮਿਲੇਗੀ। ਜਿੰਨੇ ਮੂਰਖ ਇਥੇ ਹਨ, ਸ਼ਾਇਦ ਬਾਕੀ ਪ੍ਰਾਂਤਾਂ ਵਿਚ ਨਹੀਂ। ਜੀਊਂਦਿਆਂ ਜੀਅ ਜਿਸਦੀ ਸੁਰਤ ਪ੍ਰਮਾਤਮਾ ਨਾਲ ਜੁੜੀ ਹੋਈ ਹੈ ਉਹ ਪੂਜਨੀਕ ਹਨ। ਫਿਰ ਜੀਊਂਦਿਆਂ ਜੀਅ ਜੋ ਮੁਰਦੇ ਦੀ ਤਰ੍ਹਾਂ ਸੀ, ਫਿਰ ਉਸ ਦੀ ਮੜੀ ਬਣ ਗਈ ਤੇ ਉਸੇ ਨੂੰ ਪੂਜੀ ਜਾਂਦੇ ਹੋ।

*ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ॥*

ਮਾਇਆ ਬਹੁਤੀ ਇਕੱਤਰ ਕ੍ਰਿਪਨ ਹੋਏ ਬਿਨਾਂ ਨਹੀਂ ਹੋ ਸਕਦੀ। ਬਹੁਤ ਚੋਟੀ ਦਾ ਧਨਾਢ ਹੈ ਤਾਂ ਕ੍ਰਿਪਨ ਹੋਵੇਗਾ। ਕ੍ਰਿਪਨ ਨਾ ਆਪਣੇ ਸੁੱਖ 'ਤੇ ਖ਼ਰਚ ਕਰਦਾ ਹੈ, ਨਾ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਦਾ ਹੈ, ਸਿਰਫ਼ ਧਨ ਦੇ ਅੰਬਾਰ ਲਗਾਉਂਦਾ ਹੈ, ਕਿਉਂਕਿ ਧਨ ਭਗਵਾਨ ਹੈ। ਧਨ ਲਈ ਮਿਹਨਤ ਬੜੀ ਕਰਦਾ ਹੈ-ਧਨ ਵਰਤਨ ਲਈ ਨਹੀਂ, ਧਨ ਜਮ੍ਹਾਂ ਕਰਨ ਲਈ। ਅਜਿਹਾ ਸ਼ੂਮ ਫਿਰ ਦਸਵੰਧ ਨਹੀਂ ਕੱਢ ਸਕਦਾ। ਮੈਂ ਇਕ ਦਿਨ ਪ੍ਰਾਰਥਨਾ ਦੀ ਗੱਲ ਕਰ ਰਿਹਾ ਸੀ ਸ਼ੇਖ਼ ਸਾਅਦੀ ਦੀ। ਕਹਿੰਦੇ ਹਨ ਪ੍ਰਾਰਥਨਾ ਵਿਚ ਖ਼ੁਦਾ ਪ੍ਰਗਟ ਹੋਇਆ। ਅਜਿਹਾ ਸ਼ੇਖ਼ ਸਾਅਦੀ ਲਿਖਦੇ ਹਨ। ਖ਼ੁਦਾ ਨੇ ਕਿਹਾ, ਮੈਂ ਕੁਝ ਦੇਵਾਂ ਤੇ ਉਹ ਤੇਰੀ ਲੋੜ ਨਾ ਹੋਵੇ ਤਾਂ ਤੂੰ ਇੰਝ ਕਰ ਆਪ ਹੀ ਮੰਗ ਲੈ, ਮੈਂ ਤੈਨੂੰ ਦੇ ਦੇਵਾਂ। ਪਤਾ ਹੈ ਸ਼ੇਖ਼ ਸਾਅਦੀ ਨੇ ਰੱਬ 'ਤੇ ਵੀ ਚੋਟ ਕੀਤੀ ਹੈ। ਕਹਿੰਦਾ ਹੈ, ਰੱਬਾ ! ਭਗਤਾਂ ਨੂੰ ਤੇਰੇ ਸੁਭਾਅ ਦਾ ਪਤਾ ਹੈ। ਸੰਸਾਰੀ ਜੋ ਕੁਝ ਮੰਗਦੇ ਹਨ, ਤੂੰ ਦੇ ਦਿੰਦਾ ਹੈਂ। ਭਗਤ ਤੜਪ ਤੜਪ ਕੇ ਵੀ ਮੰਗਦੇ ਹਨ, ਤੂੰ ਦਿੰਦਾ ਨਹੀਂ। ਰੱਬ ਨੇ ਕਿਹਾ, ਫ਼ਕੀਰਾ ! ਇਲਜ਼ਾਮ ਤੂੰ ਬਾਅਦ ਵਿਚ ਮੇਰੇ 'ਤੇ ਲਾਈਂ, ਤੂੰ ਦੋਸ਼ੀ ਮੈਨੂੰ ਬਾਅਦ ਵਿਚ ਠਹਿਰਾਈਂ, ਜਦੋਂ ਤੂੰ ਮੰਗੇਂ ਤੇ ਮੈਂ ਦੇਵਾਂ ਨਾ। ਤੂੰ ਮੰਗਿਆ ਹੀ ਨਹੀਂ, ਤੇ ਆਪ ਹੀ ਕਹਿੰਦਾ ਹੈਂ ਕਿ ਦੁਨੀਆਂਦਾਰਾਂ ਦੀਆਂ ਝੋਲੀਆਂ ਭਰ ਜਾਦੀਆਂ ਹਨ ਤੇ ਉਹ ਤੇਰਾ ਖਹਿੜਾ ਛੱਡ ਦਿੰਦੇ ਹਨ ਤੇ ਇਹਨਾਂ ਵਸਤੂਆਂ ਨਾਲ ਫ਼ਕੀਰ ਤੇਰਾ ਖਹਿੜਾ ਛੱਡਦੇ ਨਹੀਂ। ਸ਼ਾਇਦ ਤੈਨੂੰ ਫ਼ਕੀਰਾਂ ਦੀ ਅਸਲੀਅਤ ਦਾ ਪਤਾ ਹੈ। ਫਿਰ ਕਹਿੰਦਾ ਹੈਂ ਤੂੰ ਫ਼ਕੀਰਾਂ ਨੂੰ ਨਹੀਂ ਦਿੰਦਾ। ਖ਼ੁਦਾ ਨੇ ਕਿਹਾ ਤੂੰ ਮੰਗ, ਮੈਂ ਤੈਨੂੰ ਦਿੰਦਾ ਹਾਂ। ਸ਼ੇਖ਼ ਸਾਅਦੀ ਮੰਗਦਾ ਹੈ ਕਿ ਜੋ ਕਮੀਨ ਬੰਦਾ ਹੈ, ਜੋ ਕ੍ਰਿਪਨ ਬੰਦਾ ਹੈ, ਇਸਨੂੰ ਕਦੀ ਚੋਟੀ ਦਾ ਧਨਵਾਨ ਨਾ

ਬਣਾਈਂ। ਜਿਹੜਾ ਫ਼ਰਾਖ਼ ਦਿਲ ਹੈ, ਉਸਦੀ ਝੋਲੀ ਹਰ ਸਮੇਂ ਭਰੀ ਰੱਖੀਂ। ਸ਼ੇਖ਼ ਸਾਅਦੀ ਕਹਿੰਦੇ ਹਨ, ਮੈਂ ਮੰਗਿਆ ਤੇ ਖ਼ੁਦਾ ਨੇ ਬੂਹੇ ਹੀ ਬੰਦ ਕਰ ਦਿੱਤੇ ਹਨ। ਕਹਿੰਦੇ ਹਨ, ਅਜੇ ਤੱਕ ਜਵਾਬ ਦੀ ਉਡੀਕ ਕਰ ਰਿਹਾ ਹਾਂ। ਚੋਟੀ ਦੇ ਧਨਾਢ ਕ੍ਰਿਪਨ ਹਨ।

*ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ॥ ੧॥*

*ਕਰਿ ਆਭਰਣ ਸਵਾਰੀ ਸੇਜਾ ਕਾਮਨਿ ਥਾਟੁ ਬਨਾਇਆ॥*

ਨਾ ਦਸਵੰਧ ਕੱਢਦਾ ਹੈ, ਨਾ ਦਾਨ, ਨਾ ਪੁੰਨ, ਨਾ ਸੰਤਾਂ ਦੀ ਸੇਵਾ ਕਰਦਾ ਹੈ। ਇਹ ਧਨ ਕਿਸੇ ਕੰਮ ਨਹੀਂ। ਫਿਰ ਉਹ ਜਮ੍ਹਾਂ ਕਰਕੇ ਹੀ ਰੱਖਿਆ ਹੈ। ਲਕਸ਼ ਨੂੰ ਸਮਝੇ ਬਿਨਾਂ ਜੀਵਨ ਇਸ ਤਰ੍ਹਾਂ ਹੈ ਜਿਵੇਂ ਕਿਸੇ ਸੁਹਾਗਣ ਨੇ ਤਨ ਬੜਾ ਸ਼ਿੰਗਾਰਿਆ ਹੈ, ਬੜਾ ਭਾਰੀ ਹਾਰ-ਸ਼ਿੰਗਾਰ ਕੀਤਾ ਹੈ, ਪਰ ਪਤੀ ਤਾਂ ਘਰ ਹੈ ਨਹੀਂ। ਅਕਸਰ ਇਸਤਰੀਆਂ ਸੰਸਾਰ ਨੂੰ ਦਿਖਾਉਣ ਲਈ ਹਾਰ-ਸ਼ਿੰਗਾਰ ਕਰਦੀਆਂ ਹਨ। ਆਪਣਾ ਰੂਪ ਸ਼ੀਸ਼ੇ ਵਿਚ ਦੇਖ ਦੇਖ ਕੇ ਤੇ ਸੰਸਾਰ ਨੂੰ ਦਿਖਾ ਦਿਖਾ ਕੇ ਆਪਣੀ ਜ਼ਿੰਦਗੀ ਬਰਬਾਦ ਕੀਤੀ ਇਸਤਰੀ ਨੇ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਪਤੀ ਘਰ ਵਿਚ ਨਹੀਂ ਤਾਂ ਇਹ ਸਾਰਾ ਹਾਰ-ਸ਼ਿੰਗਾਰ ਕਿਸਦੇ ਲਈ? ਇਹ ਸਭ ਦਿਖਾਵਾ ਹੁੰਦਾ ਹੈ।

*ਸੰਗੁ ਨ ਪਾਇਓ ਅਪੁਨੇ ਭਰਤੇ ਪੇਖਿ ਪੇਖਿ ਦੁਖੁ ਪਾਇਆ॥ ੨॥*

ਪਤੀ ਨੂੰ ਪ੍ਰਾਪਤ ਨਹੀਂ ਕੀਤਾ ਤਾਂ ਹੁਣ ਸ਼ਿੰਗਾਰ ਤਨ ਦਾ ਭਾਰ ਬਣ ਗਿਆ। ਸਾਰੇ ਪਦਾਰਥ, ਧਨ ਸੰਮਪਦਾ, ਦੁਨੀਆਂ ਦੇ ਸਾਰੇ ਸੁੱਖ ਉਸ ਲਈ ਬੋਝ ਹੁੰਦੇ ਹਨ ਜਿਸਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਨਹੀਂ। ਬਸ ਇਕ ਬੋਝ ਚੁੱਕੀ ਫਿਰਦਾ ਹੈ-

*ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥*

(ਅੰਗ ੧੦੧੯)

ਹਿਰਦੇ ਵਿਚ ਚਿੰਤਾ ਹੀ ਚਿੰਤਾ ਹੈ। ਇਸ ਤਰ੍ਹਾਂ ਦਾ ਦੁੱਖ ਮਹਿਸੂਸ ਹੋਇਆ, ਕਿਉਂਕਿ ਜਿਸਦੇ ਲਈ ਹਾਰ-ਸ਼ਿੰਗਾਰ ਸੀ, ਇਹ ਤਾਂ ਸਾਰੇ ਸਾਧਨ ਸਨ। ਪਦਾਰਥ, ਪਰਿਵਾਰ, ਧਨ, ਸੰਮਪਦਾ, ਲਕਸ਼ ਤਾਂ ਪ੍ਰਮਾਤਮਾ ਸੀ, ਪਰ ਉਹ ਤਾਂ ਕੋਈ ਨਹੀਂ। ਫਿਰ ਪਰਿਵਾਰ ਨੂੰ ਦੇਖਿਆ ਤਾਂ ਵੀ ਦੁੱਖ, ਧਨ-ਸੰਮਪਦਾ ਨੂੰ ਦੇਖਿਆ ਤਾਂ ਵੀ ਦੁੱਖ, ਕਿਉਂਕਿ ਪ੍ਰਭੂ ਦਾ ਨਾਮ ਹੀ ਨਹੀਂ।

*ਸਾਰੋ ਦਿਨਸੁ ਮਜੂਰੀ ਕਰਤਾ ਤੁਹੁ ਮੂਸਲਹਿ ਛਰਾਇਆ॥*

ਸਾਰਾ ਦਿਨ ਮਿਹਨਤ ਕੀਤੀ। ਕੀ? ਮੋਲੀ ਵਿਚ ਪਿੱਸਣਾ ਸ਼ੁਰੂ ਕੀਤਾ ਮੁਗਦਰ ਦੇ ਨਾਲ ਤੇ ਘਰ ਕੀ ਲਿਆਇਆ, ਛਿਲਕੇ। ਇੰਨੀ ਮਿਹਨਤ ਕੀਤੀ ਤੇ ਪ੍ਰਾਪਤ ਛਿਲਕੇ ਹੋਏ। ਹੁਣ ਛਿਲਕਿਆਂ ਨਾਲ ਕੀ ਹੋਵੇਗਾ? ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਜੋ ਕੁਝ ਵੀ ਮਨੁੱਖ ਲਿਆਇਆ, ਆਪਣੇ ਕੋਲ ਜਮ੍ਹਾਂ ਕੀਤਾ ਹੈ, ਸਭ ਛਿਲਕੇ ਛਿਲਕੇ ਹਨ, ਇਹ ਦਾਣੇ ਨਹੀਂ ਹਨ।

*ਖੇਦੁ ਭਇਓ ਬੇਗਾਰੀ ਨਿਆਈ ਘਰ ਕੈ ਕਾਮਿ ਨ ਆਇਆ॥ ੩॥*

ਪੁਰਾਣੇ ਜ਼ਮਾਨੇ ਵਿਚ ਸਿੱਕੇ ਹੁੰਦੇ ਸਨ ਤਾਂਬੇ ਦੇ, ਲੋਹੇ ਦੇ, ਚਾਂਦੀ ਦੇ , ਸੋਨੇ ਦੇ। ਧਨਾਢ ਲੋਕ ਜਦੋਂ ਸਿੱਕਿਆਂ ਦੀ ਪੰਡ ਵਜ਼ਨੀ ਹੋ ਜਾਂਦੀ ਹੈ ਤਾਂ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਪਹੁੰਚਾਉਣ ਲਈ ਮਜ਼ਦੂਰ ਲੱਭਦੇ ਸਨ ਤੇ ਮਜ਼ਦੂਰ ਦੇ ਸਿਰ ਉੱਤੇ ਉਹ ਪੰਡ ਰੱਖ ਦਿੰਦੇ ਸਨ। ਬੋਝ ਥੱਲੇ ਉਹ ਦੱਬਿਆ ਜਾ ਰਿਹਾ ਹੈ, ਪਰ ਲੱਖਾਂ ਵਿਚੋਂ ਇਕ ਦਮੜੀ ਵੀ ਉਸਦੀ ਨਹੀਂ। ਬੋਝ ਹੈ ਪਰਿਵਾਰ ਦਾ, ਧਨ-ਸੰਮਪਦਾ ਦਾ, ਪਰ ਅੰਤਿਮ ਸਮੇਂ ਇਕ ਧੇਲਾ ਵੀ ਪੱਲੇ ਨਹੀਂ ਪੈਂਦਾ। ਜੇ ਸਿਰ ਦੇ ਉੱਤੇ ਧਨ ਦੀ ਪੰਡ ਵੱਧਦੀ ਜਾਏ ਅਤੇ ਹਿਰਦੇ ਵਿਚ ਧਰਮ ਵੱਧਦਾ ਜਾਏ, ਫਿਰ ਬੈਲੰਸ ਬਰਾਬਰ ਰਹਿੰਦਾ ਹੈ। ਹਿਰਦੇ ਵਿਚ ਧਰਮ ਹੈ ਨਹੀਂ, ਸਿਰ 'ਤੇ ਧਨ ਦੀ ਪੰਡ ਵੱਧ ਗਈ ਹੈ ਤਾਂ ਮਹਾਰਾਜ ਕਹਿੰਦੇ ਹਨ ਕਿ ਇਹ ਬੇਗਾਰ ਹੈ। ਜਿਸ ਦਿਨ ਇਹ ਤਨ ਨਹੀਂ ਰਹੇਗਾ, ਇਹ ਪੰਡ ਵੀ ਇਥੇ ਰਹਿ ਜਾਏਗੀ, ਇਹ ਖ਼ਾਲੀ ਜਾਏਗਾ।

*ਭਇਓ ਅਨੁਗ੍ਰਹੁ ਜਾ ਕਉ ਪ੍ਰਭ ਕੋ ਤਿਸੁ ਹਿਰਦੈ ਨਾਮੁ ਵਸਾਇਆ॥*

ਪੂਰਬਲੇ ਕਰਮਾਂ ਅਨੁਸਾਰ ਪ੍ਰਭੂ ਦੀ ਜਿਨ੍ਹਾਂ 'ਤੇ ਕ੍ਰਿਪਾ ਹੋ ਗਈ, ਉਹਨਾਂ ਨੇ ਆਪਣੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸਾਇਆ, ਉਸਨੂੰ ਥਾਂ ਦਿੱਤੀ।

*ਸਾਧਸੰਗਤਿ ਕੈ ਪਾਛੈ ਪਰਿਅਉ ਜਨ ਨਾਨਕ ਹਰਿ ਰਸੁ ਪਾਇਆ॥ ੪॥ ੨॥ ੪॥*

ਅਜਿਹਾ ਮਨੁੱਖ ਜਿਸ 'ਤੇ ਕ੍ਰਿਪਾ ਹੋ ਗਈ, ਇਹ ਸਾਰੀ ਕ੍ਰਿਪਾ ਉਸਨੂੰ ਸਤਿਸੰਗ ਵਿਚੋਂ ਪ੍ਰਾਪਤ ਹੋਈ, ਗੁਰੂ ਦੀ ਸੰਗਤ ਵਿਚੋਂ ਪ੍ਰਾਪਤ ਹੋਈ ਅਤੇ ਹਿਰਦੇ ਵਿਚ ਨਾਮ ਵਸਾਇਆ। ਫਿਰ ਸੁੱਖ ਦੇ ਘਰ ਦੀ ਪ੍ਰਾਪਤੀ ਹੋ ਗਈ। ਸੁੱਖ ਦਾ ਘਰ ਕੇਵਲ ਪ੍ਰਮਾਤਮਾ ਹੈ। ਪ੍ਰਮਾਤਮਾ ਲਕਸ਼ ਹੈ, ਬਾਕੀ ਸਭ ਸਾਧਨ ਹਨ। ਸਤਿਸੰਗ ਦਾ ਇਹ ਫੱਲ ਹੈ ਕਿ ਅਸੀਂ ਜੀਵਨ ਦਾ ਲਕਸ਼ ਪ੍ਰਮਾਤਮਾ ਨੂੰ ਬਣਾ ਸਕੀਏ। ਭੁੱਲਾਂ ਚੁੱਕਾਂ ਦੀ ਮੁਆਫ਼ੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

# ਸਹਜ ਕਥਾ ਪ੍ਰਭ ਕੀ ਅਤਿ ਮੀਠੀ

ਸੂਹੀ ਮਹਲਾ ੫ ॥

*ਸੂਖ ਮਹਲ ਜਾ ਕੇ ਊਚ ਦੁਆਰੇ॥*
*ਤਾ ਮਹਿ ਵਾਸਹਿ ਭਗਤ ਪਿਆਰੇ॥ ੧॥*
*ਸਹਜ ਕਥਾ ਪ੍ਰਭ ਕੀ ਅਤਿ ਮੀਠੀ॥*
*ਵਿਰਲੈ ਕਾਹੂ ਨੇਤ੍ਰਹੁ ਡੀਠੀ॥ ੧॥ ਰਹਾਉ॥*
*ਤਹ ਗੀਤ ਨਾਦ ਅਖਾਰੇ ਸੰਗਾ॥*
*ਊਹਾ ਸੰਤ ਕਰਹਿ ਹਰਿ ਰੰਗਾ॥ ੨॥*
*ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ॥*
*ਸਾਚ ਨਾਮ ਕੀ ਅੰਮ੍ਰਿਤ ਵਰਖਾ॥ ੩॥*
*ਗੁਹਜ ਕਥਾ ਇਹ ਗੁਰ ਤੇ ਜਾਣੀ॥*
*ਨਾਨਕੁ ਬੋਲੈ ਹਰਿ ਹਰਿ ਬਾਣੀ॥੪॥੬॥੧੨॥*

(ਅੰਗ ੭੩੯)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਰੂਪ ਸਾਧ ਸੰਗਤ ਜੀ ! ਇਸ ਸ਼ਬਦ ਵਿਚ ਗੁਰੂ ਜੀ ਨੇ ਗੁਹਜ ਕਥਾ ਦਾ ਜ਼ਿਕਰ ਕੀਤਾ ਹੈ, ਉੱਚੇ ਮਹਿਲਾਂ ਦਾ ਜ਼ਿਕਰ ਕੀਤਾ ਹੈ, ਉੱਚੇ ਦਰਵਾਜ਼ਿਆਂ ਦਾ ਜ਼ਿਕਰ ਕੀਤਾ ਹੈ। ਇਸ ਤਰ੍ਹਾਂ ਦੇ ਮਹਿਲ ਦਰਵਾਜ਼ੇ ਜਿਨ੍ਹਾਂ ਵਿਚ ਸਦਾ ਸੁੱਖ ਹੈ। ਇਸ ਤਰ੍ਹਾਂ ਦਾ ਬਾਹਰ ਤਾਂ ਕੋਈ ਮਹਿਲ ਨਹੀਂ, ਜਿਸ ਵਿਚ ਕੇਵਲ ਸੁੱਖ ਹੀ ਸੁੱਖ ਹੋਵੇ ਅਤੇ ਸਾਰੇ ਵੱਸਣ ਵਾਲੇ ਆਨੰਦਿਤ ਹੋਣ। ਫਿਰ ਉਹ ਮਹਿਲ ਵੀ ਗਹੁਜ ਹੈ, ਉਹ ਦਰਵਾਜ਼ੇ ਵੀ ਗਹੁਜ ਹਨ, ਉਹ ਘਰ ਵੀ ਗਹੁਜ ਹੈ। ਅਜਿਹਾ ਮਹਿਲ ਪ੍ਰਭੂ ਨੇ ਆਪ ਹੀ ਬਣਾਇਆ ਹੈ, ਮਨੁੱਖ ਨੇ ਨਹੀਂ ਬਣਾਇਆ ਅਤੇ ਅਜਿਹਾ ਮਹਿਲ ਪ੍ਰਮਾਤਮਾ ਆਪ ਹੀ ਬਣਾ ਸਕਦਾ ਹੈ, ਦੂਜਾ ਕੋਈ ਨਹੀਂ ਬਣਾ ਸਕਦਾ, ਜਿਸਦੇ ਦਰਵਾਜ਼ੇ ਬੜੇ ਉੱਚੇ ਹੋਣ, ਮਹਿਲ ਉੱਚੇ ਹੋਣ।

ਦੁਨੀਆਂ ਵਿਚ ਬੜੇ ਬੜੇ ਵੱਡੇ ਮਹਿਲ ਹਨ, ਪਰ ਉਹਨਾਂ ਵਿਚ ਰਹਿਣ ਵਾਲੇ ਬੇਚੈਨ ਹਨ, ਦੁੱਖੀ ਤੇ ਪ੍ਰੇਸ਼ਾਨ ਹਨ। ਇਥੇ ਇਸ ਤਰ੍ਹਾਂ ਦੇ ਮਹਿਲ ਦਾ ਜ਼ਿਕਰ ਨਹੀਂ ਹੈ। ਗੌਤਮੀ ਨਾਮ

ਦੀ ਇਕ ਔਰਤ ਦਾ ਇਕਲੌਤਾ ਬੱਚਾ ਚਲਾਣਾ ਕਰ ਗਿਆ। ਉਹੀ ਬੱਚਾ ਉਸਦਾ ਸਹਾਰਾ ਸੀ। ਸਾਰੀ ਰਾਤ ਰੋਂਦੀ ਰਹੀ। ਉਸਦੇ ਰੋਣ ਵਿਚ ਕੋਈ ਸ਼ਾਮਿਲ ਨਾ ਹੋਇਆ। ਕਿਸੇ ਨੇ ਉਸਨੂੰ ਆ ਕੇ ਕਿਹਾ ਕਿ ਸਾਰੀ ਰਾਤ ਤੂੰ ਰੋਂਦੀ ਰਹੀ ਹੈਂ। ਇਥੇ ਮਹਾਤਮਾ ਬੁੱਧ ਆਏ ਹੋਏ ਹਨ, ਤੂੰ ਉਹਨਾਂ ਕੋਲ ਚਲੀ ਜਾ। ਕਰਾਮਾਤੀ ਬੰਦੇ ਹਨ, ਸ਼ਾਇਦ ਤੇਰੇ ਬੱਚੇ ਨੂੰ ਜੀਊਂਦਾ ਕਰ ਦੇਣ। ਉਸਨੂੰ ਉਮੀਦ ਦੀ ਇਕ ਕਿਰਨ ਦਿਖਾਈ ਦਿੱਤੀ। ਬੱਚੇ ਨੂੰ ਲੈ ਕੇ ਮਹਾਤਮਾ ਬੁੱਧ ਕੋਲ ਗਈ। ਕਦਮਾਂ ਵਿਚ ਬੱਚਾ ਰੱਖਿਆ। ਰੋਈ ਜਾਏ, ਰੋਈ ਜਾਏ ਕਿ ਤੁਸੀਂ ਜੀਊਂਦਾ ਕਰ ਦਿਉ। ਮਹਾਤਮਾ ਬੁੱਧ ਕਹਿੰਦੇ ਹਨ, ਮੈਂ ਇਸਨੂੰ ਜੀਊਂਦਾ ਕਰਾਂਗਾ ਪਰ ਇਕ ਸ਼ਰਤ ਦੀ ਪੂਰਤੀ ਤੂੰ ਕਰੇਂਗੀ। ਗੋਤਮੀ ਕਹਿਣ ਲੱਗੀ ਜੋ ਤੁਸੀਂ ਕਹੋਗੇ ਮੈਂ ਕਰਾਂਗੀ। ਮਹਾਤਮਾ ਬੁੱਧ ਨੇ ਕਿਹਾ, ਮੁੱਠੀ ਭਰ ਚੌਲ ਤੂੰ ਅਜਿਹੇ ਘਰ ਚੋਂ ਲਿਆ ਜਿਸ ਘਰ ਵਿਚੋਂ ਕਦੀ ਕਿਸੇ ਦੀ ਅਰਥੀ ਨਾ ਨਿਕਲੀ ਹੋਵੇ। ਉਹਨਾਂ ਚੌਲਾਂ ਦੇ ਛਿੱਟੇ ਮਾਰ ਕੇ ਇਸਨੂੰ ਜ਼ਿੰਦਾ ਕਰ ਦੇਵਾਂਗਾ।

ਗੋਤਮੀ ਖ਼ੁਸ਼ੀ ਖ਼ੁਸ਼ੀ ਭੱਜੀ ਹੋਈ ਗਈ। ਉਸਨੇ ਦੁਆਰ 'ਤੇ ਦਸਤੱਕ ਦਿੱਤੀ। ਆਖਿਆ ਮੁੱਠੀ ਭਰ ਚੌਲ ਦਿਉ। ਕਹਿਣ ਲੱਗੇ ਮੁੱਠੀ ਭਰ ਕੀ, ਜਿੰਨੇ ਤੂੰ ਚਾਹੁੰਦੀ ਹੈਂ ਲੈ ਜਾ। ਗੋਤਮੀ ਕਹਿਣ ਲੱਗੀ ਇਕ ਸ਼ਰਤ ਹੈ, ਤੁਹਾਡੇ ਘਰ 'ਚੋਂ ਕਦੀ ਅਰਥੀ ਤਾਂ ਨਹੀਂ ਨਿਕਲੀ? ਘਰ-ਵਾਲਿਆਂ ਨੇ ਕਿਹਾ ਕਈਆਂ ਦੀਆਂ ਨਿਕਲੀਆਂ ਹਨ। ਦੂਜੇ ਘਰ ਗਈ। ਮੁੱਠੀ ਭਰ ਚੌਲ ਚਾਹੀਦੇ ਹਨ, ਪਰ ਸ਼ਰਤ ਹੈ ਤੁਹਾਡੇ ਘਰੋਂ ਕਦੀ ਕੋਈ ਅਰਥੀ ਨਾ ਨਿਕਲੀ ਹੋਵੇ। ਦੂਜੇ ਘਰ ਵਾਲਿਆਂ ਨੇ ਵੀ ਹੱਥ ਜੋੜ ਕੇ ਕਿਹਾ ਕਿ ਚੌਲ ਮੁੱਠੀ ਭਰ ਕੀ, ਤੂੰ ਝੋਲੀ ਭਰ ਕੇ ਲੈ ਜਾ, ਪਰ ਅਰਥੀਆਂ ਤਾਂ ਕਈ ਨਿਕਲੀਆਂ ਹਨ। ਤੀਜੇ ਘਰ ਗਈ, ਚੌਥੇ ਘਰ ਗਈ, ਪੰਜਵੇਂ ਘਰ ਗਈ, ਇਤਿਹਾਸ ਕਹਿੰਦਾ ਹੈ ਜਦੋਂ ਸੱਤਵੇਂ ਘਰ ਗਈ ਤਾਂ ਉਥੇ ਵੀ ਇਹੀ ਫ਼ਰਿਆਦ ਕੀਤੀ। ਅਗਲੇ ਪੂਰੀ ਛੱਜ ਚਾਵਲਾਂ ਦੀ ਭਰ ਕੇ ਲੈ ਆਏ। ਪਰ ਜਿਹੜੀ ਗੱਲ ਤੂੰ ਕਹਿੰਦੀ ਹੈਂ, ਉਹ ਇਥੇ ਪੂਰੀ ਨਹੀਂ ਉਤਰੇਗੀ। ਇੰਨੀ ਘਟਨਾ ਦੇ ਨਾਲ ਉਸਦੇ ਵੱਗਦੇ ਹੋਏ ਹੰਝੂ ਰੁੱਕ ਗਏ। ਕਹਿ ਉੱਠੀ ਕਿ ਮੈਂ ਤਾਂ ਇਹ ਸਮਝਿਆ ਸੀ ਕਿ ਮੇਰੇ ਘਰੋਂ ਮੇਰੇ ਬੱਚੇ ਦੀ ਅਰਥੀ ਨਿਕਲੀ ਹੈ, ਪਰ ਇਹ ਤਾਂ ਘਰ ਘਰ ਵਿਚੋਂ ਅਰਥੀ ਨਿਕਲੀ ਹੈ। ਇਸਦਾ ਦੁੱਖ ਗਿਆਨ ਵਿਚ ਬਦਲ ਗਿਆ। ਵਾਪਿਸ ਆਈ ਤਾਂ ਮਹਾਤਮਾ ਬੁੱਧ ਕਹਿੰਦੇ ਹਨ, ਲਿਆਈ ਹੈਂ ਚੌਲ ਦੇ ਦਾਣੇ। ਕਹਿਣ ਲੱਗੀ ਚੌਲ ਦੇ ਦਾਣੇ ਤਾਂ ਨਹੀਂ, ਪਰ ਹੋਰ ਬੜਾ ਕੁਝ ਲੈ ਕੇ ਆਈ ਹਾਂ। ਕੀ ਲੈ ਕੇ ਆਈ ਹੈਂ? ਜੋ ਤੁਸੀਂ ਸਮਝਾਉਣਾ ਚਾਹੁੰਦੇ ਸੀ, ਮੈਂ ਸਮਝ ਗਈ ਹਾਂ। ਤੁਸੀਂ ਮੇਰੀ ਝੋਲੀ ਵਿਚ ਅਜਿਹਾ ਗਿਆਨ ਦਾ ਪੁੱਤਰ ਪਾਇਆ ਹੈ, ਨਾ ਉਹ ਮਰੇਗਾ ਤੇ ਨਾ ਮੈਨੂੰ ਮਰਨ ਦੇਵੇਗਾ।

ਇਹ ਗਹੁਜ ਕਥਾ ਹੈ। ਇਹ ਪੜ੍ਹਨ ਨਾਲ ਨਹੀਂ ਆਉਂਦੀ, ਚੋਟ ਖਾਣ ਨਾਲ ਆਉਂਦੀ ਹੈ। ਕੋਈ ਕਿਸੇ ਦੇ ਸਮਝਾਇਆਂ ਨਹੀਂ ਸਮਝਦਾ। ਆਪਣੇ ਅਨੁਭਵ ਨਾਲ ਸਮਝਦਾ ਹੈ ਤੇ ਆਪਣਾ ਅਨੁਭਵ ਦਾ ਦਰਵਾਜ਼ਾ ਉਸ ਦਿਨ ਖੁੱਲ੍ਹਦਾ ਹੈ ਜਿਸ ਦਿਨ ਬਹੁਤ ਵੱਡੀ ਚੋਟ ਲੱਗਦੀ ਹੈ। ਵਾਹਿਗੁਰੂ ਅੰਦਰੋਂ ਉਦੋਂ ਨਿਕਲਦਾ ਹੈ ਜਦੋਂ ਗਹਿਰੀ ਚੋਟ ਲੱਗੇ। ਬਾਹਰੋਂ ਤਾਂ

ਸਾਰੇ ਵਾਹਿਗੁਰੂ ਵਾਹਿਗੁਰੂ ਕਰ ਰਹੇ ਹਨ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਕਿਤੇ ਦੁੱਖ ਨੂੰ ਕਰੋਪੀ ਨਾ ਸਮਝਣਾ। ਉਹ ਤਾਂ ਬੜਾ ਦਇਆਲੂ ਹੈ, ਕਿਸ ਤਰ੍ਹਾਂ ਸਜ਼ਾ ਦੇਵੇਗਾ।

*ਕੇਤਿਆ ਦੂਖ ਭੂਖ ਸਦ ਮਾਰ॥*
*ਏਹਿ ਭਿ ਦਾਤਿ ਤੇਰੀ ਦਾਤਾਰ॥*

(ਅੰਗ ੫)

ਇਹ ਵੀ ਤੇਰੀ ਇਕ ਦਾਤ ਹੈ। ਕਈ ਵਾਰੀ ਅੰਦਰ ਦੀ ਸਾਰੀ ਕੁੜੱਤਣ ਮਿਟਾਉਣ ਵਾਸਤੇ ਬੜੀ ਕੌੜੀ ਦਵਾਈ ਦੀ ਲੋੜ ਪੈ ਜਾਂਦੀ ਹੈ। ਬਾਣੀ ਨਾਲ ਉਹੀ ਜੁੜਿਆ ਰਹਿ ਸਕਦਾ ਹੈ ਜੋ ਦਿਲੋਂ ਗੁਰੂ ਗ੍ਰੰਥ ਸਾਹਿਬ ਨਾਲ ਜੁੜਿਆ ਰਹੇ। ਜੋ ਗੁਰੂ ਗ੍ਰੰਥ ਸਾਹਿਬ ਨਾਲ ਜੁੜਿਆ ਨਹੀਂ, ਉਹ ਪੰਥ ਨਾਲ ਨਹੀਂ ਜੁੜ ਸਕਦਾ। ਜੋ ਬਾਣੀ ਨਾਲ ਜੁੜ ਜਾਏਗਾ, ਉਹ ਤੜਪ ਤੜਪ ਕੇ ਅੰਮ੍ਰਿਤ ਦੀ ਇੰਝ ਮੰਗ ਕਰੇਗਾ ਜਿਵੇਂ ਪਿਆਸਾ ਪਾਣੀ ਦੀ ਮੰਗ ਕਰਦਾ ਹੈ। ਸੰਤ ਬਣ ਕੇ ਹੀ ਪਤਾ ਲੱਗਦਾ ਹੈ ਕਿ ਸੰਤ ਕੀ ਹੈ। ਇਕ ਬੱਚੇ ਨੂੰ ਕੀ ਪਤਾ ਹੈ ਕਿ ਜਵਾਨੀ ਕੀ ਹੈ? ਭਾਵੇਂ ਉਸਦੇ ਸਾਹਮਣੇ ਉਸ ਦੇ ਜਵਾਨ ਭੈਣ ਭਰਾ ਸਨ। ਇਕ ਜਵਾਨ ਨੂੰ ਕੀ ਪਤਾ ਹੈ ਕਿ ਬੁਢੇਪਾ ਕੀ ਹੈ? ਭਾਵੇਂ ਉਸਦੇ ਸਾਹਮਣੇ ਬੁੱਢੇ ਮਾਂ-ਬਾਪ ਹਨ। ਇਕ ਬੁੱਢੇ ਨੂੰ ਕੀ ਪਤਾ ਹੈ ਕਿ ਮੌਤ ਕੀ ਹੈ? ਭਾਵੇਂ ਉਸਨੇ ਕਈ ਮੁਰਦੇ ਦੇਖੇ ਹੋਣ। ਜਵਾਨ ਹੋ ਕੇ ਹੀ ਪਤਾ ਲੱਗਦਾ ਹੈ ਕਿ ਜਵਾਨੀ ਕੀ ਹੈ। ਬੁੱਢੇ ਹੋ ਕੇ ਹੀ ਪਤਾ ਲੱਗਦਾ ਹੈ ਕਿ ਬੁੱਢੇਪਾ ਕੀ ਹੈ। ਪਰ ਹਰ ਕੋਈ ਸੰਤ ਨਹੀਂ ਹੈ। ਸੰਤ ਨੂੰ ਕਿਵੇਂ ਪਹਿਚਾਣੋਗੇ?

*ਏਵਡੁ ਊਚਾ ਹੋਵੈ ਕੋਇ॥*
*ਤਿਸੁ ਊਚੇ ਕਉ ਜਾਣੈ ਸੋਇ॥*

(ਅੰਗ ੫)

ਪ੍ਰਮਾਤਮਾ ਨੂੰ ਕਿਵੇਂ ਸਮਝੋਗੇ? ਪਹਿਲਾਂ ਜਿਹੜਾ ਸਮਝਣਾ ਹੋਵੇਗਾ ਉਹ ਅਨੁਭਵ ਨਹੀਂ ਹੋਵੇਗਾ। ਜਿਸ ਦਿਨ ਪ੍ਰਮਾਤਮਾ ਵਰਗੇ ਹੋ ਜਾਵਾਂਗੇ, ਉਦੋਂ ਪਤਾ ਲੱਗੇਗਾ ਕਿ ਪ੍ਰਮਾਤਮਾ ਕੀ ਹੈ। ਤੁਸੀਂ ਆਖੋਗੇ ਅਸੀਂ ਪ੍ਰਮਾਤਮਾ ਵਰਗੇ ਹੋ ਸਕਦੇ ਹਾਂ? ਅਸੀਂ ਉਸਦੀ ਅੰਸ਼ ਹਾਂ। ਜੇ ਸੂਰਜ ਵਿਚ ਰੌਸ਼ਨੀ ਹੈ ਤਾਂ ਕਿਰਨ ਵਿਚ ਕਿਉਂ ਨਹੀਂ ਰੌਸ਼ਨੀ ਹੋਵੇਗੀ? ਸਾਗਰ ਵਿਚ ਪਾਣੀ ਹੈ ਤਾਂ ਲਹਿਰ ਵਿਚ ਵੀ ਪਾਣੀ ਹੈ, ਪਰ ਪਤਾ ਨਹੀਂ ਉਸਨੂੰ। ਜਿਸ ਦਿਨ ਪਤਾ ਲੱਗਦਾ ਹੈ ਕਿ ਮੈਂ ਉਸਦੀ ਲਹਿਰ ਹਾਂ। ਜੋ ਨਿਰਵੈਰ ਹੈ, ਨਿਰਭੈ ਹੈ, ਦਇਆ ਦੀ ਮੂਰਤੀ ਹੈ ਤੇ ਜਿਵੇਂ ਹੀ ਉਸਦੇ ਗਿਆਨ ਨੂੰ ਗਾਉਂਦਾ ਹੈ, ਇਹ ਸੁਭਾਅ ਉਸਨੂੰ ਪ੍ਰਾਪਤ ਹੋ ਜਾਂਦਾ ਹੈ। ਜਿਸ ਦਿਨ ਪ੍ਰਮਾਤਮਾ ਦਾ ਸੁਭਾਅ ਉਸਨੂੰ ਪ੍ਰਾਪਤ ਹੋ ਜਾਂਦਾ ਹੈ, ਫਿਰ ਕਹਿਣ ਲੱਗ ਪੈਂਦਾ ਹੈ ਕਿ ਉਹ ਤਾਂ ਹਰੀ ਵਰਗਾ ਹੈ। ਸੰਤ ਨੂੰ ਸੰਤ ਪਹਿਚਾਣੇਗਾ। ਇਸ ਸ਼ਬਦ ਦੇ ਵਿਚ ਗੂੜੀ ਕਥਾ ਹੈ। ਆਪ ਸਰਵਨ ਕਰੋ।

*ਸੂਹੀ ਮਹਲਾ ੫॥ ਸੂਖ ਮਹਲ ਜਾ ਕੇ ਊਚ ਦੁਆਰੇ॥*

ਸੂਹੀ ਰਾਗ ਦੇ ਅੰਦਰ ਧੰਨ ਗੁਰੂ ਅਰਜਨ ਦੇਵ ਜੀ ਦਾ ਇਹ ਵਾਕ ਹੈ। ਜਿਸ ਘਰ ਦੇ ਦੁਆਰ ਬੜੇ ਉੱਚੇ ਹਨ ਤੇ ਜੋ ਘਰ ਸੁੱਖਾਂ ਦਾ ਘਰ ਹੈ।

*ਤਾ ਮਹਿ ਵਾਸਹਿ ਭਗਤ ਪਿਆਰੇ॥ ੧॥*

ਉਸ ਮਹਿਲ ਦੇ ਵਿਚ ਵੱਸਦੇ ਹਨ ਭਗਤ ਜਨ, ਪ੍ਰਭੂ ਦੇ ਪਿਆਰੇ।

*ਸਹਜ ਕਥਾ ਪ੍ਰਭ ਕੀ ਅਤਿ ਮੀਠੀ॥*

ਇਹ ਜੋ ਸਹਜ ਕਥਾ ਹੈ, ਉਸ ਸੂਖ ਮਹਿਲ ਦੀ ਜੋ ਕਥਾ ਹੈ ਅਤਿਅੰਤ ਮਿੱਠੀ ਹੈ, ਬੜੀ ਰੱਸਦਾਇਕ ਹੈ।

*ਵਿਰਲੈ ਕਾਹੂ ਨੇਤ੍ਰਹੁ ਡੀਠੀ॥ ੧॥ ਰਹਾਉ॥*

ਇਸ ਕਥਾ ਨੂੰ ਕਿਸੇ ਵਿਰਲੇ ਨੇ ਇਹਨਾਂ ਅੱਖਾਂ ਨਾਲ ਦੇਖਿਆ ਹੋਵੇਗਾ। ਜਿਸ ਮਹਿਲ ਦੀ ਗੱਲ ਕੀਤੀ ਜਾ ਰਹੀ ਹੈ, ਕਿਸੇ ਵਿਰਲੇ ਨੇ ਦੇਖਿਆ ਹੋਵੇਗਾ, ਹਰ ਇਕ ਨੇ ਨਹੀਂ। ਇਹ ਜੋ ਸਹਿਜ ਦੀ ਕਥਾ ਹੈ ਇਸਨੂੰ ਖੋਲ੍ਹਦੇ ਹਨ ਭਗਤ ਕਬੀਰ। ਸਾਰੇ ਸ਼ਬਦ ਵਿਚ ਸਹਿਜ ਕਥਾ ਹੈ। ਭਗਤ ਕਬੀਰ ਕਹਿੰਦੇ ਹਨ-

*ਸਹਜ ਕੀ ਅਕਥ ਕਥਾ ਹੈ ਨਿਰਾਰੀ॥*
*ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ॥*

(ਅੰਗ ੩੩੩)

ਇਹ ਸਹਿਜ ਦੀ ਜੋ ਕਥਾ ਹੈ ਭਗਤ ਕਬੀਰ ਕਹਿੰਦੇ ਹਨ, ਮੈਂ ਇਸ ਦੀ ਕਿਸੇ ਨਾਲ ਤੁਲਨਾ ਵੀ ਨਹੀਂ ਕਰ ਸਕਦਾ। ਛੋਟਾ ਵੀ ਨਹੀਂ ਕਹਿ ਸਕਦਾ, ਵੱਡਾ ਵੀ ਨਹੀਂ ਕਹਿ ਸਕਦਾ। ਫਿਰ ਕਿਵੇਂ ਸਮਝੀਏ ਕਿ ਸਹਿਜ ਦੀ ਕਥਾ ਕੀ ਹੈ? ਸਹਿਜ ਦੇ ਅੱਖਰੀ ਅਰਥ ਹਨ ਸੁਇਅਮ ਤੋਂ ਜੰਮਿਆ। ਮੈਨੂੰ ਭੁੱਖ ਲੱਗੀ, ਮੈਂ ਰੋਟੀ ਖਾ ਰਿਹਾ ਹਾਂ, ਇਹ ਸਹਿਜ ਹੈ। ਪਰ ਮੈਨੂੰ ਭੁੱਖ ਨਹੀਂ ਲੱਗੀ, ਮੈਂ ਖਾ ਰਿਹਾ ਹਾਂ, ਇਹ ਖਾਣਾ ਸਹਿਜ ਨਹੀਂ ਹੈ। ਅੰਦਰ ਕੋਈ ਉਮੰਗ ਤਰੰਗ ਨਹੀਂ ਹੈ, ਮੈਂ ਬਾਣੀ ਪੜ੍ਹ ਰਿਹਾ ਹਾਂ, ਇਹ ਬਾਣੀ ਜੱਪਣਾ ਸਹਿਜ ਨਹੀਂ ਹੈ। ਬੜਾ ਗਹਿਰਾ ਵੈਰਾਗ ਹੈ, ਪ੍ਰਭੂ ਦੇ ਮਿਲਣ ਦੀ ਚਾਅ ਹੈ, ਰਸਨਾ ਵਾਹਿਗੁਰੂ ਵਾਹਿਗੁਰੂ ਜੱਪ ਰਹੀ ਹੈ, ਇਹ ਜੱਪਣਾ ਸਹਿਜ ਹੈ, ਕਿਉਂਕਿ ਇਹ ਅੰਦਰੋਂ ਪੈਦਾ ਹੋਇਆ ਹੈ, ਬਾਕੀ ਸਭ ਅਸਹਿਜ ਹੈ।

ਕਈ ਦਾਨ ਵੀ ਕਰੀ ਜਾਂਦੇ ਹਨ, ਪੁੰਨ ਵੀ ਕਰੀ ਜਾਂਦੇ ਹਨ, ਕੀਰਤਨ ਵੀ ਕਰੀ ਜਾਂਦੇ ਹਨ, ਪਰ ਸਹਿਜ ਨਹੀਂ ਹੈ। ਪਰ ਇਸਦਾ ਮਤਲਬ ਇਹ ਨਹੀਂ ਕਿ ਅੰਦਰੋਂ ਪਿਆਸ ਨਹੀਂ ਜਾਗੀ ਤੇ ਹੁਣ ਜਾਣਾ ਹੀ ਨਹੀਂ ਚਾਹੀਦਾ। ਜਾਣਾ ਹੈ, ਮਤਾਂ ਕਿਤੇ ਸਹਿਜ ਦੀ ਪ੍ਰਾਪਤੀ

ਹੋ ਜਾਏ। ਮੈਂ ਕਿਸੇ ਨਾਲ ਤੁਲਨਾਤਮਕ ਗੱਲ ਨਹੀਂ ਕਰ ਸਕਦਾ, ਕਬੀਰ ਕਹਿੰਦੇ ਹਨ। ਫਿਰ ਸਹਿਜ ਨੂੰ ਕਿਵੇਂ ਸਮਝੀਏ? ਜਿਵੇਂ ਚੰਦਰਮਾ ਦੀ ਤਰਫ਼ ਉਂਗਲ ਨਾਲ ਇਸ਼ਾਰਾ ਕੀਤਾ, ਇਹ ਠੀਕ ਹੈ ਉਂਗਲ ਚੰਦਰਮਾ ਨਹੀਂ ਹੈ ਪਰ ਇਸ਼ਾਰਾ ਤਾਂ ਕੀਤਾ ਜਾ ਸਕਦਾ ਹੈ। ਕੋਈ ਉਂਗਲ ਨੂੰ ਫੜ ਲਏ ਤਾਂ ਚੰਦਰਮਾ 'ਤੇ ਨਹੀਂ ਪਹੁੰਚ ਗਿਆ। ਜੇਕਰ ਕੋਈ ਸਮਝ ਬੈਠਾ ਹੈ ਤਾਂ ਬਹੁਤ ਵੱਡਾ ਭੁਲੇਖਾ ਹੈ। ਮੈਂ ਦੇਖਦਾ ਹਾਂ, ਜਿਨ੍ਹਾਂ ਜਿਨ੍ਹਾਂ ਨੇ ਚੰਦਰਮਾ ਦੀ ਤਰਫ਼ ਇਸ਼ਾਰੇ ਕੀਤੇ ਹਨ, ਲੋਕ ਉਹਨਾਂ ਨੂੰ ਮੱਥਾ ਟੇਕਣ ਲੱਗ ਪੈਂਦੇ ਹਨ, ਪਰ ਜਿਸਦੀ ਤਰਫ਼ ਇਸ਼ਾਰਾ ਕੀਤਾ, ਉਸਦੀ ਤਰਫ਼ ਦੇਖਦੇ ਨਹੀਂ। ਕਬੀਰ ਕਹਿੰਦੇ ਹਨ, ਜੋ ਸਹਿਜ ਕਥਾ ਵਿਚ ਹੈ, ਮੈਂ ਬਿਆਨ ਨਹੀਂ ਕਰ ਸਕਦਾ। ਕਬੀਰ ਕਹਿੰਦੇ ਹਨ-

*ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ॥*
*ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ॥੧॥*

(ਅੰਗ ੩੩੩)

ਸਾਰੇ ਸ਼ਬਦ ਵਿਚ ਕਹਿਣਗੇ ਉਥੇ ਇਹ ਵੀ ਨਹੀਂ, ਇਹ ਵੀ ਨਹੀਂ ਪਾਵਸ। ਵਰਖਾ ਦਾ ਰਾਜਾ ਸਨਾਤਨ ਮੱਤ ਵਿਚ ਇੰਦਰ ਨੂੰ ਮੰਨਦੇ ਹਨ। ਮੇਰੀ ਸਹਿਜ ਦੀ ਦੁਨੀਆਂ ਵਿਚ ਇੰਦਰ ਨਹੀਂ ਹੈ। ਕਹਿੰਦੇ ਹਨ ਵਿਸ਼ਨੂੰ ਖੀਰ ਸਾਗਰ ਵਿਚ ਸ਼ੇਸ਼ ਨਾਗ ਦੀ ਸੇਜਾ 'ਤੇ ਬੈਠਾ ਹੈ। ਕਬੀਰ ਕਹਿੰਦੇ ਹਨ, ਮੇਰੀ ਦੁਨੀਆਂ ਵਿਚ ਇਹ ਵੀ ਨਹੀਂ ਹੈ। ਉਥੇ ਸੂਰਜ ਵੀ ਨਹੀਂ ਹੈ, ਉਥੇ ਛਾਂ ਵੀ ਨਹੀਂ ਹੈ। ਉਥੇ ਉੱਤਪਤੀ ਕਰਨ ਵਾਲਾ ਬ੍ਰਹਮਾ ਵੀ ਨਹੀਂ ਹੈ, ਉਥੇ ਪਰਲੈ ਕਰਨ ਵਾਲਾ ਸ਼ਿਵ ਜੀ ਵੀ ਨਹੀਂ ਹੈ। ਇਹ ਸਭ ਕੁਝ ਨਹੀਂ ਹੈ। ਉਥੇ ਜੀਵਨ ਦੀ ਲਾਲਸਾ ਵੀ ਨਹੀਂ ਹੈ, ਮਰਨ ਦਾ ਭੈਅ ਵੀ ਨਹੀਂ ਹੈ। ਉਥੇ ਸੁੱਖਾਂ ਦੀ ਚਾਹਤ ਵੀ ਨਹੀਂ ਹੈ, ਉਥੇ ਦੁੱਖ ਵੀ ਨਹੀਂ ਹੈ। ਸਿਰਫ਼ ਕੇਵਲ ਸਮਾਧੀ ਹੈ। ਸਮਾਧੀ ਉਸ ਸਮੇਂ ਹੁੰਦੀ ਹੈ ਜਦੋਂ ਕੋਈ ਸਮੱਸਿਆ ਨਾ ਹੋਵੇ। ਆਪਣੇ ਵਿਚਾਰਾਂ ਵਿਚ ਦੁੱਖ, ਕਲੇਸ਼, ਚਿੰਤਾ, ਫ਼ਿਕਰ ਤੋਂ ਇਲਾਵਾ ਹੋਰ ਕੀ ਹੋਵੇਗਾ। ਇਹਨਾਂ ਨੂੰ ਮਿਟਾਂਦਿਆਂ ਮਿੱਟ ਜਾਵਾਂਗੇ। ਫਿਰ ਕੀ ਕਰੀਏ? ਕਬੀਰ ਕਹਿੰਦੇ ਹਨ ਕਿ ਮੈਂ ਛੱਡ ਦਿੱਤਾ ਹੈ ਇਹਨਾਂ ਨੂੰ। ਅੱਗੇ ਕਬੀਰ ਕਹਿੰਦੇ ਹਨ-

*ਅਰਧ ਉਰਧ ਦੋਊ ਤਹ ਨਾਹੀ॥*

ਮੇਰੀ ਸਹਿਜ ਦੀ ਦੁਨੀਆਂ ਵਿਚ ਕੋਈ ਛੋਟਾ ਨਹੀਂ, ਕੋਈ ਵੱਡਾ ਨਹੀਂ। ਉਥੇ ਮਾਲਕ ਤੇ ਨੌਕਰ ਬਰਾਬਰ ਹਨ।

*ਅਰਧ ਉਰਧ ਦੋਊ ਤਹ ਨਾਹੀ ਰਾਤ ਦਿਨਸੁ ਤਹ ਨਾਹੀ॥*

(ਅੰਗ ੩੩੩)

ਰਾਤ ਤੇ ਦਿਨ ਦਾ ਜ਼ਿਕਰ ਕਰਨ ਦਾ ਕਬੀਰ ਦਾ ਮਤਲਬ ਸਮਾਂ ਨਹੀਂ ਹੈ। ਦੁੱਖ ਵਿਚ ਸਮਾਂ ਲੰਬਾ ਹੋ ਜਾਂਦਾ ਹੈ, ਸੁੱਖ ਵਿਚ ਸਮਾਂ ਛੋਟਾ ਹੋ ਜਾਂਦਾ ਹੈ। ਪਰਮ ਆਨੰਦ ਵਿਚ ਸਮਾਂ

ਸਮਾਪਤ ਹੋ ਜਾਂਦਾ ਹੈ। ਕਬੀਰ ਕਹਿੰਦੇ ਹਨ, ਉਥੇ ਦਿਨ ਤੇ ਰਾਤ ਨਹੀਂ ਹਨ, ਕਿਉਂਕਿ ਸਮੇਂ ਦੀ ਪਹਿਚਾਣ ਦਿਨ ਤੇ ਰਾਤ ਕਰਕੇ ਹੁੰਦੀ ਹੈ। ਸਮੇਂ ਤੋਂ ਨਿਕਲ ਗਿਆ ਤੇ ਅਕਾਲ ਦੀ ਦੁਨੀਆਂ ਵਿਚ ਪਹੁੰਚ ਗਿਆ। ਸਾਰੇ ਸ਼ਬਦ ਵਿਚ ਕਬੀਰ ਕਹਿੰਦੇ ਹਨ ਕਿ ਇਹ ਨਹੀਂ, ਉਹ ਨਹੀਂ ਹੈ, ਅਜਿਹਾ ਕਿਉਂ ਕਹਿ ਦਿੱਤਾ ਅਕਥ।

*ਸਹਜ ਕੀ ਅਕਥ ਕਥਾ ਹੈ ਨਿਰਾਰੀ॥*

ਜੋ ਉਥੇ ਹੈ ਉਹ ਤਾਂ ਅਕਥ ਹੈ ਤੇ ਜੋ ਨਹੀਂ ਹੈ ਉਹ ਦੱਸ ਦਿੰਦੇ ਹਾਂ। ਖ਼ੈਰ ! ਮੈਂ ਅਰਜ਼ ਕਰਾਂ, ਬੜਾ ਧਨ ਮਿਲ ਗਿਆ। ਜਿੰਨਾ ਧਨ ਵੱਧੇਗਾ, ਮਨੁੱਖ ਦੀਆਂ ਕਾਮਨਾਵਾਂ ਵੀ ਵੱਧਣਗੀਆਂ। ਜੇਕਰ ਮਨੁੱਖ ਜੱਪ ਕਰੇ, ਮੈਂ ਕਈ ਵਾਰੀ ਅਰਜ਼ ਕੀਤੀ ਹੈ ਕਿ ਜੱਪ ਰਸਨਾ ਨੇ ਕਰਨਾ ਹੈ ਤੇ ਮਨ ਨੇ ਸੁਣਨਾ ਹੈ।

*ਗਾਵੀਐ ਸੁਣੀਐ ਮਨਿ ਰਖੀਐ ਭਾਉ॥*

(ਅੰਗ ੨)

ਸ਼ਬਦ ਅੰਦਰ ਜਾਵੇ ਤੇ ਸ਼ਬਦ ਦੀ ਚੋਟ ਨਾਲ ਉਹ ਸੁੱਤੀ ਹੋਈ ਸ਼ਕਤੀ ਜਾਗੇਗੀ। ਉਸਨੂੰ ਸੁਰਤ ਦਾ ਜਾਗਣਾ ਕਹਿੰਦੇ ਹਨ, ਉਸਨੂੰ ਮਨ ਦਾ ਜਾਗਣਾ ਕਹਿੰਦੇ ਹਨ। ਮਨੁੱਖ ਵਾਸ਼ਨਾ ਵਿਚ ਜੀਅ ਰਿਹਾ ਹੈ। ਵਾਸ਼ਨਾ ਸੀਮਾ ਤੋਂ ਵੱਧ ਜਾਏ ਤਾਂ ਮਨੁੱਖ ਬਲਾਤਕਾਰੀ ਹੋ ਜਾਏਗਾ, ਇਸਤਰੀ ਗਣਕਾ ਹੋ ਜਾਂਦੀ ਹੈ। ਜਿਵੇਂ ਵਾਹਿਗੁਰੂ ਦਾ ਜੱਪ ਰਸਨਾ ਕਰਦੀ ਹੈ ਤੇ ਮਨ ਸੁਣਦਾ ਹੈ, ਸ਼ਬਦ ਦੀ ਧੁੰਨ ਅੰਦਰ ਜਾਂਦੀ ਹੈ।

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥*

(ਅੰਗ ੮੭੯)

ਧਿਆਨ ਨੂੰ ਧੁੰਨ ਵਿਚ ਜੋੜੋ ਤੇ ਧੁੰਨ ਵਿਚ ਧਿਆਨ ਜੋੜਨ ਦਾ ਮਤਲਬ ਕੀ ਹੈ, ਸੁਣਨਾ ਹੀ ਧਿਆਨ ਜੋੜਨਾ ਹੈ। ਜਿੰਨੀ ਗਹਿਰਾਈ ਨਾਲ ਤੂੰ ਸੁਣੇਗਾ, ਉੱਨੀ ਧੁੰਨ ਤੇਰੇ ਅੰਦਰ ਗਹਿਰੀ ਜਾਏਗੀ। ਇਕ ਜੀਵਨ ਸ਼ਕਤੀ ਹੈ ਜੋ ਸੁੱਤੀ ਪਈ ਹੈ, ਸ਼ਬਦ ਦੀ ਚੋਟ ਨਾਲ ਜਾਗੇਗੀ। ਅਜਿਹੇ ਮਨੁੱਖ ਦਾ ਵਾਸ਼ਨਾ ਦਾ ਜਗਤ ਖ਼ਤਮ ਹੋ ਜਾਂਦਾ ਹੈ। ਵਾਹਿਗੁਰੂ ਵਾਹਿਗੁਰੂ ਦਾ ਜੱਪ ਜਾਰੀ ਹੈ, ਇਸੇ ਜੱਪ ਨਾਲ ਸੁਰਤ ਉੱਚੀ ਉਠੇਗੀ, ਹੋਰ ਕੋਈ ਸਾਧਨ ਨਹੀਂ ਹੈ। ਇਸ ਲਈ ਮਹਾਰਾਜ ਕਹਿੰਦੇ ਹਨ, ਜੋ ਜੱਪ ਨਹੀਂ ਕਰਦਾ ਤੇ ਬਾਕੀ ਸਭ ਕੁਝ ਕਰਦਾ ਹੈ,

*ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥*

(ਅੰਗ ੭੨੮)

ਜੱਪ ਤੋਂ ਬਿਨਾਂ ਸਾਰੇ ਕੰਮ ਨਿਸਫਲ ਸਮਝ ਲੈ। ਲਾੜੇ ਤੋਂ ਬਿਨਾਂ ਬਰਾਤ ਕੀ ਮਾਇਨੇ ਰੱਖਦੀ ਹੈ। ਜੱਪ ਨਾਲ ਹੀ ਸਫਲ ਹੈ। ਪਹਿਲੀ ਬਾਣੀ ਦਾ ਨਾਮ ਹੀ ਜਪੁ ਹੈ। ਤੋਤੇ ਦੀ ਤਰ੍ਹਾਂ ਵਾਹਿਗੁਰੂ ਵਾਹਿਗੁਰੂ ਰਟਨ ਨਾਲ ਕੀ ਹੋਣਾ ਹੈ? ਇਸ ਨਾਲ ਕੁਝ ਵੀ ਨਹੀਂ ਹੋਣਾ, ਜਿੰਨਾ

ਚਿਰ ਅੰਦਰੋਂ ਨਾ ਜੱਪਿਆ। ਜੱਪ ਤੋਂ ਹੀਣਾ ਮਨੁੱਖ ਫਿਰ ਪਸ਼ੂ ਸਮਾਨ ਹੀ ਰਹਿ ਜਾਂਦਾ ਹੈ। ਜੱਪ ਨੇ ਹੀ ਇਸਨੂੰ ਮਹਾਨ ਬਣਾਉਣਾ ਹੈ।

ਕਿਸੇ ਜ਼ਮਾਨੇ ਵਿਚ ਮਨੁੱਖ ਦੀ ਉੱਚਤਾਈ ਨਾਪੀ ਜਾਂਦੀ ਸੀ, ਇਸਦੇ ਵਿਚ ਦਇਆ ਕਿੰਨੀ ਹੈ, ਇਹ ਪ੍ਰੇਮ ਦਾ ਸਾਗਰ ਕਿੰਨਾ ਹੈ। ਇਹ ਪੈਮਾਨੇ ਅੱਜ ਨਹੀਂ ਰਹੇ। ਅੱਜ ਪੈਮਾਨੇ ਕੀ ਹਨ? ਇਸਦੇ ਕੋਲ ਧਨ ਕਿੰਨਾ ਹੈ, ਇਸਦੇ ਕੋਲ ਸੰਮਪਦਾ ਕਿੰਨੀ ਹੈ, ਇਸਦੇ ਕੋਲ ਰੁਤਬਾ ਕਿੰਨਾ ਹੈ। ਸੰਤਾਂ ਨੂੰ ਵੀ ਜਦੋਂ ਕਤਾਰਾਂ ਵਿਚ ਬਿਠਾਇਆ ਜਾਂਦਾ ਹੈ ਤਾਂ ਕਹਿੰਦੇ ਹਨ, ਵੱਡਾ ਸੰਤ, ਛੋਟਾ ਸੰਤ। ਵੱਡਾ ਸੰਤ ਤੇ ਛੋਟਾ ਸੰਤ ਕਿਸ ਢੰਗ ਨਾਲ ਨਾਪਿਆ ਜਾਂਦਾ ਹੈ? ਇਸਦਾ ਡੇਰਾ ਵੱਡਾ ਹੈ, ਇਸਦਾ ਧਨ ਜ਼ਿਆਦਾ ਹੈ, ਇਹ ਇਸਦੀ ਵਡਿਆਈ ਹੈ। ਜਿਨ੍ਹਾਂ ਪੈਮਾਨਿਆਂ ਨਾਲ ਅਸੀਂ ਸੰਸਾਰੀ ਮਨੁੱਖ ਨੂੰ ਨਾਪਦੇ ਹਾਂ, ਉਹਨਾਂ ਪੈਮਾਨਿਆਂ ਨਾਲ ਸੰਤ ਨੂੰ ਨਾਪਦੇ ਹਾਂ। ਫਿਰ ਪ੍ਰਭਾਵਿਤ ਅਸੀਂ ਧਨ ਤੋਂ ਹਾਂ, ਸੰਤ ਤੋਂ ਨਹੀਂ। ਪ੍ਰਭਾਵਿਤ ਉਸਦੇ ਡੇਰੇ ਤੋਂ ਹਾਂ, ਉਸਦੇ ਚੇਲਿਆਂ ਤੋਂ ਹਾਂ, ਉਸਦੀ ਭੀੜ ਤੋਂ ਹਾਂ। ਸੰਖੇਪ ਮੈਂ ਅਰਜ਼ ਕਰਾਂ, ਸੁਰਤ ਉੱਚੀ ਉੱਠ ਗਈ ਤਾਂ ਫਿਰ ਅਜਿਹੀ ਅਵਸਥਾ ਬਣਦੀ ਹੈ ਜਿਸ ਵਿਚ ਜ਼ਬਾਨ ਖ਼ਾਮੋਸ਼ ਹੋ ਜਾਂਦੀ ਹੈ, ਜ਼ਬਾਨ ਵਾਹਿਗੁਰੂ ਵਾਹਿਗੁਰੂ ਨਹੀਂ ਜੱਪਦੀ। ਕਿਉਂ ਨਹੀਂ ਜੱਪਦੀ?

*ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥*

(ਅੰਗ ੭੯੫)

ਸਾਰੇ ਪ੍ਰਾਣਾਂ ਵਿਚ ਉਹ ਸ਼ਬਦ ਚੱਲ ਪੈਂਦਾ ਹੈ ਜੋ ਬ੍ਰਹਿਮੰਡ ਵਿਚ ਚੱਲ ਰਿਹਾ ਹੈ। ਸਹਿਜੇ ਸਹਿਜੇ ਉਹ ਇਕ ਦਿਨ ਮਹਿਸੂਸ ਕਰਦਾ ਹੈ ਕਿ ਹਜ਼ਾਰਾਂ ਪੰਖੜੀਆਂ ਵਾਲਾ ਜਿਹੜਾ ਕਮਲ ਹੈ, ਮੈਂ ਉਸਦੇ ਵਿਚ ਭੌਰੇ ਦੀ ਤਰ੍ਹਾਂ ਸਮਪਟ ਹੋ ਗਿਆ ਹਾਂ। ਮੈਂ ਉਸਦਾ ਰੂਪ ਹੋ ਗਿਆ ਹਾਂ। ਬੜੇ ਬੜੇ ਮਹਾਂਪੁਰਸ਼ਾਂ ਨੂੰ ਕਮਲ ਵਿਚ ਬੈਠਾ ਦਿਖਾਇਆ ਜਾਂਦਾ ਹੈ। ਜਿਹੜੇ ਉਸ ਕਮਲ ਤੱਕ ਪਹੁੰਚ ਗਏ ਫਿਰ ਉਹਨਾਂ ਦੇ ਹੱਥਾਂ ਵਿਚ ਪਦਮ ਬਣ ਜਾਂਦਾ ਹੈ ਜਾਂ ਪੈਰਾਂ ਵਿਚ ਬਣ ਜਾਂਦਾ ਹੈ। ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ ਪਦਮ ਸੀ। ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਪਦਮ ਸੀ। ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿਚ ਪਦਮ ਸੀ।

*ਤਹ ਗੀਤ ਨਾਦ ਅਖਾਰੇ ਸੰਗਾ॥*

ਉਥੇ ਹਜ਼ਾਰਾਂ ਤਰ੍ਹਾਂ ਦਾ ਗੀਤ, ਸੰਗੀਤ ਗੂੰਜ ਰਿਹਾ ਹੈ।

*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥*
*ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥*

(ਅੰਗ ੮)

ਅਨੇਕਾਂ ਤਰ੍ਹਾਂ ਦਾ ਰੱਸ ਉਸ ਅਵਸਥਾ ਵਿਚ ਉਹ ਮਨੁੱਖ ਮਾਣਦਾ ਹੈ।

*ਊਹਾ ਸੰਤ ਕਰਹਿ ਹਰਿ ਰੰਗਾ॥ ੨॥*

ਉਸ ਦੁਆਰ ਵਿਚ ਸੰਤ ਜਨ ਇਸ ਰੰਗ ਵਿਚ ਜੀਊਂਦੇ ਹਨ।

*ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ॥*

ਉਥੇ ਕੋਈ ਮਰਨ ਦਾ ਭੈਅ ਨਹੀਂ ਰਹਿ ਜਾਂਦਾ। ਉਥੇ ਕੋਈ ਜੀਊਣ ਦੀ ਲਾਲਸਾ ਨਹੀਂ ਰਹਿ ਜਾਂਦੀ। ਉਥੇ ਹਰਖ ਸੋਗ ਤੋਂ ਮਨੁੱਖ ਉੱਚਾ ਉੱਠ ਜਾਂਦਾ ਹੈ।

*ਸਾਚ ਨਾਮ ਕੀ ਅੰਮ੍ਰਿਤ ਵਰਖਾ॥ ੩॥*

ਉਥੇ ਅੰਮ੍ਰਿਤਮਈ ਪ੍ਰਮਾਤਮਾ ਦੇ ਨਾਮ ਦੀ ਵਰਖਾ ਹਰ ਸਮੇਂ ਹੋ ਰਹੀ ਹੈ। ਉਸੇ ਵਰਖਾ ਵਿਚ ਸੰਤ ਹਰ ਸਮੇਂ ਭਿੱਜਿਆ ਰਹਿੰਦਾ ਹੈ ਭਾਵ ਉਸਦਾ ਹਿਰਦਾ ਕੋਮਲ ਰਹਿੰਦਾ ਹੈ।

*ਗੁਹਜ ਕਥਾ ਇਹ ਗੁਰ ਤੇ ਜਾਣੀ॥*

ਇਹ ਜਿਹੜੀ ਗੁਹਜ ਕਥਾ ਹੈ ਅਸੀਂ ਗੁਰੂ ਤੋਂ ਜਾਣੀ ਹੈ, ਸਮਝੀ ਹੈ।

*ਨਾਨਕੁ ਬੋਲੈ ਹਰਿ ਹਰਿ ਬਾਣੀ॥ ੪॥ ੬॥ ੧੨॥*

ਉਹ ਜੋ ਹਰੀ ਦੇ ਬੋਲ ਹਨ, ਜੋ ਸੁਣੇ ਹਨ, ਉਹੀ ਮੈਂ ਜਗਤ ਨੂੰ ਸੁਣਾ ਰਿਹਾ ਹਾਂ। ਰੱਬ ਚਾਨਣਾ ਹੈ, ਇਸ ਲਈ ਤਮਾਮ ਖ਼ੁਸ਼ੀ ਭਰੇ ਤਿਉਹਾਰ ਚਾਨਣੇ ਨਾਲ ਸਬੰਧਿਤ ਕੀਤੇ ਗਏ। ਸਤਿਗੁਰ ਰਹਿਮਤ ਕਰਨ। ਭੁੱਲਾਂ ਚੁੱਕਾਂ ਦੀ ਮੁਆਫ਼ੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

# ਉਦਮ ਮਤਿ ਪ੍ਰਭ ਅੰਤਰਜਾਮੀ

ਰਾਗੁ ਬਿਲਾਵਲੁ ਮਹਲਾ ੪ ਘਰੁ ੩ ੧ਓ ਸਤਿਗੁਰ ਪ੍ਰਸਾਦਿ॥

*ਉਦਮ ਮਤਿ ਪ੍ਰਭ ਅੰਤਰਜਾਮੀ ਜਿਉ ਪ੍ਰੇਰੇ ਤਿਉ ਕਰਨਾ॥*
*ਜਿਉ ਨਟੂਆ ਤੰਤੁ ਵਜਾਏ ਤੰਤੀ ਤਿਉ ਵਾਜਹਿ ਜੰਤ ਜਨਾ॥ ੧॥*
*ਜਪਿ ਮਨ ਰਾਮ ਨਾਮੁ ਰਸਨਾ॥*
*ਮਸਤਕਿ ਲਿਖਤ ਲਿਖੇ ਗੁਰੁ ਪਾਇਆ ਹਰਿ ਹਿਰਦੈ ਹਰਿ ਬਸਨਾ ॥੧॥ਰਹਾਉ॥*
*ਮਾਇਆ ਗਿਰਸਤਿ ਭ੍ਰਮਤੁ ਹੈ ਪ੍ਰਾਨੀ ਰਖਿ ਲੇਵਹੁ ਜਨੁ ਅਪਨਾ॥*
*ਜਿਉ ਪ੍ਰਹਿਲਾਦੁ ਹਰਣਾਖਸਿ ਗ੍ਰਸਿਓ ਹਰਿ ਰਾਖਿਓ ਹਰਿ ਸਰਨਾ॥ ੨॥*
*ਕਵਨ ਕਵਨ ਕੀ ਗਤਿ ਮਿਤਿ ਕਹੀਐ ਹਰਿ ਕੀਏ ਪਤਿਤ ਪਵੰਨਾ॥*
*ਓਹੁ ਢੋਵੈ ਢੋਰ ਹਾਥਿ ਚਮੁ ਚਮਰੇ ਹਰਿ ਉਧਰਿਓ ਪਰਿਓ ਸਰਨਾ॥ ੩॥*
*ਪ੍ਰਭ ਦੀਨ ਦਇਆਲ ਭਗਤ ਭਵ ਤਾਰਨ ਹਮ ਪਾਪੀ ਰਾਖੁ ਪਪਨਾ॥*
*ਹਰਿ ਦਾਸਨ ਦਾਸ ਦਾਸ ਹਮ ਕਰੀਅਹੁ ਜਨ ਨਾਨਕ ਦਾਸ ਦਾਸੰਨਾ॥੪॥੧॥*

(ਅੰਗ ੭੯੮)

ਸਤਿਕਾਰ ਯੋਗ ਸਾਧ ਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਬਿਲਾਵਲੁ ਰਾਗ ਦੇ ਅੰਦਰ ਧੰਨ ਗੁਰੂ ਰਾਮਦਾਸ ਜੀ ਦਾ ਇਹ ਮਹਾਂਵਾਕ, ਛੋਟਾ ਮੂਲ ਮੰਗਲ ਵੀ ਹੈ। ਉਹ ਇਕ ਹੈ। ਉਹ ਜੋ ਇਕ ਹੈ ਓਅੰਕਾਰ ਹੈ। ਉਹ ਜੋ ਓਅੰਕਾਰ ਹੈ ਉਹ ਸਤਿ ਹੈ। ਉਹ ਜੋ ਸਤਿ ਹੈ, ਪ੍ਰਸਾਦਿ ਹੈ, ਬਖ਼ਸ਼ਿਸ਼ ਹੈ, ਕਰੁਣਾਕਰ ਹੈ।

ਧਾਰਮਿਕ ਜਗਤ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਇਕ ਅਜਿਹਾ ਕਹਿੰਦਾ ਹੈ ਕਿ ਹੋ ਰਿਹਾ ਹੈ, ਕੀਤਾ ਨਹੀਂ ਜਾ ਰਿਹਾ। ਭਾਵ ਮੈਂ ਵੀ ਕਰ ਨਹੀਂ ਰਿਹਾ, ਹੋ ਰਿਹਾ ਹੈ। ਉਹਨਾਂ ਕੋਲ ਪ੍ਰਬਲ ਦਲੀਲ ਇਹ ਹੈ ਕਿ ਜਿਵੇਂ ਸੁਆਸ ਮੈਂ ਨਹੀਂ ਚਲਾ ਰਿਹਾ, ਚੱਲ ਰਹੇ ਹਨ। ਦਿਲ ਮੈਂ ਨਹੀਂ ਧੜਕਾ ਰਿਹਾ, ਧੜਕ ਰਿਹਾ ਹੈ। ਸਰੀਰ ਵਿਚ ਖ਼ੂਨ ਮੈਂ ਨਹੀਂ ਚਲਾ ਰਿਹਾ, ਚੱਲ ਰਿਹਾ ਹੈ। ਇਸ ਤਰ੍ਹਾਂ ਮੇਰੇ ਹੱਥਾਂ, ਪੈਰਾਂ, ਜ਼ਬਾਨ, ਅੱਖਾਂ ਤੋਂ ਹੋ ਰਿਹਾ ਹੈ, ਕੀਤਾ

ਨਹੀਂ ਜਾ ਰਿਹਾ। ਦੂਸਰਾ ਤਬਕਾ ਇਹ ਕਹਿੰਦਾ ਹੈ ਕਿ ਜੇਕਰ ਕੀਤਾ ਨਹੀਂ ਜਾ ਰਿਹਾ ਅਤੇ ਮੈਂ ਕਰ ਨਹੀਂ ਰਿਹਾ ਤਾਂ ਮੈਂ ਜ਼ਿੰਮੇਵਾਰ ਵੀ ਨਹੀਂ। ਜਿਥੇ ਮੇਰੇ ਪਿੰਡ ਵਿਚ ਅਜਿਹਾ ਹੋ ਰਿਹਾ ਹੈ, ਬ੍ਰਹਿਮੰਡ ਵਿਚ ਵੀ ਅਜਿਹਾ ਹੋ ਰਿਹਾ ਹੈ। ਸੂਰਜ ਉਦੇ ਹੋ ਰਿਹਾ ਹੈ। ਅਸਤ ਹੋ ਰਿਹਾ ਹੈ। ਰਾਤ ਹੋ ਰਹੀ ਹੈ। ਸੂਰਜ ਖ਼ੁਦ ਕੋਈ ਕਿਰਿਆ ਕਰਨ ਵਿਚ ਸੁਤੰਤਰ ਨਹੀਂ ਹੈ। ਵੱਗ ਰਹੇ ਹਨ ਦਰਿਆ, ਹੋ ਰਹੀ ਹੈ ਵਰਖਾ, ਉਛਲ ਰਹੀਆਂ ਹਨ ਲਹਿਰਾਂ, ਘੁੰਮ ਰਹੀ ਹੈ ਧਰਤੀ। ਧਰਤੀ ਘੁੰਮਦੀ ਹੋਈ ਸੋਚੇ ਕਿ ਮੈਂ ਨਹੀਂ ਘੁੰਮਣਾ, ਇੰਨੀ ਸੋਚ ਹੀ ਨਹੀਂ ਹੈ। ਸੂਰਜ ਸੋਚੇ ਕਿ ਹੁਣ ਮੈਂ ਆਪਣੀ ਥਾਂ 'ਤੇ ਰੁੱਕ ਜਾਣਾ ਹੈ, ਇਹ ਸੋਚ ਹੀ ਨਹੀਂ ਹੈ। ਪੰਜੇ ਦੇ ਪੰਜੇ ਤੱਤ ਜੜ੍ਹ ਹਨ। ਇਸ ਵਾਸਤੇ ਇਹਨਾਂ ਦੇ ਤੱਲ 'ਤੇ ਹੋ ਰਿਹਾ ਹੈ ਤੇ ਪੰਜ ਤੱਤਾਂ ਦੀ ਇਹ ਕਾਇਆ ਜੋ ਬ੍ਰਹਿਮੰਡ ਵਿਚ ਦੇਖਦੇ ਹਾਂ, ਹੋ ਰਿਹਾ ਹੈ। ਮੈਂ ਦੇਖਿਆ ਜਦੋਂ ਭਾਰਤ ਵਿਚ ਹੜ੍ਹ ਆਉਂਦੇ ਹਨ ਤਾਂ ਬੜੇ ਸ਼ਹਿਰ ਡੁੱਬ ਜਾਂਦੇ ਹਨ, ਪਿੰਡ ਡੁੱਬ ਜਾਂਦੇ ਹਨ।

ਵਿਗਿਆਨਕ ਵੀ ਦੋ ਧੜਿਆਂ ਵਿਚ ਵੰਡੇ ਹੋਏ ਹਨ। ਕੁਝ ਵਿਗਿਆਨਕ ਕਹਿ ਰਹੇ ਹਨ ਕਿ ਹੋ ਰਿਹਾ ਹੈ, ਕੀਤਾ ਨਹੀਂ ਜਾ ਰਿਹਾ। ਪਾਪ ਹੋ ਰਿਹਾ ਹੈ, ਪੁੰਨ ਹੋ ਰਿਹਾ ਹੈ, ਸ਼ੁੱਭ ਹੋ ਰਿਹਾ ਹੈ, ਅਸ਼ੁੱਭ ਹੋ ਰਿਹਾ ਹੈ। ਧਾਰਮਿਕ ਜਗਤ ਇਹ ਕਹਿੰਦਾ ਹੈ ਕਿ ਜੇ ਮੈਂ ਕਰਤਾਪਣ ਹਟਾ ਲਵਾਂ ਤਾਂ ਫਿਰ ਮੈਂ ਮੈਲਾ ਨਹੀਂ ਹਾਂ। ਸਮਾਜ ਦੀ ਭਾਸ਼ਾ ਵਿਚ ਸ਼ੁੱਭ ਹੋਵੇਗਾ, ਅਸ਼ੁੱਭ ਹੋਵੇਗਾ, ਪਾਪ ਹੋਵੇਗਾ, ਪੁੰਨ ਹੋਵੇਗਾ। ਜਿਸਨੇ ਆਪਣਾ ਕਰਤਾਪਣ ਹਟਾ ਲਿਆ ਤਾਂ ਨਾ ਸ਼ੁੱਭ, ਨਾ ਅਸ਼ੁੱਭ। ਬਸ ਹੋ ਰਿਹਾ ਹੈ। ਇਸ ਤਰ੍ਹਾਂ ਦੀ ਵਿਚਾਰ ਗੁਰਬਾਣੀ ਵਿਚ ਵੀ ਹੈ-

*ਕਰਮ ਕਰਤ ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ ਨਿਰਮਲ ਧਰਮ॥*

(ਅੰਗ ੨੭੪)

ਕਰਮ ਕਰਦਿਆਂ ਹੋਇਆਂ ਨਿਸ਼ਕਾਮ ਹੋ ਜਾਵੇ, ਭਾਵ ਨਾ ਕਰੇ ਕਰਮ, ਨਹੀਂ। ਕਰਮ ਦਾ ਕਰਤਾਪਣ ਹਟਾ ਦੇਵੇ ਕਿ ਮੈਂ ਕੀਤਾ ਹੈ। ਮੈਂ ਨਹੀਂ ਕੀਤਾ, ਹੋ ਰਿਹਾ ਹੈ। ਬਹੁਤ ਵੱਡਾ ਪੁੰਨ ਹੋ ਗਿਆ ਜਾਂ ਹੋ ਰਿਹਾ ਹੈ, ਮੈਂ ਨਹੀਂ ਕੀਤਾ। ਮੇਰੇ ਹੱਥਾਂ 'ਚੋਂ ਬਹੁਤ ਵੱਡੀ ਬਰਬਾਦੀ ਹੋ ਗਈ ਹੈ। ਹੋ ਗਈ ਹੈ, ਮੈਂ ਨਹੀਂ ਕੀਤੀ। ਬ੍ਰਹਮ ਗਿਆਨੀਆਂ ਦੀ ਭਾਸ਼ਾ ਨੂੰ ਜਦੋਂ ਮੂਰਖ ਲੋਕ ਵਰਤਦੇ ਹਨ ਤਾਂ ਅਰਥ ਕੁਝ ਹੋਰ ਹੋ ਜਾਂਦੇ ਹਨ।

ਸੁਆਮੀ ਮਹਾਂਵੀਰ ਜੰਗਲਾਂ ਵਿਚ ਤਪੱਸਿਆ ਕਰਦੇ ਰਹੇ, ਕੱਪੜੇ ਪਾਟ ਗਏ। ਨੰਗੇ ਹੋ ਗਏ। ਸਮਾਧੀ ਲੀਨ ਮਨੁੱਖ ਸਨ। ਉਹਨਾਂ ਨੂੰ ਆਪਣੀ ਨਗਨਤਾ ਦਾ ਖ਼ਿਆਲ ਨਾ ਆਇਆ। ਕਿਉਂ? ਮਨ ਵਿਚੋਂ ਸਾਰੀ ਮੈਲ ਨਿਕਲ ਗਈ। ਢੱਕਣਾ ਪੈਂਦਾ ਹੈ ਗੰਦਗੀ ਨੂੰ, ਫੁੱਲਾਂ ਨੂੰ ਢੱਕਣ ਦੀ ਲੋੜ ਨਹੀਂ ਹੈ। ਹੁਣ ਜੈਨੀ ਸਾਧੂ ਨਕਲ ਕਰਦੇ ਹਨ ਨੰਗੇ ਰਹਿਣ ਦੀ। ਤੁਹਾਨੂੰ ਤਾਂ ਕੱਪੜੇ ਉਪਲਬੱਧ ਹਨ। ਰਹਿਣਾ ਸਮਾਜ ਵਿਚ ਹੈ। ਉਹ ਜੰਗਲ ਵਿਚ ਰਹਿੰਦਾ ਸੀ। ਇਹ ਨਕਲ ਚੱਲ ਪਈ। ਮਹਾਂਵੀਰ ਦਾ ਨੰਗਾ ਹੋ ਜਾਣਾ ਹੋ ਗਿਆ, ਕੀਤਾ ਨਹੀਂ ਉਸਨੇ। ਇਹ ਨੰਗਾ ਆਪਣੇ ਆਪ ਨੂੰ ਕਰ ਰਹੇ ਹਨ। ਇਹਨਾਂ ਨੂੰ ਅਭਿਆਸ ਕਰਨਾ ਪੈਂਦਾ ਹੈ। ਪਹਿਲਾਂ

ਚੋਲਾ ਇਕ ਪਾਸੇ ਕਰੋ, ਫਿਰ ਤਹਿਮਤ ਇਕ ਪਾਸੇ ਕਰੋ, ਫਿਰ ਲੰਗੋਟੀ ਵੀ ਇਕ ਪਾਸੇ ਕਰੋ, ਅਲਫ਼ ਨੰਗੇ ਹੋ ਜਾਉ। ਇਸ ਤਰ੍ਹਾਂ ਦੀ ਸਾਧਨਾ ਕਰਦਿਆਂ ਕਰਦਿਆਂ ਉਹਨਾਂ ਨੂੰ ਕਈ ਸਾਲ ਲੱਗ ਜਾਂਦੇ ਹਨ। ਫਿਰ ਸਮਾਜ ਵਿਚ ਨੰਗੇ ਵਿਚਰੋ। ਇਹਨਾਂ ਨੂੰ ਇਹ ਸਾਧਨਾ ਕਰਨੀ ਪੈਂਦੀ ਹੈ।

ਬ੍ਰਹਮ ਗਿਆਨੀ ਤੋਂ ਸਭ ਕੁਝ ਹੁੰਦਾ ਹੈ, ਉਹ ਕਰਦਾ ਨਹੀਂ ਹੈ। ਉਸਨੇ ਤਾਂ ਕਦੋਂ ਦਾ ਕਰਤਾਪਣ ਹਟਾ ਦਿੱਤਾ। ਕਰਤਾਪਣ ਤਾਂ ਹੁੰਦਾ ਜੇ ਮੈਂ ਹਾਂ। ਮੈਂ ਹਾਂ ਤਾਂ ਮੈਂ ਕਰਾਂਗਾ। ਜਦੋਂ ਮੈਂ ਹੀ ਨਹੀਂ ਰਿਹਾ ਤਾਂ ਮੈਂ ਕੀ ਕਰਾਂਗਾ। ਹੁਣ ਹੋ ਰਿਹਾ ਹੈ। ਬਸ ਬ੍ਰਹਮ ਗਿਆਨੀਆਂ ਦੇ ਇਹ ਬੋਲ ਮੂਰਖਾਂ ਦੇ ਹੱਥ ਲੱਗ ਜਾਂਦੇ ਹਨ। ਉਹ ਵੀ ਕਹਿੰਦੇ ਹਨ ਕਿ ਜਦੋਂ ਰੱਬ ਜਪਾਏਗਾ ਤਾਂ ਜੱਪ ਲਵਾਂਗੇ। ਜਦੋਂ ਗੁਰੂ ਛਕਾਵੇਗਾ ਤਾਂ ਅੰਮ੍ਰਿਤ ਛੱਕ ਲਵਾਂਗੇ। ਅਜੇ ਤਾਂ ਅਸੀਂ ਸ਼ਰਾਬ ਪੀਂਦੇ ਪਏ ਹਾਂ। ਜਦੋਂ ਗੁਰੂ ਲਿਆਵੇਗਾ ਉਦੋਂ ਗੁਰਦੁਆਰੇ ਆ ਜਾਵਾਂਗੇ। ਜਦੋਂ ਪ੍ਰਮਾਤਮਾ ਚਾਹੇਗਾ ਉਦੋਂ ਅੰਮ੍ਰਿਤ ਵੇਲੇ ਉਠਾਂਗੇ। ਇਹ ਬ੍ਰਹਮ ਗਿਆਨੀਆਂ ਦੇ ਬੋਲ ਮੂਰਖਾਂ ਦੇ ਹੱਥ ਵਿਚ ਆ ਗਏ। ਬੋਲ ਤਾਂ ਉਹੀ ਹਨ ਜੋ ਸੰਤ ਦੇ ਹਨ, ਪਰ ਅਨਾੜੀ ਕੋਲ ਹਨ, ਨਾਸਮਝ ਕੋਲ ਹਨ। ਸੰਤ ਇਹ ਵੀ ਨਹੀਂ ਕਹਿੰਦਾ ਕਿ ਮੈਂ ਜੱਪ ਕਰ ਰਿਹਾ ਹਾਂ। ਹੋ ਰਿਹਾ ਹੈ। ਪਾਪ ਪੁੰਨ ਤੋਂ ਨਿਆਰਾ ਹੋ ਜਾਂਦਾ ਹੈ, ਕਿਉਂਕਿ ਪਾਪ ਪੁੰਨ ਤਾਂ ਹੀ ਹੈ ਜੇ ਮੈਂ ਕਰਦਾ। ਜਦੋਂ ਮੈਂ ਕਰ ਹੀ ਨਹੀਂ ਰਿਹਾ ਤਾਂ ਕਿਸੇ ਕਿਰਤ ਦੀ ਮੇਰੀ ਜ਼ਿੰਮੇਵਾਰੀ ਹੀ ਨਹੀਂ। ਮੇਰੇ ਹੱਥਾਂ ਨੂੰ ਜਿਵੇਂ ਪ੍ਰੇਰਦਾ ਹੈ, ਮੈਂ ਕਰਦਾ ਹਾਂ। ਮੇਰੀਆਂ ਅੱਖਾਂ ਨੂੰ ਜਿਵੇਂ ਪ੍ਰੇਰਦਾ ਹੈ, ਮੈਂ ਕਰਦਾ ਹਾਂ। ਮੇਰੇ ਪੈਰਾਂ ਨੂੰ ਜਿਵੇਂ ਪ੍ਰੇਰਦਾ ਹੈ, ਮੈਂ ਕਰਦਾ ਹਾਂ। ਮੈਂ ਨਹੀਂ ਕਰਦਾ, ਕਿਉਂਕਿ ਮੈਂ ਨਹੀਂ ਹਾਂ।

ਵਿਗਿਆਨਕ ਤੇ ਨਾਸਤਿਕ ਵੀ ਇਹੀ ਕਹਿੰਦਾ ਹੈ। ਫ਼ਰਾਇਡ ਵੀ ਇਹੀ ਕਹਿੰਦਾ ਹੈ ਕਿ ਮਨੁੱਖ ਜ਼ਿੰਮੇਵਾਰ ਨਹੀਂ ਹੈ। ਹੇ ਬੰਦੇ! ਤੇਰੇ ਸਰੀਰਕ ਰੋਗਾਂ ਲਈ ਮਾਂ ਬਾਪ ਜ਼ਿੰਮੇਵਾਰ ਹਨ। ਮਾਂ ਰੋਗੀ ਸੀ, ਅੱਗੋਂ ਬੱਚੇ ਰੋਗੀ। ਪਿਉ ਰੋਗੀ ਸੀ, ਅੱਗੋਂ ਬੱਚੇ ਰੋਗੀ। ਫ਼ਰਾਇਡ ਨੇ ਕਹਿ ਦਿੱਤਾ ਕਿ ਤੇਰੇ ਸਰੀਰਕ ਰੋਗਾਂ ਲਈ ਡਾਕਟਰ ਸੀ। ਤੇਰੇ ਸਰੀਰਕ ਰੋਗਾਂ ਲਈ ਤਾਂ ਮਨੋਚਿੰਤਕ ਵੀ ਸੀ। ਤੂੰ ਜ਼ਿੰਮੇਵਾਰ ਨਹੀਂ, ਤੇਰੇ ਮਾਂ ਬਾਪ ਜ਼ਿੰਮੇਵਾਰ ਹਨ। ਉਸਨੇ ਕਿਹਾ ਸੀ ਕਿ ਅਜਿਹਾ ਕਾਨੂੰਨ ਬਣਨਾ ਚਾਹੀਦਾ ਹੈ ਕਿ ਰੋਗੀ ਮਾਂ ਬਾਪ ਦੇ ਬੱਚੇ ਨਹੀਂ ਹੋਣੇ ਚਾਹੀਦੇ। ਕਿਉਂ? ਸੰਤਾਨ ਰੋਗੀ ਹੋਵੇਗੀ। 90% ਰੋਗ ਖ਼ਾਨਦਾਨੀ ਹੁੰਦੇ ਹਨ। ਮੇਰੀ ਸਰੀਰਕ ਤਕਲੀਫ਼ ਲਈ ਮੈਂ ਜ਼ਿੰਮੇਵਾਰ ਹੀ ਨਹੀਂ, ਮੈਂ ਕਰਦਾ ਹੀ ਨਹੀਂ। ਦੂਸਰਾ ਕਾਰਲ ਮਾਰਕਸ ਕਹਿੰਦਾ ਹੈ ਕਿ ਤੇਰੀਆਂ ਆਰਥਿਕ ਔਕੜਾਂ ਲਈ, ਤੇਰੀਆਂ ਆਰਥਿਕ ਪ੍ਰੇਸ਼ਾਨੀਆਂ ਲਈ ਸਮਾਜ ਜ਼ਿੰਮੇਵਾਰ ਹੈ। ਇਕ ਕਰੋੜਾਂਪਤੀ ਹੈ, ਇਸ ਵਾਸਤੇ ਤੂੰ ਗ਼ਰੀਬ ਹੈਂ। ਇਕ ਮਨੁੱਖ ਨੇ ਹਜ਼ਾਰਾਂ ਮਨੁੱਖ ਦੀ ਸੰਪੱਤੀ ਆਪਣੇ ਕੋਲ ਰੱਖ ਲਈ ਹੈ, ਇਸ ਵਾਸਤੇ ਹਜ਼ਾਰਾਂ ਗ਼ਰੀਬ ਹਨ। ਵੰਡ ਦਿਉ, ਬਰਾਬਰ ਕਰ ਦਿਉ। ਭਾਵ ਅਮੀਰ ਨੂੰ ਗ਼ਰੀਬ ਬਣਾਉ, ਸ਼ਾਇਦ ਗ਼ਰੀਬੀ ਦੂਰ ਹੋ ਜਾਵੇ।

ਚੀਨ ਅਤੇ ਰਸ਼ੀਆ ਵਿਚ ਜਿੰਨੇ ਚੋਟੀ ਦੇ ਧਨਾਢ ਸਨ, ਸਭ ਗ਼ਰੀਬ ਬਣਾ ਦਿੱਤੇ ਗਏ।

ਪਰ ਰਸ਼ੀਆ ਅੱਜ ਵੀ ਗ਼ਰੀਬ ਹੈ। ਚੀਨ ਅੱਜ ਵੀ ਗ਼ਰੀਬ ਹੈ। ਅਮੀਰ ਦੀ ਅਮੀਰੀ ਤੇ ਨਾ ਰਹੀ, ਪਰ ਗ਼ਰੀਬ ਦੀ ਗ਼ਰੀਬੀ ਵੀ ਨਾ ਹੱਟੀ। ਕਰੋੜਾਂਪਤੀ, ਲੱਖਾਂਪਤੀ ਸਾਰੇ ਖ਼ਤਮ ਹੋ ਗਏ, ਪਰ ਸਾਰੇ ਅੱਜ ਵੀ ਗ਼ਰੀਬ ਹਨ। ਇਸ ਹਿਸਾਬ ਨਾਲ ਕਾਰਲ ਮਾਰਕਸ ਦਾ ਸਿਧਾਂਤ, ਉਸਦੀ ਸੋਚਣੀ ਗ਼ਲਤ ਸਾਬਤ ਹੋ ਗਈ।

ਮੈਂ ਅਰਜ਼ ਕਰਾਂ, ਬ੍ਰਹਮ ਗਿਆਨੀ ਵੀ ਕਹਿੰਦੇ ਹਨ ਕਿ ਮੈਂ ਕਰ ਨਹੀਂ ਰਿਹਾ, ਹੋ ਰਿਹਾ ਹੈ।

*ਇਸ ਕਾ ਬਲੁ ਨਾਹੀ ਇਸੁ ਹਾਥ॥ ਕਰਨ ਕਰਾਵਨ ਸਰਬ ਕੋ ਨਾਥ॥*

(ਅੰਗ ੨੭੭)

ਨਹੀਂ ਹੈ ਮੇਰੇ ਕੋਲ ਕੁਝ, ਸਭ ਕੁਝ ਉਹੀ ਕਰ ਰਿਹਾ ਹੈ। ਇਕ ਪੰਗਤੀ ਤਾਂ ਸਾਰਿਆਂ ਨੂੰ ਯਾਦ ਹੈ-

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥*

(ਅੰਗ ੧)

ਸਭ ਕੁਝ ਹੁਕਮ ਦੇ ਵਿਚ ਹੈ। ਬ੍ਰਹਮ ਗਿਆਨੀ ਜਗਤ ਨੂੰ ਸਮਝਾਉਣ ਵਾਸਤੇ ਬੜੀਆਂ ਦਲੀਲਾਂ ਦਿੰਦੇ ਹਨ, ਪਰ ਜਗਤ ਸਮਝਿਆ ਨਹੀਂ। ਬ੍ਰਹਮ ਗਿਆਨੀ ਨੇ ਜਿਸ ਉਚਾਈ ਤੋਂ ਆਖਿਆ ਹੈ, ਖੁੱਡ ਵਿਚ ਬੈਠੇ ਮਨੁੱਖ ਨੇ ਕੁਝ ਹੋਰ ਸਮਝ ਲਿਆ ਹੈ। ਜਦੋਂ ਗੁਰੂ ਛਡਾਏਗਾ ਉਦੋਂ ਸ਼ਰਾਬ ਛੱਡ ਦੇਵਾਂਗੇ। ਇਸਦਾ ਮਤਲਬ ਹੁਣ ਪ੍ਰਮਾਤਮਾ ਬੜੀ ਕਰੋਪੀ ਤੇ ਕਠੋਰਤਾ ਪਿਆ ਕਰਦਾ ਹੈ। ਤੇਰੇ 'ਤੇ ਬਖ਼ਸ਼ਿਸ਼ ਹੋਵੇਗੀ ਤਾਂ ਤੂੰ ਗੁਰਦੁਆਰੇ ਆਵੇਂਗਾ, ਅਜੇ ਬੜੀ ਕਰੋਪੀ ਹੋ ਰਹੀ ਹੈ। ਇਸਦਾ ਮਤਲਬ ਹੈ, ਪ੍ਰਮਾਤਮਾ ਕਿਸੇ ਸਮੇਂ ਕਠੋਰ ਹੈ ਤੇ ਕਿਸੇ ਸਮੇਂ ਬਖ਼ਸ਼ਿਸ਼ ਕਰਦਾ ਹੈ। ਇਹ ਇੰਞ ਕਹਿਣਾ ਪਵੇਗਾ ਕਿ ਸੂਰਜ ਵਿਚ ਕਿਸੇ ਸਮੇਂ ਹਨੇਰਾ ਹੁੰਦਾ ਹੈ, ਕਿਸੇ ਸਮੇਂ ਰੌਸ਼ਨੀ ਹੁੰਦੀ ਹੈ। ਸੂਰਜ ਵਿਚ ਹਰ ਸਮੇਂ ਰੌਸ਼ਨੀ ਹੈ। ਜ਼ਮੀਨ 'ਤੇ ਕਿਸੇ ਸਮੇਂ ਹਨੇਰਾ ਹੈ, ਜ਼ਮੀਨ 'ਤੇ ਕਿਸੇ ਸਮੇਂ ਚਾਨਣ ਹੈ। ਪ੍ਰਮਾਤਮਾ ਵਿਚ ਹਰ ਸਮੇਂ ਬਖ਼ਸ਼ਿਸ਼ ਹੈ। ਕਿਸੇ ਸਮੇਂ ਮਨੁੱਖ ਬਖ਼ਸ਼ਿਸ਼ ਦਾ ਪਾਤਰ ਹੁੰਦਾ ਹੈ, ਕਿਸੇ ਸਮੇਂ ਨਹੀਂ ਹੁੰਦਾ। ਪ੍ਰਮਾਤਮਾ ਵਿਚ ਕਠੋਰਤਾ ਨਹੀਂ ਹੈ, ਪ੍ਰਮਾਤਮਾ ਵਿਚ ਵੈਰ ਨਹੀਂ ਹੈ। ਪ੍ਰਮਾਤਮਾ ਵਿਚ ਤਾਂ ਦਇਆ ਹੈ, ਰਹਿਮ ਹੈ। ਉਹ ਤਾਂ ਪ੍ਰਸਾਦਿ ਹੈ। ਗੁਰੂ ਨਾਨਕ ਮੂਲ ਮੰਤਰ ਨੂੰ ਬਾਰ ਬਾਰ ਸਮਾਪਤ ਕਰਦੇ ਹਨ ਪ੍ਰਸਾਦਿ, ਪ੍ਰਸਾਦਿ।

ਫ਼ਰਾਈਡ ਦੇ ਅਜਿਹੇ ਕਹਿਣ ਨਾਲ ਸਾਰੇ ਯੋਰਪ ਵਿਚ ਮਾਂ ਬਾਪ ਦਾ ਸਨਮਾਨ ਨਹੀਂ ਰਿਹਾ। ਇਸਦਾ ਯੋਰਪ 'ਤੇ ਬੜਾ ਪ੍ਰਭਾਵ ਪਿਆ। ਸਨਮਾਨ ਤਾਂ ਕੀ, ਮਾਂ ਬਾਪ ਨਾਲ ਪਿਆਰ ਵੀ ਨਹੀਂ ਕਰਦੇ। ਆਪ ਦੀ ਗਿਆਤ ਲਈ ਅਰਜ਼ ਕਰਾਂ, ਮਾਂ ਬੱਚੇ ਨਾਲ ਪਿਆਰ ਕਰ ਰਹੀ ਹੈ, ਇਹ ਅਧਿਆਤਮਕ ਨਹੀਂ ਹੈ, ਇਹ ਤਾਂ ਪ੍ਰਾਕਿਰਤਕ ਹੈ। ਪਸ਼ੂ ਵੀ ਬੱਚਿਆਂ ਨਾਲ ਪਿਆਰ ਕਰਦੇ ਹਨ। ਪਸ਼ੂ, ਪੰਛੀ, ਕੀੜੇ ਮਕੌੜੇ ਵੀ ਆਪਣੇ ਬੱਚਿਆਂ ਨੂੰ ਸੀਨੇ ਨਾਲ ਲਾਈ

ਰੱਖਦੇ ਹਨ। ਮਾਂ ਬਾਪ ਆਪਣੇ ਬੱਚਿਆਂ ਨਾਲ ਪਿਆਰ ਕਰ ਰਹੇ ਹਨ, ਪ੍ਰਾਕਿਰਤਕ ਹੈ, ਪ੍ਰਮਾਤਮਾ ਅਜਿਹਾ ਚਾਹੁੰਦਾ ਹੈ। ਜੇਕਰ ਉਹ ਨਾ ਕਰਨ ਤਾਂ ਬੱਚੇ ਪਲ ਨਹੀਂ ਸਕਦੇ।

*ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥*

(ਅੰਗ ੯੧੮)

ਹੇ ਪ੍ਰਭੂ! ਤੇਰੇ ਤੋਂ ਕੁਰਬਾਨ ਹਾਂ। ਤੂੰ ਮੋਹ ਦੇ ਵਿਚ ਇੰਨੀ ਮਿਠਾਸ ਪਾ ਦਿੱਤੀ ਹੈ ਤੇ ਜੇ ਨਾ ਹੁੰਦੀ ਤਾਂ ਬੱਚੇ ਰੋਂਦੇ ਰੋਂਦੇ, ਤੜਪ ਤੜਪ ਕੇ ਮਰ ਜਾਣੇ ਸਨ। ਕਿਸ ਨੇ ਦੁੱਧ ਪਿਲਾਉਣਾ ਸੀ? ਕਿਸ ਨੇ ਇਸ਼ਨਾਨ ਕਰਾਉਣਾ ਸੀ? ਚਿੜੀ ਸਾਰਾ ਦਿਨ ਦਾਨਾ ਚੁੱਗ ਕੇ ਲੈ ਕੇ ਆਉਂਦੀ ਹੈ ਤੇ ਫਿਰ ਬੱਚੇ ਦੇ ਮੂੰਹ ਵਿਚ ਪਾਉਂਦੀ ਹੈ। ਸਾਰੇ ਪੰਛੀ ਇਸ ਤਰ੍ਹਾਂ ਹੀ ਕਰਦੇ ਹਨ। ਪਰ ਬੱਚੇ ਮਾਂ ਬਾਪ ਨਾਲ ਪ੍ਰੇਮ ਕਰਨ, ਇਹ ਅਧਿਆਤਮਕ ਹੈ। ਆਪਣੇ ਤੋਂ ਵੱਡੇ ਨੂੰ ਕਿਸੇ ਨੇ ਸਤਿਕਾਰ ਦਿੱਤਾ ਹੈ, ਉਸ ਨਾਲ ਪਿਆਰ ਵੀ ਹੈ। ਅੱਜ ਮਾਂ ਬਾਪ ਦਾ ਸਤਿਕਾਰ ਨਹੀਂ, ਕੱਲ ਗੁਰੂ ਦਾ ਸਤਿਕਾਰ ਨਹੀਂ, ਪਰਸੋਂ ਪ੍ਰਮਾਤਮਾ ਦਾ ਕੋਈ ਸਤਿਕਾਰ ਨਹੀਂ। ਕੁਝ ਵੀ ਨਹੀਂ। ਜੇਕਰ ਬੱਚਾ ਮਾਂ ਬਾਪ ਨੂੰ ਸਨਮਾਨ ਦੇ ਰਿਹਾ ਹੈ ਤੇ ਪਿਆਰ ਵੀ ਕਰ ਰਿਹਾ ਹੈ ਤਾਂ ਇਹ ਅਧਿਆਤਮਕ ਹੈ। ਇਸਦੇ ਨਾਲ ਉਹ ਵੀ ਉੱਚਾ ਉਠੇਗਾ। ਇਸਦੇ ਅੰਦਰ ਉਹ ਬੀਜ ਹੈ ਕਿ ਕਿਸੇ ਵੀ ਤੱਲ 'ਤੇ ਜੋ ਅੱਗੇ ਹੈ ਉਸ ਨਾਲ ਪਿਆਰ ਕਰ ਸਕਦਾ ਹੈ।

*ਮਾਤ ਪਿਤਾ ਸੁਤ ਬੰਧਪ ਭਾਈ॥ ਨਾਨਕ ਹੋਆ ਪਾਰਬ੍ਰਹਮੁ ਸਹਾਈ॥*

(ਅੰਗ ੮੦੫)

ਹੇ ਪ੍ਰਭੂ! ਮੈਂ ਮੁਥਾਜ ਸੀ, ਮਾਸੂਮ ਸੀ, ਬੱਚਾ ਸੀ, ਤੂੰ ਮਾਂ ਬਾਪ ਬਣਕੇ ਮੇਰੀ ਰੱਖਿਆ ਕੀਤੀ। ਤੂੰ ਭਰਾ ਬਣਕੇ ਮੇਰੀ ਬਾਂਹ ਫੜੀ, ਤੂੰ ਭੈਣ ਬਣਕੇ ਮੇਰੀ ਦਿਲਜੋਈ ਕੀਤੀ, ਤੂੰ ਪਤਨੀ ਬਣਕੇ ਮੇਰਾ ਸਹਾਰਾ ਬਣਿਆ ਹੈਂ। ਇਹਨਾਂ ਸਾਰਿਆਂ ਰਿਸ਼ਤਿਆਂ ਵਿਚ ਜੇ ਪ੍ਰਮਾਤਮਾ ਦੀ ਝਲਕ ਦਿਖਾਈ ਦੇਵੇ, ਇਹ ਸਾਰੇ ਰਿਸ਼ਤੇ ਸਹਾਇਕ ਹਨ। ਪਰ ਇਹ ਸਾਰੇ ਦੇ ਸਾਰੇ ਰਿਸ਼ਤੇ ਬਾਧਕ ਬਣ ਜਾਣ, ਸਿਰਫ਼ ਵਿਅਕਤੀ ਸੰਬੰਧ ਰਹਿ ਜਾਣ ਅਤੇ ਬੱਚੇ ਦੇ ਅੰਦਰ ਪਿਆਰ ਦੀ ਥਾਂ ਤੇ ਸਿਰਫ਼ ਮੋਹ ਹੀ ਰਹਿ ਜਾਏ ਤਾਂ ਮੋਹ ਦੇ ਵਿਚ ਹੁੰਦਾ ਹੈ ਮੇਰਾ। ਕੁਝ ਮੰਗ ਹੈ, ਉਹ ਨਾ ਪੂਰੀ ਹੋਵੇ ਤਾਂ ਮੋਹ ਟੁੱਟ ਜਾਏਗਾ। ਭਾਵਨਾ ਇਹ ਪੈਦਾ ਹੋ ਜਾਏ ਕਿ ਹੇ ਗੁਰੂ! ਤੇਰੇ ਇਹ ਬੋਲ ਨਾ ਹੁੰਦੇ ਤਾਂ ਮੈਨੂੰ ਗਿਆਨ ਨਹੀਂ ਮਿਲਣਾ ਸੀ। ਤੇਰੇ ਇਹ ਬੋਲ ਨਾ ਹੁੰਦੇ ਤਾਂ ਮੈਨੂੰ ਸਮਝ ਨਹੀਂ ਆਉਣੀ ਸੀ। ਤੇਰੇ ਇਹ ਬੋਲ ਨਾ ਹੁੰਦੇ ਤਾਂ ਮੈਂ ਪ੍ਰਮਾਤਮਾ ਦੇ ਮਾਰਗ 'ਤੇ ਨਹੀਂ ਚੱਲਣਾ ਸੀ। ਜੇ ਬੜਾ ਪ੍ਰਬਲ ਪਿਆਰ ਪੈਦਾ ਹੋ ਜਾਏ ਤਾਂ ਇਹ ਪ੍ਰਮਾਤਮਾ ਦਾ ਰੂਪ ਹੋ ਗਿਆ, ਜਿਵੇਂ ਮਾਂ-ਬਾਪ। ਇਹ ਅਵਤਾਰ ਵੀ ਨਿਰੰਕਾਰ ਦਾ ਰੂਪ ਹੋ ਗਿਆ, ਜਿਵੇਂ ਮਾਂ-ਬਾਪ। ਪਰ ਅੱਖਾਂ ਅਵਤਾਰ ਤੋਂ ਅੱਗੇ ਜਾਂਦੀਆ ਨਹੀਂ। ਹੇ ਗੁਰੂ ! ਤੇਰੇ ਬੋਲ ਬੜੇ ਮਹਾਨ ਹਨ। ਮੈਨੂੰ ਸਮਝ ਆਈ ਹੈ, ਮੈਨੂੰ ਰਸਤਾ ਦਿੱਸਿਆ ਹੈ। ਰਸਤਾ ਤਾਂ ਦਿੱਸ ਪਿਆ ਪਰ ਰਸਤੇ 'ਤੇ ਚੱਲਣਾ ਨਹੀਂ। ਸਿਰਫ਼ ਦਿੱਸਣ ਕਰਕੇ ਹੀ ਉਸ ਦੀਪਕ ਦਾ ਸਤਿਕਾਰ ਕਰੀ ਜਾਣਾ, ਇਹ ਦੀਵਾਰ ਬਣ ਗਿਆ ਹੈ।

ਤਾਂ ਅਵਤਾਰ ਦੀਵਾਰ ਬਣ ਗਿਆ ਹੈ ਜਦੋਂ ਕਿ ਦੁਆਰ ਹੋਣਾ ਚਾਹੀਦਾ ਸੀ।

ਕਿਤੇ ਕਿਤੇ ਮਾਂ ਬਾਪ ਵੀ ਦੁਆਰ ਬਣ ਸਕਦੇ ਹਨ। ਸ਼ਰਵਨ ਕੁਮਾਰ ਲਈ ਬਣ ਗਏ ਸਨ। ਕਿਤੇ ਕਿਤੇ ਭਰਾ ਵੀ ਦੁਆਰ ਬਣ ਸਕਦਾ ਹੈ, ਲੱਛਮਣ ਲਈ ਰਾਮ ਦੁਆਰ ਬਣ ਗਏ ਸਨ। ਕਿਤੇ ਕਿਤੇ ਪਤੀ ਵੀ ਦੁਆਰ ਬਣ ਸਕਦਾ ਹੈ, ਪਤਨੀ ਵੀ ਦੁਆਰ ਬਣ ਸਕਦੀ ਹੈ। ਅਜਿਹੇ ਰਿਸ਼ਤੇ ਅਸੀਂ ਦੇਖ ਸਕਦੇ ਹਾਂ, ਸੀਤਾ ਦੇ ਜਾਂ ਰਾਮ ਦੇ। ਜਿਸਨੂੰ ਦੀਵਾਰ ਬਣਾਉਣ ਦੀ ਆਦਤ ਬਣ ਜਾਏ, ਮੋਹ ਹੈ। ਅਜਿਹੇ ਮਨੁੱਖ ਲਈ ਅਵਤਾਰ ਵੀ ਦੀਵਾਰ ਬਣ ਜਾਏ, ਦੁਆਰ ਨਹੀਂ। ਅਜਿਹੇ ਮਨੁੱਖਾਂ ਨੂੰ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਕਿਹਾ ਹੈ ਕਿ ਇਸ਼ਟ ਵੀ ਮਾਇਆ ਹੈ ਜੇਕਰ ਇਸ਼ਟ ਦੀਵਾਰ ਬਣ ਜਾਏ। ਪਰਿਵਾਰ, ਪਦਾਰਥ ਵੀ ਮਾਇਆ ਨਹੀਂ ਜੇਕਰ ਦੁਆਰ ਬਣ ਜਾਏ। ਧਨ ਹੀ ਨਹੀਂ ਤਾਂ ਮੈਂ ਦਾਨੀ ਕਿਸ ਤਰ੍ਹਾਂ ਬਣਾਂਗਾ।

*ਗ੍ਰਿਹਿ ਸੋਭਾ ਜਾ ਕੈ ਰੇ ਨਾਹਿ॥ ਆਵਤ ਪਹੀਆ ਖੂਧੇ ਜਾਹਿ॥*

(ਅੰਗ ੮੭੨)

ਭਗਤ ਕਬੀਰ ਕਹਿੰਦੇ ਹਨ ਕਿ ਚਾਰ ਪੌੜੀਆਂ ਜਿਸਦੇ ਘਰ ਵਿਚ ਨਾ ਹੋਣ, ਉਸਦੇ ਘਰ 'ਚੋਂ ਪ੍ਰਾਹੁਣਾ ਵੀ ਭੁੱਖਾ ਚਲਾ ਜਾਂਦਾ ਹੈ।

*ਵਾ ਕੈ ਅੰਤਰਿ ਨਹੀ ਸੰਤੋਖੁ॥ ਬਿਨੁ ਸੋਹਾਗਨਿ ਲਾਗੈ ਦੋਖੁ॥*

(ਅੰਗ ੮੭੨)

ਬਿਨਾਂ ਮਾਇਆ ਤੋਂ ਇਸਨੂੰ ਪਾਪ ਲੱਗਦੇ ਹਨ, ਕਿਉਂਕਿ ਇਹ ਪਰਉਪਕਾਰ ਨਹੀਂ ਕਰ ਸਕਦਾ। ਬਹੁਤ ਸਾਰੇ ਪਦਾਰਥ ਹਨ ਤੇ ਲੋਭ ਹੈ ਤਾਂ ਪਦਾਰਥ ਦੀਵਾਰ ਬਣ ਗਏ ਹਨ। ਬਹੁਤ ਸਾਰੇ ਪਦਾਰਥ ਹਨ, ਅੰਦਰ ਸੰਤੋਖ ਹੈ ਤਾਂ ਪਦਾਰਥ ਦੁਆਰ ਬਣ ਗਏ ਹਨ। ਇਹ ਮਨੁੱਖ ਦੀ ਮਰਜ਼ੀ ਹੈ ਕਿ ਹਰ ਚੀਜ਼ ਨੂੰ ਦੁਆਰ ਬਣਾਉਣਾ ਹੈ ਕਿ ਦੀਵਾਰ ਬਣਾਉਣਾ ਹੈ। ਜਿਸਨੂੰ ਆਦਤ ਹੈ ਹਰ ਚੀਜ਼ ਨੂੰ ਦੀਵਾਰ ਬਣਾਉਣ ਦੀ ਤਾਂ ਅੱਗੇ ਚੱਲਕੇ ਇਸ਼ਟ ਨੂੰ ਵੀ ਦੀਵਾਰ ਬਣਾ ਲਿਆ। ਹੁਣ ਇਸ ਤੋਂ ਅੱਗੇ ਜਾਣਾ ਬੜਾ ਔਖਾ ਹੈ। ਉਹ ਦਰਵਾਜ਼ਾ ਵੀ ਦਰਵਾਜ਼ਾ ਨਹੀਂ ਜਿਸ ਦਰਵਾਜ਼ੇ ਨੇ ਦਰਵਾਜ਼ੇ ਤੱਕ ਹੀ ਰੋਕ ਦਿੱਤਾ ਹੈ। ਅੱਗੇ ਜਾਣ ਹੀ ਨਹੀਂ ਦਿੱਤਾ। ਫਿਰ ਉਸ ਦਰਵਾਜ਼ੇ ਨੂੰ ਦਰਵਾਜ਼ਾ ਆਖਣ ਦੀ ਕੀ ਲੋੜ ਹੈ, ਉਹ ਤਾਂ ਦੀਵਾਰ ਹੈ। ਦੀਵਾਰਾਂ ਮੈਂ ਬਣਾਵਾਂਗਾ ਤਾਂ ਦੁਆਰ ਵੀ ਮੈਂ ਬਣਾਵਾਂਗਾ।

ਕਾਰਲ ਮਾਰਕਸ ਕਹਿੰਦਾ ਹੈ ਕਿ ਸਮਾਜ ਬਦਲੋ। ਫ਼ਰਾਇਡ ਕਹਿੰਦਾ ਹੈ ਕਿ ਰੋਗੀ ਮਾਂ ਬਾਪ ਕੋਲੋਂ ਔਲਾਦ ਪੈਦਾ ਕਰਨ ਦਾ ਹੱਕ ਖੋਹ ਲਉ ਤਾਂ ਠੀਕ ਹੋ ਸਕਦੀ ਹੈ ਸਾਰੀ ਦੁਨੀਆਂ। ਕੋਈ ਕਬੀਰ ਦਾ ਇੰਨਾ ਅਸਰ ਨਹੀਂ ਪਿਆ, ਕੋਈ ਨਾਮਦੇਵ ਦਾ ਇੰਨਾ ਅਸਰ ਨਹੀਂ ਪਿਆ, ਇਕ ਵੀ ਸੰਤ ਦਾ ਇੰਨਾ ਅਸਰ ਨਹੀਂ ਪਿਆ, ਜਿੰਨਾ ਕਾਰਲ ਮਾਰਕਸ ਦਾ ਪਿਆ। ਸਾਰਾ ਚੀਨ, ਲਾਊਸ, ਕਮਬੋਡੀਆ, ਵੇਟਨਾਮ, ਟੈਨਜ਼ਾਨੀਆ, ਰਸ਼ੀਆ ਕਮਊਨਿਸਟ ਹੋ

ਗਿਆ। ਸਭ ਨਾਸਤਿਕ ਹੋ ਗਏ। ਲੋਕ ਈਸਾਈ ਤਾਂ ਹਨ, ਪਰ ਈਸਾ ਦਾ ਉਹਨਾਂ ਦੀ ਜ਼ਿੰਦਗੀ 'ਤੇ ਕੋਈ ਅਸਰ ਨਹੀਂ ਹੈ। ਲੋਕ ਮੁਸਲਮਾਨ ਤਾਂ ਹਨ, ਪਰ ਮੁਹੰਮਦ ਸਾਹਿਬ ਦਾ ਕੋਈ ਅਸਰ ਨਹੀਂ ਹੈ। ਲੋਕ ਸਿੱਖ ਤਾਂ ਹਨ ਪਰ ਇਹਨਾਂ 'ਤੇ ਗੁਰੂ ਨਾਨਕ ਦਾ ਅਸਰ ਹੋਵੇ, ਕਲਗੀਧਰ ਪਾਤਿਸ਼ਾਹ ਦਾ ਅਸਰ ਹੋਵੇ ਤੇ ਉਸ ਮੁਤਾਬਿਕ ਜੀਅ ਰਹੇ ਹੋਣ, ਅਜਿਹਾ ਤਾਂ ਨਹੀਂ ਦਿਖਾਈ ਦਿੰਦਾ। ਦਿਖਾਈ ਦਿੰਦੇ ਹਨ ਹਿੰਦੂ ਪਰ ਇਹਨਾਂ 'ਤੇ ਗੀਤਾ ਦਾ ਅਸਰ ਹੋਵੇ, ਉਪਨਿਸ਼ਦਾਂ ਦਾ ਅਸਰ ਹੋਵੇ, ਅਜਿਹਾ ਤਾਂ ਨਹੀਂ ਦਿਖਾਈ ਦਿੰਦਾ। ਦਿਖਾਈ ਦਿੰਦੇ ਹਨ ਬੋਧੀ, ਪਰ ਇਹਨਾਂ 'ਤੇ ਮਹਾਤਮਾ ਬੁੱਧ ਦਾ ਕੋਈ ਅਸਰ ਨਹੀਂ ਹੈ। ਮਹਾਂਵੀਰ ਕਹਿੰਦਾ ਹੈ ਜ਼ਿੰਦਗੀ ਇੰਨੀ ਪਦਾਰਥਾਂ ਵਿਚ ਖੱਚਤ ਨਾ ਕਰੋ ਕਿ ਪ੍ਰਮਾਤਮਾ ਲਈ ਤੁਹਾਡੇ ਕੋਲ ਸਮਾਂ ਹੀ ਨਾ ਬਚੇ। ਜੇ ਹੁਣ ਇੰਨਾ ਚੋਟੀ ਦਾ ਧਨਾਢ ਹੈ ਤਾਂ ਕੁਦਰਤੀ ਗੱਲ ਹੈ ਬਿਜ਼ੀ ਬਹੁਤ ਹੋਵੇਗਾ।

ਕਈ ਮੈਨੂੰ ਕਹਿੰਦੇ ਹਨ ਗਿਆਨੀ ਜੀ! ਤੁਸੀਂ ਇਹ ਆਖਦੇ ਹੋ ਕਿ ਨਾਮ ਜੱਪੀਏ, ਸਾਡੇ ਕੋਲ ਤਾਂ ਮਰਨ ਦਾ ਵੀ ਵਿਹਲ ਕੋਈ ਨਹੀਂ। ਇਸ ਤਰ੍ਹਾਂ ਜਦੋਂ ਮੈਨੂੰ ਕੋਈ ਕਹੇ ਤਾਂ ਮੈਂ ਕਹਿ ਦਿੰਦਾ ਹਾਂ, ਤੂੰ ਚਿੰਤਾ ਨਾ ਕਰ, ਮੌਤ ਆਪਣੀ ਵਿਹਲ ਕੱਢ ਲਏਗੀ, ਤੂੰ ਦੇਖਦਾ ਹੀ ਰਹਿ ਜਾਏਂਗਾ।

*ਭਾਗ ਉਦਮਿ ਲਬਧੵੰ ਮਾਇਆ॥*

(ਅੰਗ ੧੩੫੬)

ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਹਨ- ਉੱਦਮ ਨਾ ਕਰੋ ਤਾਂ ਭਾਗ ਵੀ ਪ੍ਰਫੁੱਲਤ ਨਹੀਂ ਹੁੰਦੇ। ਗੁਰੂ ਰਾਮਦਾਸ ਜੀ ਕਹਿ ਰਹੇ ਹਨ-

*ਜਿਉ ਪ੍ਰੇਰੇ ਤਿਉ ਕਰਨਾ॥*

ਹੇ ਪ੍ਰਭੂ! ਤੂੰ ਹੀ ਉੱਦਮ ਕਰਨ ਦੀ ਮੱਤ ਦੇਵੇਂ ਤੇ ਜਿਵੇਂ ਪ੍ਰੇਰੇਂ ਤਿਵੇਂ ਹੀ ਅਸੀਂ ਕਰਨਾ ਹੈ। ਇਸਦਾ ਮਤਲਬ ਸਾਡੇ ਹੱਥ ਕੁਝ ਨਹੀਂ, ਪੰਗਤੀ ਇਹ ਹੈ। ਇਸ ਨਾਲ ਬੜਾ ਭਾਰੀ ਭੁਲੇਖਾ ਪੈ ਸਕਦਾ ਹੈ, ਪੰਗਤੀ ਆਪਣੇ ਆਪ ਵਿਚ ਸੂਰਜ ਦੀ ਤਰ੍ਹਾਂ ਚਮਕ ਰਹੀ ਹੈ। ਸੰਤ ਕਹਿੰਦਾ ਹੈ ਮੈਂ ਨਹੀਂ ਬੋਲਦਾ। ਜਿਉ ਬੁਲਾਉਂਦਾ ਹੈ ਤਿਉਂ ਬੋਲਦਾ ਹਾਂ।

*ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ॥*

(ਅੰਗ ੫੦੮)

ਮੈਂ ਨਹੀਂ ਕਰਦਾ, ਤੂੰ ਹੀ ਕਰਾ ਰਿਹਾ ਹੈਂ। ਮੈਂ ਨਹੀਂ ਸੋਚਦਾ, ਤੂੰ ਹੀ ਸੋਚ ਰਿਹਾ ਹੈਂ। ਮੈਂ ਤਾਂ ਰਿਹਾ ਹੀ ਨਹੀਂ, ਕਰਤਾਪਣ ਰਿਹਾ ਹੀ ਨਹੀਂ ਹੈ। ਇਹ ਸੰਤ ਬ੍ਰਹਮ ਗਿਆਨੀ ਆਪਣੀ ਥਾਂ 'ਤੇ ਠੀਕ ਕਹਿ ਰਿਹਾ ਹੈ। ਇਸ ਉੱਚੀ ਅਵਸਥਾ 'ਤੇ ਕੋਈ ਬੈਠਾ ਹੋਵੇਗਾ ਤਾਂ ਉਹਨਾਂ ਦੇ ਬੋਲ ਇਹਨਾਂ ਨਾਲ ਤਾਲਮੇਲ ਖਾਣਗੇ। ਹੋ ਸਕਦਾ ਹੈ ਸਮਾਜ ਨੂੰ ਕਦੀ ਅਸ਼ੁਭ ਲੱਗੇ।

ਜਿੱਧਰ ਸੂਰਜ ਡੁੱਬਦਾ ਹੈ, ਗੁਰੂ ਨਾਨਕ ਉੱਧਰ ਵੀ ਪਾਣੀ ਦੇ ਰਹੇ ਹਨ, ਸਮਾਜ ਨੂੰ

ਨਹੀਂ ਚੰਗਾ ਲੱਗਿਆ। ਕੁਰਾਹੀਆ, ਭੂਤਨਾ, ਬੇਤਾਲਾ ਕਹਿੰਦੇ ਹਨ। ਨਾਲ ਰੱਖਿਆ ਹੈ ਮਰਦਾਨੇ ਨੂੰ। ਮੁਸਲਮਾਨ ਹੈ, ਸੇਵਕ ਹੈ, ਕੀਰਤਨੀਆ ਹੈ, ਨਹੀਂ ਚੰਗਾ ਲੱਗਾ ਸਮਾਜ ਨੂੰ, ਕਿਉਂਕਿ ਸਮਾਜ ਦੀਆਂ ਆਪਣੀਆਂ ਧਾਰਨਾਵਾਂ ਰਸਮਾਂ ਹਨ ਤੇ ਰਸਮਾਂ ਇੰਝ ਹੁੰਦੀਆਂ ਹਨ ਜਿਵੇਂ ਰੇਲਵੇ ਲਾਈਨ, ਉਸ ਉੱਤੇ ਹੀ ਚੱਲਣਾ ਹੈ। ਬ੍ਰਹਮ ਗਿਆਨੀ ਲਕੀਰ ਦੇ ਫ਼ਕੀਰ ਨਹੀਂ ਹੁੰਦੇ, ਇਹ ਪਰੰਪਰਾਵਾਦੀ ਨਹੀਂ ਹੁੰਦੇ। ਪਤਾ ਨਹੀਂ ਕਿਸੇ ਸਮੇਂ ਕੁਝ ਹੋਵੇਗਾ, ਕਿਸੇ ਸਮੇਂ ਕੁਝ ਹੋਵੇਗਾ। ਹੈਰਾਨੀ ਹੈ, ਤਲਵਾਰ ਵੀ ਚੱਲ ਰਹੀ ਹੈ, ਜ਼ਖ਼ਮੀ ਵੀ ਹੋ ਰਹੇ ਹਨ ਲੋਕੀਂ ਪਰ ਕਲਗੀਧਰ ਪਿਤਾ ਕਹਿੰਦੇ ਹਨ ਭਾਈ ਘਨਈਆ, ਤੂੰ ਕੰਮ ਅਧੂਰਾ ਕਰ ਰਿਹਾ ਹੈਂ। ਸਿਰਫ਼ ਪਾਣੀ ਪਿਲਾ ਰਿਹਾ ਹੈਂ, ਇਹ ਮਲਮ ਪੱਟੀ ਵੀ ਕਰ। ਨਿਰਵੈਰ ਹੋ ਕੇ ਲੜਨਾ ਹੈ। ਬੁਰੇ ਨੂੰ ਖ਼ਤਮ ਨਹੀਂ ਕਰਨਾ, ਬੁਰਿਆਈ ਨੂੰ ਖ਼ਤਮ ਕਰਨਾ ਹੈ। ਜਿਸ ਦੇ ਘਰ ਹਨੇਰਾ ਹੈ, ਉਸਨੂੰ ਖ਼ਤਮ ਨਹੀਂ ਕਰਨਾ, ਹਨੇਰੇ ਨੂੰ ਖ਼ਤਮ ਕਰਨਾ ਹੈ। ਉਹ ਜਿਹੜਾ ਲੜਨਾ ਹੈ ਉਹ ਵੀ ਇੰਝ ਸਮਝੋ ਮੈਂ ਨਹੀਂ ਕਰ ਰਿਹਾ, ਹੋ ਰਿਹਾ ਹੈ, ਪ੍ਰਭੂ ਇੰਝ ਚਾਹੁੰਦਾ ਹੈ। ਉਸੇ ਦੀ ਮਰਜ਼ੀ ਹੈ। ਮੇਰਾ ਮੈਂ ਮਿੱਟ ਗਿਆ। ਜੋ ਕੁਝ ਵੀ ਹੁੰਦਾ ਹੈ, ਅਸ਼ੁੱਭ ਹੁੰਦਾ ਹੈ, ਪਾਪ ਹੁੰਦਾ ਹੈ, ਪੁੰਨ ਹੁੰਦਾ ਹੈ, ਮੈਂ ਨਹੀਂ ਜ਼ਿੰਮੇਵਾਰ, ਇਹ ਤਾਂ ਹੋ ਰਿਹਾ ਹੈ। ਜਿਸਨੂੰ ਸਮਾਜ ਪਾਪ ਕਹਿੰਦਾ ਹੈ ਸ਼ਾਇਦ ਪ੍ਰਮਾਤਮਾ ਦੀ ਦ੍ਰਿਸ਼ਟੀ ਵਿਚ ਪਾਪ ਨਾ ਹੋਵੇ। ਉਸ ਸੰਤ ਕੋਲੋਂ ਪ੍ਰਮਾਤਮਾ ਅਜਿਹਾ ਚਾਹੁੰਦਾ ਹੋਵੇ ਕਿ ਉਹ ਕਰੇ। ਸੰਤ ਦੇ ਅੰਦਰ ਮੈਂ ਰਿਹਾ ਨਹੀਂ। ਸਾਹਿਬ ਕਹਿੰਦੇ ਹਨ-

*ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥*

(ਅੰਗ ੭੬੩)

ਮੈਂ ਤਾਂ ਬੋਲਦਾ ਹੀ ਨਹੀਂ। ਕਦੋਂ ਦਾ ਚੁੱਪ ਕਰ ਗਿਆ ਹਾਂ। ਮੈਨੂੰ ਬੋਲਣਾ ਆਉਂਦਾ ਹੀ ਨਹੀਂ। ਕਰੋੜਾਂ ਵਿਚੋਂ ਕੋਈ ਇਕ ਅੱਧਾ ਮਨੁੱਖ ਹੋਵੇਗਾ ਜੋ ਕਹੇਗਾ ਕਿ ਹੋ ਰਿਹਾ ਹੈ, ਕੀਤਾ ਨਹੀਂ ਜਾ ਰਿਹਾ। ਬਹੁਤ ਸਾਰਾ ਸਰੀਰਕ ਤੱਲ 'ਤੇ ਹੋ ਰਿਹਾ ਹੈ, ਕੀਤਾ ਨਹੀਂ ਜਾ ਰਿਹਾ।

ਇਕ ਮੈਂ ਉਦਾਹਰਨ ਦੇਵਾਂ ਤੇ ਉਸ ਉਦਾਹਰਨ ਦਾ ਵੀ ਕੋਈ ਗ਼ਲਤ ਮਤਲਬ ਕੱਢ ਸਕਦਾ ਹੈ। ਕ੍ਰਿਸ਼ਨ ਕਹਿੰਦੇ ਹਨ ਅਰਜਨ ਨੂੰ ਕਿ ਤੂੰ ਯੁਧਿਸ਼ਟਰ ਨੂੰ ਕਹਿ ਦੇ ਕਿ ਅਸ਼ਵਥਾਮਾ ਮਰ ਗਿਆ ਹੈ। ਯੁਧਿਸ਼ਟਰ ਕਹਿੰਦੇ ਹਨ, ਭਗਵਾਨ! ਮੈਂ ਕਿਸ ਤਰ੍ਹਾਂ ਕਹਿ ਦੇਵਾਂ, ਉਹ ਤਾਂ ਸਾਹਮਣੇ ਆ ਰਿਹਾ ਹੈ ਮਾਰੋ ਮਾਰ ਕਰਦਾ ਹੋਇਆ। ਯੁਧਿਸ਼ਟਰ ਤੋਂ ਕਿਉਂ ਕਹਿਲਾਉਣਾ ਚਾਹੁੰਦੇ ਸੀ? ਯੁਧਿਸ਼ਟਰ ਬਾਰੇ ਆਮ ਕਹਾਵਤ ਪ੍ਰਚਲਿਤ ਸੀ ਕਿ ਕੁਝ ਵੀ ਹੋ ਜਾਏ ਇਹ ਬੰਦਾ ਝੂਠ ਨਹੀਂ ਸੀ ਬੋਲਦਾ। ਸੱਚ ਬੋਲਦਾ ਸੀ। ਕ੍ਰਿਸ਼ਨ ਨੂੰ ਪਤਾ ਸੀ ਮੇਰੇ ਬੋਲਾਂ 'ਤੇ ਭਰੋਸਾ ਨਹੀਂ ਕਰਨਗੇ। ਮੈਂ ਕਦੀ ਕੁਝ ਬੋਲਦਾ ਹਾਂ, ਕਦੀ ਕੁਝ ਬੋਲਦਾ ਹਾਂ। ਨਟੱਖਟ, ਚੰਚਲ।

ਆਪ ਸੁਣਕੇ ਹੈਰਾਨ ਹੋਵੋਗੇ ਕਿ ਰਿਸ਼ੀ ਸੰਦੀਪਨ ਕੋਲੋਂ ਜਦੋਂ ਸੁਦਾਮਾ ਤੇ ਕ੍ਰਿਸ਼ਨ ਪੜ੍ਹਦੇ ਸਨ ਤਾਂ ਸੰਦੀਪਨ ਸੁਦਾਮੇ ਨੂੰ ਪਹਿਲ ਦਿੰਦੇ ਸਨ, ਕ੍ਰਿਸ਼ਨ ਨੂੰ ਨਹੀਂ। ਸੁਦਾਮੇ ਦੀ ਗੱਲ ਮੰਨ ਲੈਂਦੇ ਸਨ, ਕ੍ਰਿਸ਼ਨ ਦੀ ਠੁਕਰਾ ਦਿੰਦੇ ਸਨ। ਤੂੰ ਚੰਚਲ ਹੈਂ। ਸੰਦੀਪਨ ਦੀ ਸਿੱਖਿਆ

ਦੇਣੀ ਤਾਂ ਠੀਕ ਸੀ ਪਰ ਸੰਦੀਪਨ ਦਾ ਕ੍ਰਿਸ਼ਨ ਤੇ ਸੁਦਾਮੇ ਨੂੰ ਸਮਝਣਾ ਗ਼ਲਤ ਸੀ। ਬਾਹਰ ਦੀ ਵਿੱਦਿਆ ਇਕ ਅਵਤਾਰ, ਬ੍ਰਹਮ ਗਿਆਨੀ ਸਭ ਨੂੰ ਲੋੜ ਪੈਂਦੀ ਹੈ, ਅੰਦਰ ਦੀ ਵਿੱਦਿਆ ਉਹਨਾਂ ਨੂੰ ਨਹੀਂ ਲੋੜ। ਉਹ ਤਾਂ ਅੰਦਰ ਦਾ ਖ਼ਜ਼ਾਨਾ ਬਾਹਰ ਪ੍ਰਗਟ ਹੁੰਦਾ ਹੈ। ਬਾਹਰ ਲਿਪੀ, ਅਕਸ਼ਰ, ਬੌਧਿਕ ਸ਼ਾਸਤਰ ਦਾ ਸਿਖਣਾ ਹੀ ਪੇਵਗਾ। ਬੜੇ ਬੜੇ ਮਹਾਂ ਪੁਰਸ਼ਾਂ ਨੂੰ ਪੜ੍ਹਨਾ ਪਿਆ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਮੌਲਵੀ ਕੋਲੋਂ ਫ਼ਾਰਸੀ ਪੜ੍ਹੀ, ਇਕ ਕੋਲੋਂ ਅਰਬੀ ਪੜ੍ਹੀ ਤੇ ਇਕ ਕੋਲੋਂ ਸੰਸਕ੍ਰਿਤ ਪੜ੍ਹੀ। ਇਹ ਗਿਆਨ ਅੱਖਰਾਂ ਦਾ ਤਾਂ ਲੈਣਾ ਹੀ ਪੈਂਦਾ ਹੈ। ਸੰਸਾਰ ਨੂੰ ਕੁਝ ਜਾਣਨ ਵਾਸਤੇ ਗਿਆਨ ਤਾਂ ਲੈਣਾ ਹੀ ਪੈਂਦਾ ਹੈ ਬਾਹਰ ਦਾ। ਅੰਦਰ ਦਾ ਗਿਆਨ ਨਾ ਕੋਈ ਦੇਣ ਵਿਚ ਸਮਰੱਥ ਹੈ, ਨਾ ਕੋਈ ਲੈਣ ਵਿਚ। ਉਹ ਤਾਂ ਜੱਪ ਕਰਦਿਆਂ ਪ੍ਰਗਟ ਹੁੰਦਾ ਹੈ। ਕ੍ਰਿਸ਼ਨ ਦੇ ਅੰਦਰ ਪ੍ਰਗਟ ਸੀ। ਪਰ ਕ੍ਰਿਸ਼ਨ ਨੂੰ ਹੁਣ ਸਮਝੇ ਉਹ ਜਿਸਦੇ ਅੰਦਰ ਹਿਰਦਾ ਕ੍ਰਿਸ਼ਨ ਵਰਗਾ ਹੋਵੇ। ਯੁਧਿਸ਼ਟਰ ਵੀ ਕਹਿੰਦੇ ਹਨ ਕਿ ਭਗਵਾਨ, ਮੈਂ ਅਜਿਹਾ ਨਹੀਂ ਕਹਿਣਾ, ਇਹ ਤਾਂ ਝੂਠ ਹੈ। ਕ੍ਰਿਸ਼ਨ ਕਹਿੰਦੇ ਹਨ, ਝੂਠ ਦੀ ਜ਼ਿੰਮੇਵਾਰੀ ਮੇਰੇ 'ਤੇ ਸੁੱਟ, ਕਿਉਂਕਿ ਮੈਂ ਕਹਿ ਰਿਹਾ ਹਾਂ।

ਹੁਣ ਤੁਸੀਂ ਹੈਰਾਨ ਹੋਵੋਗੇ ਕਿ ਸਮੇਂ ਦਾ ਅਵਤਾਰੀ ਪੁਰਸ਼ ਝੂਠ ਬੁਲਾਉਣਾ ਚਾਹੁੰਦਾ ਹੈ। ਯੁਧਿਸ਼ਟਰ ਕਹਿੰਦੇ ਹਨ, ਭਗਵਾਨ, ਕਿਉਂ ਮੈਨੂੰ ਅਜਿਹਾ ਕਹਿਣ ਲਈ ਮਜਬੂਰ ਕਰਦੇ ਹੋ। ਯੁਧਿਸ਼ਟਰ ਫੁੱਲਾਂ ਦੀ ਪੱਤੀ ਨਾਲ ਲੋਹਾ ਨਹੀਂ ਕੱਟਦਾ। ਲੋਹੇ ਨਾਲ ਹੀ ਲੋਹਾ ਕੱਟਦਾ ਹੈ। ਇਹ ਝੂਠੇ ਹਨ, ਝੂਠੇ ਹਨ। ਇਕ ਛੋਟੇ ਝੂਠ ਨਾਲ ਇੰਨਾ ਵੱਡਾ ਝੂਠ ਮਰਦਾ ਹੈ ਤਾਂ ਅਜਿਹਾ ਝੂਠ ਵੀ ਸੱਚ ਹੈ। ਇਕ ਨਿੱਕੇ ਜਿਹੇ ਪਾਪ ਨਾਲ ਇੰਨੇ ਪਾਪ ਖ਼ਤਮ ਹੋ ਸਕਦੇ ਹਨ ਤਾਂ ਇਹ ਨਿੱਕਾ ਪਾਪ ਵੀ ਪੁੰਨ ਹੈ। ਕਿਸੇ ਦਾ ਦੁਸ਼ਟਪੁਣਾ ਵੀ ਪੁੰਨ ਹੈ, ਕਿਸੇ ਦਾ ਪੁੰਨ ਵੀ ਪਾਪ ਹੈ। ਕਿਸੇ ਦਾ ਸੱਜਣ ਹੋਣਾ ਵੀ ਪਾਪ ਹੁੰਦਾ ਹੈ, ਕਿਉਂਕਿ ਉਸ ਦਾ ਸੱਜਣ ਹੋਣਾ ਵੀ ਠੱਗ ਹੁੰਦਾ ਹੈ ਤੇ ਕਿਸੇ ਦਾ ਠੱਗ ਹੋਣਾ ਵੀ ਸੱਜਣ ਹੁੰਦਾ ਹੈ। ਕਿਸੇ ਦਾ ਦੇਵਤਾ ਦਿਖਾਈ ਦੇਣਾ ਵੀ ਰਾਕਸ਼ਸਪੁਣਾ ਹੁੰਦਾ ਹੈ ਪਰ ਕਿਸੇ ਦਾ ਰਾਕਸ਼ਸ ਦਿਖਾਈ ਦੇਣਾ ਵੀ ਦੇਵਤਾ ਹੁੰਦਾ ਹੈ। ਕ੍ਰਿਸ਼ਨ ਦੇ ਤੱਲ 'ਤੇ ਇਹ ਝੂਠ ਵੀ ਪੁੰਨ ਹੈ। ਕਿਸੇ ਕੋਲੋਂ ਪਤਿੱਤ ਪੁਣਾ ਹੋ ਗਿਆ ਹੈ। ਹੁਣ ਮੈਂ ਥਾਂ ਥਾਂ 'ਤੇ ਕਹਿ ਰਿਹਾ ਹਾਂ ਲੋਕਾਂ ਨੂੰ ਤਾਂਕਿ ਇਸਦੀ ਬਦਨਾਮੀ ਹੋਵੇ। ਹੁਣ ਬੋਲਦਾ ਤਾਂ ਮੈਂ ਸੱਚ ਪਿਆ ਹਾਂ, ਪਰ ਮੇਰਾ ਇਹ ਸੱਚ ਵੀ ਝੂਠ ਹੈ, ਅਗਲੇ ਨੂੰ ਚੋਟ ਪਹੁੰਚਾ ਰਿਹਾ ਹੈ। ਹੋ ਰਿਹਾ ਹੈ, ਕੀਤਾ ਨਹੀਂ ਜਾ ਰਿਹਾ। ਇਸਨੂੰ ਜਿਸ ਢੰਗ ਨਾਲ ਗੁਰੂ ਰਾਮਦਾਸ ਪਾਤਿਸ਼ਾਹ ਜੀ ਨੇ ਇਸ ਵਾਕ ਵਿਚ ਬਿਆਨ ਕੀਤਾ ਹੈ, ਆਪ ਸਰਵਨ ਕਰੋ।

ਰਾਗੁ ਬਿਲਾਵਲੁ ਮਹਲਾ ੪ ਘਰੁ ੩ ॥ ੧ੴ ਸਤਿਗੁਰ ਪ੍ਰਸਾਦਿ ॥

*ਉਦਮ ਮਤਿ ਪ੍ਰਭ ਅੰਤਰਜਾਮੀ ਜਿਉ ਪ੍ਰੇਰੇ ਤਿਉ ਕਰਨਾ॥*

ਹੇ ਦਿਲਾਂ ਦੀ ਜਾਣਨ ਵਾਲੇ! ਜਿਵੇਂ ਤੂੰ ਪ੍ਰੇਰਦਾ ਹੈਂ ਤਿਵੇਂ ਅਸੀਂ ਕਰਦੇ ਹਾਂ। ਇਕ

ਬ੍ਰਹਮ ਗਿਆਨੀ ਦੇ ਬੋਲ, ਉਸਦੇ ਬੋਲ ਜਿਸਦੇ ਅੰਦਰ 'ਮੈਂ' ਰਹੀ ਨਹੀਂ।

*ਜਿਉ ਨਟੂਆ ਤੰਤੁ ਵਜਾਏ ਤੰਤੀ ਤਿਉ ਵਾਜਹਿ ਜੰਤ ਜਨਾ॥ ੧॥*

ਸਾਜ਼ ਹੈ, ਤੰਤੀ। ਕੋਈ ਉਸ ਵਿਚੋਂ ਰਾਮਕਲੀ ਕੱਢ ਰਿਹਾ ਹੈ, ਬਿਲਾਵਲ ਕੱਢ ਰਿਹਾ ਹੈ, ਸੂਹੀ ਦੀ ਧੁੰਨ ਕੱਢ ਰਿਹਾ ਹੈ, ਸ੍ਰੀ ਰਾਗ ਦੀ ਧੁੰਨ ਕੱਢ ਰਿਹਾ ਹੈ, ਤੰਤੀ ਦੀ ਮਰਜ਼ੀ ਨਹੀਂ ਹੈ, ਵਜੰਤਰੀ ਦੀ ਮਰਜ਼ੀ ਹੈ। ਗੁਰੂ ਰਾਮਦਾਸ ਜੀ ਮਹਾਰਾਜ ਕਹਿੰਦੇ ਹਨ, ਅਸੀਂ ਤਾਂ ਜੰਤ ਹਾਂ, ਵਾਜੇ ਹਾਂ। ਪ੍ਰਭੂ ਜਿਵੇਂ ਵਜਾ ਰਿਹਾ ਹੈਂ, ਵੱਜ ਰਹੇ ਹਾ। ਜਿਵੇਂ ਤੂੰ ਕਰਾ ਰਿਹਾ ਹੈਂ, ਕਰ ਰਹੇ ਹਾਂ। ਜਿਵੇਂ ਸਾਜ਼ ਸਾਜ਼ੰਦੇ ਦੇ ਹੱਥ ਵਿਚ ਹੈ। ਹੇ ਪ੍ਰਭੂ! ਸਾਡੀ ਕੀ ਮਰਜ਼ੀ ਹੈ? ਜਿਵੇਂ ਤੂੰ ਵਜਾਉਂਦਾ ਹੈਂ ਅਸੀਂ ਵੱਜਦੇ ਹਾਂ। ਤੇਰੇ ਹੱਥ ਵਿਚ ਹਾਂ।

*ਜਪਿ ਮਨ ਰਾਮ ਨਾਮੁ ਰਸਨਾ॥*

ਹੇ ਮਨ! ਰਸਨਾ ਦੇ ਨਾਲ ਪ੍ਰਭੂ ਦਾ ਨਾਮ ਜੱਪ ਤਾਂਕਿ ਇਹ ਅਵਸਥਾ ਬਣੇ। ਇਕ ਕਰਤਾਪਣ ਜਦੋਂ ਮਿੱਟ ਜਾਂਦਾ ਹੈ, ਮਨੁੱਖ ਸਾਰਾ ਦਿਨ ਜੋ ਬੋਲ ਰਿਹਾ ਹੈ, ਇਹ ਬਾਣੀ ਹੈ। ਪ੍ਰਭੂ ਦਾ ਨਾਮ ਹੀ ਹੈ, ਪਰ ਮੇਰਾ 'ਮੈਂ' ਮੌਜੂਦ ਹੈ ਤਾਂ ਫਿਰ ਮੈਂ ਬਾਣੀ ਵੀ ਪੜ੍ਹ ਰਿਹਾ ਹਾਂ ਤਾਂ ਇਹ ਪਾਖੰਡ ਹੈ। ਧੰਦਾ ਹੈ।

*ਮਸਤਕਿ ਲਿਖਤ ਲਿਖੇ ਗੁਰੁ ਪਾਇਆ*
*ਹਰਿ ਹਿਰਦੈ ਹਰਿ ਬਸਨਾ॥ ੧॥ ਰਹਾਉ॥*

ਉਸ ਪਰੀਪੂਰਨ ਪ੍ਰਮਾਤਮਾ ਨੇ ਇਕ ਵਿਧਾਨ ਬਣਾ ਦਿੱਤਾ ਹੈ। ਕੀ? ਮਨ ਨਾਲ ਜੋ ਮੈਂ ਬੋਲਾਂ, ਉਸ ਬੋਲ ਦੇ ਅੰਦਰ ਲੇਖ ਬਣ ਜਾਂਦੇ ਹਨ। ਮਨ ਨਾਲ ਜੋ ਮੈਂ ਦੇਖਾਂ, ਅੰਦਰ ਅਕਸ ਬਣ ਜਾਂਦੇ ਹਨ। ਮਨ ਨਾਲ ਜੋ ਮੈਂ ਸੁਣਿਆ, ਉਸਦੇ ਨਾਲ ਅੰਦਰ ਲੇਖ ਬਣ ਜਾਂਦੇ ਹਨ। ਜਿਹੜਾ ਜਿਹੜਾ ਕਰਮ ਮੈਂ ਮਨ ਲਾ ਕੇ ਨਾ ਕਰਾਂ, ਲੇਖ ਨਹੀਂ ਬਣਦੇ। ਉਹ ਜਿਹੜੇ ਲੇਖ ਬਣਦੇ ਹਨ, ਫਿਰ ਅੱਗੇ ਕਰਨ ਨੂੰ ਪ੍ਰੇਰਦੇ ਹਨ। ਇਸ ਤਰ੍ਹਾਂ ਸਾਹਿਬ ਕਹਿੰਦੇ ਹਨ ਕਿ ਜੇ ਧੁਰ ਮਸਤਕ ਕਿਸੇ ਦੇ ਲੇਖ ਇਸ ਤਰ੍ਹਾਂ ਦੇ ਹਨ, ਚੰਗੇ ਲੇਖ ਲਿਖੇ ਹਨ। ਮਨ ਨਾਲ ਚੰਗਾ ਸੁਣਿਆ ਸੀ, ਮਨ ਨਾਲ ਚੰਗਾ ਬੋਲਿਆ ਸੀ, ਮਨ ਨਾਲ ਚੰਗਾ ਦੇਖਿਆ ਸੀ ਤਾਂ ਅੰਦਰ ਇਹ ਲੇਖ ਬਣੇ ਹਨ। ਇਹਨਾਂ ਨੇ ਜੇ ਕਿਤੇ ਪ੍ਰੇਰਨਾ ਕੀਤੀ ਹੈ ਤਾਂ ਫਿਰ ਉਹ ਰਸਨਾ ਨਾਲ ਨਾਮ ਜੱਪਦਾ ਹੈ ਤੇ ਰਸਨਾ ਨਾਲ ਨਾਮ ਜੱਪਦਿਆਂ ਜੱਪਦਿਆਂ ਉਸਦਾ ਕਰਤਾਪਣ ਮਿੱਟ ਜਾਂਦਾ ਹੈ।

*ਮਾਇਆ ਗਿਰਸਤਿ ਭ੍ਰਮਤੁ ਹੈ ਪ੍ਰਾਨੀ ਰਖਿ ਲੇਵਹੁ ਜਨੁ ਅਪਨਾ॥*

ਪਰੀਪੂਰਨ ਪ੍ਰਮਾਤਮਾ ਦਾ ਨਾਮ ਮਨੁੱਖ ਮਨ ਕਰਕੇ ਕਿਉਂ ਨਹੀਂ ਜੱਪਦਾ? ਮਨ ਕਰਕੇ ਕਿਉਂ ਨਹੀਂ ਚੇਤੇ ਕਰਦਾ? ਮਾਇਆ ਭਰਮਾਉਂਦੀ ਹੈ ਅਤੇ ਇਸ ਤਰੀਕੇ ਨਾਲ ਤੇਰਾ ਨਾਮ ਜੱਪਣਾ ਔਖਾ ਹੋ ਜਾਂਦਾ ਹੈ। ਸਾਹਿਬ ਬਖ਼ਸ਼ਿਸ਼ ਕਰਨ ਤਾਂ ਕਿ ਇਹਨਾਂ ਜੀਵਾਂ ਨੂੰ ਉਸ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਵੇ।

*ਜਿਉ ਪ੍ਰਹਿਲਾਦੁ ਹਰਣਾਖਸਿ ਗ੍ਰਸਿਓ ਹਰਿ ਰਾਖਿਓ ਹਰਿ ਸਰਨਾ॥ ੨॥*

ਇਸ ਤਰ੍ਹਾਂ ਦੀ ਅਵਸਥਾ ਬਣ ਸਕੇ ਤੇ ਮਾਇਆ ਭਰਮਾਵੇ ਨਾ ਤਾਂ ਕੀ ਕਰੀਏ? ਅੰਦਰੋਂ ਅਰਦਾਸ ਕਰੀਏ ਕਿ ਹੇ ਪ੍ਰਭੂ! ਮਾਇਆ ਦੀ ਪਕੜ ਤੋਂ ਸਾਨੂੰ ਇਸ ਤਰ੍ਹਾਂ ਬਚਾ ਜਿਵੇਂ ਪ੍ਰਹਿਲਾਦ ਨੂੰ ਤੂੰ ਹਰਣਾਖਸ਼ ਤੋਂ ਬਚਾਇਆ ਸੀ। ਉਹ ਦੁੱਖ ਦੇਣਾ ਚਾਹੁੰਦਾ ਹੈ ਆਪਣੇ ਬੱਚੇ ਨੂੰ ਤੇ ਤੂੰ ਰਹਿਮਤ ਕਰਕੇ ਜਿਵੇਂ ਹਰਣਾਖਸ਼ ਤੋਂ ਪ੍ਰਹਿਲਾਦ ਨੂੰ ਬਚਾਇਆ ਸੀ, ਹੇ ਪ੍ਰਭੂ! ਰਹਿਮਤ ਕਰ, ਮਾਇਆ ਦੀ ਭਟਕਣਾ ਤੋਂ ਸਾਨੂੰ ਬਚਾ।

*ਕਵਨ ਕਵਨ ਕੀ ਗਤਿ ਮਿਤਿ ਕਹੀਐ ਹਰਿ ਕੀਏ ਪਤਿਤ ਪਵੰਨਾ॥*

ਕਿਸ ਕਿਸ ਦੀ ਗੱਲ ਕਰੀਏ, ਜਿੰਨ੍ਹਾਂ 'ਤੇ ਤੇਰੀ ਬਖ਼ਸ਼ਿਸ਼ ਹੋਈ ਹੈ। ਬਹੁਤਿਆਂ 'ਤੇ ਤੇਰੀ ਰਹਿਮਤ ਹੋਈ ਹੈ। ਬੜਿਆਂ ਨੂੰ ਤੂੰ ਮੁਕਤ ਕਰ ਦਿੱਤਾ ਹੈ।

*ਓਹੁ ਢੋਵੈ ਢੋਰ ਹਾਥਿ ਚਮੁ ਚਮਰੇ ਹਰਿ ਉਧਰਿਓ ਪਰਿਓ ਸਰਨਾ॥ ੩॥*

ਤੇਰੀ ਸ਼ਰਨ ਦੇ ਵਿਚ ਆ ਕੇ ਉਸਦਾ ਵੀ ਉਧਾਰ ਹੋ ਗਿਆ। ਕਿਸਦਾ? ਜਿਸਦੇ ਹੱਥਾਂ ਵਿਚ ਹਰ ਸਮੇਂ ਚਮੜਾ ਹੁੰਦਾ ਸੀ। ਜੋ ਮੋਏ ਹੋਏ ਡੰਗਰਾਂ ਦਾ ਢੋਣਾ ਢੋਂਦਾ ਸੀ ਤੇ ਖਲੜੀ ਉਤਾਰਦਾ ਸੀ ਤੇ ਫਿਰ ਉਸ ਖੱਲ ਨੂੰ ਪਕਾਉਂਦਾ ਸੀ, ਰੰਗਦਾ ਸੀ। ਫਿਰ ਜੁੱਤੀਆਂ ਬਣਾਉਂਦਾ ਸੀ। ਜਿਸਦੇ ਹੱਥ ਵਿਚ ਹਰ ਸਮੇਂ ਮੁਰਦਿਆਂ ਦੀ ਖਲੜੀ ਹੁੰਦੀ ਸੀ। ਜਿਉਂ ਹੀ ਉਹ ਤੇਰੀ ਸ਼ਰਨ ਵਿਚ ਆਇਆ, ਤੂੰ ਤਾਂ ਉਸਦਾ ਵੀ ਉਧਾਰ ਕਰ ਦਿੱਤਾ।

*ਪ੍ਰਭ ਦੀਨ ਦਇਆਲ ਭਗਤ ਭਵ ਤਾਰਨ ਹਮ ਪਾਪੀ ਰਾਖੁ ਪਪਨਾ॥*

ਹੇ ਪਰੀਪੂਰਨ ਪ੍ਰਮਾਤਮਾ! ਤੂੰ ਦੀਨਾਂ 'ਤੇ ਦਇਆ ਕਰਨ ਵਾਲਾ ਹੈਂ। ਪਾਪੀਆਂ ਦਾ ਉਧਾਰ ਕਰਨ ਵਾਲਾ ਹੈਂ। ਇਸ ਵਾਸਤੇ ਤੂੰ ਰਹਿਮਤ ਕਰ, ਸਾਡਾ ਪਾਪੀਆਂ ਦਾ ਵੀ ਉਧਾਰ ਕਰ।

*ਹਰਿ ਦਾਸਨ ਦਾਸ ਦਾਸ ਹਮ ਕਰੀਅਹੁ*
*ਜਨ ਨਾਨਕ ਦਾਸ ਦਸੰਨਾ॥ ੪॥ ੧॥*

ਹੇ ਪਰੀਪੂਰਨ ਪ੍ਰਮਾਤਮਾ! ਨਾਨਕ ਨੂੰ ਆਪਣੇ ਦਾਸਾਂ ਦਾ ਦਾਸ ਬਣਾ ਤਾਂਕਿ ਉਹਨਾਂ ਦੀ ਸ਼ਰਨ ਵਿਚ ਰਹਿੰਦਿਆਂ-ਰਹਿੰਦਿਆਂ ਤੇਰੀ ਸ਼ਰਨ ਪ੍ਰਾਪਤ ਹੋ ਜਾਏ। ਇਸ ਤਰ੍ਹਾਂ ਤੇਰੀ ਰਹਿਮਤ ਦੇ ਪਾਤਰ ਬਣ ਸਕੀਏ।

ਸਾਹਿਬ ਰਹਿਮਤ ਕਰਨ। ਭੁੱਲਾਂ ਚੁੱਕਾਂ ਦੀ ਮੁਆਫ਼ੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

# ਮਾਇਆ ਮੋਹੁ ਸਭੁ ਕੂੜੁ ਹੈ

ਸਲੋਕ ਮਃ ੧ ॥
ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥
ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥
ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥
ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ ॥
ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ ॥
ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ ॥ ੧ ॥
ਮਃ ੧ ॥ ਬਾਂਗਾ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ ॥
ਇਕਿ ਦਾਤੇ ਇਕਿ ਮੰਗਤੇ ਨਾਮੁ ਤੇਰਾ ਪਰਵਾਣੁ ॥
ਨਾਨਕ ਜਿਨ੍ਹੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ ॥ ੨ ॥
ਪਉੜੀ ॥ ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ ॥
ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ ॥
ਗੁਰਮੁਖਿ ਝਗੜੁ ਚੁਕਾਇਓਨੁ ਇਕੋ ਰਵਿ ਰਹਿਆ ॥
ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤਰਿ ਗਇਆ ॥
ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਾਇਆ ॥ ੧੪ ॥

(ਅੰਗ ੭੯੦)

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਰੂਪ ਸਾਧਸੰਗਤਿ ਜੀਉ!

ਇਕ ਅਜਿਹੇ ਵਿਸ਼ੇ ਨੂੰ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਛੂੰਹਦੇ ਹਨ ਜੋ ਸਾਰੇ ਸੰਸਾਰ ਵਿਚ ਮਨੁੱਖੀ ਜਗਤ ਦਾ ਰੋਗ ਹੈ ਅਤੇ ਇਸੇ ਰੋਗ ਵਿਚ ਮਨੁੱਖ ਜੀਅ ਰਿਹਾ ਹੈ।

ਮਨੁੱਖ ਦੇ ਸਰੀਰ ਵਿਚ ਜੋ ਸ਼ਕਤੀ ਹੈ, ਇਹ ਸ਼ਕਤੀ ਭੋਜਨ ਤੋਂ ਬਣਦੀ ਹੈ, ਪਾਣੀ ਤੋਂ ਬਣਦੀ ਹੈ, ਸੂਰਜ ਦੀਆਂ ਕਿਰਨਾਂ ਤੋਂ ਬਣਦੀ ਹੈ ਅਤੇ ਇਹ ਸ਼ਕਤੀ ਬਣਦੀ ਰਹੇ, ਮਨੁੱਖ

ਦੇ ਅੰਦਰ ਆਤਮਾ ਹੈ। ਪੰਜ ਤੱਤਾਂ ਦਾ ਜੋੜ ਬਣਿਆ ਰਹੇ, ਆਤਮਾ ਹੈ। ਨਿਰਲੇਪ ਆਤਮਾ ਦਾ ਹੋਣਾ ਹੀ ਇਹਨਾਂ ਪੰਜਾਂ ਨੂੰ ਇਕੱਠਾ ਰੱਖਦਾ ਹੈ। ਸਰੀਰ ਵਿਚ ਜਿਹੜੀ ਸ਼ਕਤੀ ਬਣਦੀ ਹੈ ਹੁਣ ਇਸਦਾ ਕੁਝ ਨਾ ਕੁਝ ਉਪਯੋਗ ਤਾਂ ਹੋਵੇਗਾ। ਸਾਡੀ ਦੇਖਣ ਨਾਲ, ਸੁਣਨ ਨਾਲ, ਬੋਲਣ ਨਾਲ, ਚੱਲਣ ਨਾਲ, ਕਰਨ ਨਾਲ ਜੋ ਸ਼ਕਤੀ ਖ਼ਰਚ ਹੁੰਦੀ ਹੈ, ਉਸ ਤੋਂ ਸ਼ਕਤੀ ਅਧਿਕ ਬਣਦੀ ਹੈ। ਜਿੰਨੀ ਸ਼ਕਤੀ ਅਸੀਂ ਰੋਜ਼ ਖ਼ਰਚ ਕਰਦੇ ਹਾਂ, ਉਸਤੋਂ ਜ਼ਿਆਦਾ ਬਣਦੀ ਹੈ। ਜਦੋਂ ਜਿੰਨੀ ਸ਼ਕਤੀ ਖ਼ਰਚ ਹੋਵੇ ਤੇ ਬਣਦੀ ਘੱਟ ਹੋਵੇ ਤਾਂ ਫਿਰ ਬੁਢੇਪਾ ਸ਼ੁਰੂ ਹੋ ਜਾਂਦਾ ਹੈ। ਆਮ ਹਾਲਤ ਵਿਚ 60-70 ਸਾਲ ਤੱਕ ਜੀਵਨ ਵਾਸਤੇ ਜਿੰਨੀ ਸ਼ਕਤੀ ਚਾਹੀਦੀ ਹੈ, ਜ਼ਿਆਦਾ ਬਣਦੀ ਹੈ।

ਥਕਾਵਟ ਦਾ ਮਤਲਬ ਕੀ ਹੁੰਦਾ ਹੈ? ਬਹੁਤੀ ਸ਼ਕਤੀ ਖ਼ਰਚ ਹੋ ਗਈ ਹੈ। ਪਰ ਪ੍ਰਮਾਤਮਾ ਨੇ ਅਜਿਹਾ ਨਿਯਮ ਬਣਾ ਦਿੱਤਾ ਹੈ ਕਿ ਲਗਪਗ ਜਿੰਨੀ ਸ਼ਕਤੀ ਸਾਨੂੰ ਚਾਹੀਦੀ ਹੈ, ਉਸ ਤੋਂ ਅਧਿਕ ਬਣਦੀ ਹੈ। ਉਹ ਜ਼ਿਆਦਾ ਸ਼ਕਤੀ ਕਿਸੇ ਨਾ ਕਿਸੇ ਪਾਸੇ ਤਾਂ ਜਾਏਗੀ। ਉਸ ਸ਼ਕਤੀ ਨੂੰ ਇੰਝ ਕਹਿ ਲਉ ਦੁੱਧ ਹੈ। ਜੇ ਘਿਉ ਨਾ ਬਣਾਇਆ ਤਾਂ ਇਹ ਫਟੇਗਾ। ਦੁੱਧ ਘਿਉ ਬਣੇ ਤਾਂ ਕੁਝ ਸਾਧਨਾਂ 'ਚੋਂ ਲੰਘਣਾ ਪਏਗਾ। ਇਸਨੂੰ ਗਰਮ ਕਰਨਾ ਪਏਗਾ, ਇਸਨੂੰ ਜਮਾਉਣਾ ਪਏਗਾ, ਇਸਨੂੰ ਰਿੜਕਣਾ ਪਏਗਾ, ਅਤੇ ਮੱਖਣ ਨਿਕਲੇਗਾ। ਫਿਰ ਉਸਨੂੰ ਗਰਮਾਉਣਾ ਪਏਗਾ। ਉਸਦੇ ਵਿਚੋਂ ਲੱਸੀ ਕੱਢਣੀ ਪਏਗੀ ਤਾਂ ਘਿਉ ਬਣੇਗਾ। ਪਰ ਜੇ ਦੁੱਧ ਨੂੰ ਫਿਟਾਣਾ ਹੋਵੇ ਤਾਂ ਪਿਆ ਪਿਆ ਆਪੇ ਫੱਟ ਜਾਏਗਾ। ਤੁਸੀਂ ਆਖੋਗੇ ਇਹ ਦਲੀਲ ਮੈਂ ਕਿਉਂ ਦੇ ਰਿਹਾ ਹਾਂ। ਜੇਕਰ ਮਨੁੱਖ ਨੇ ਇਸ ਸ਼ਕਤੀ ਦਾ ਸਹੀ ਉਪਯੋਗ ਨਾ ਕੀਤਾ ਤਾਂ ਦੁਰਉਪਯੋਗ ਆਪਣੇ ਆਪ ਹੋ ਜਾਏਗਾ, ਮਨੁੱਖ ਨੂੰ ਕਰਨ ਦੀ ਲੋੜ ਨਹੀਂ। ਜੇਕਰ ਇਸ ਸ਼ਕਤੀ ਨੂੰ ਮਨੁੱਖ ਨੇ ਸਬਰ ਸੰਤੋਖ ਨਾ ਬਣਾਇਆ ਤਾਂ ਇਹ ਲੋਭ ਬਣ ਜਾਏਗੀ, ਹੰਕਾਰ ਬਣ ਜਾਏਗੀ, ਕ੍ਰੋਧ ਬਣ ਜਾਏਗੀ, ਸੀਮਾ ਤੋਂ ਵਧਿਆ ਹੋਇਆ ਕਾਮ ਬਣ ਜਾਏਗੀ। ਆਪੇ ਬਣੇਗੀ, ਤੁਹਾਨੂੰ ਬਣਾਉਣ ਦੀ ਲੋੜ ਨਹੀਂ। ਹਾਂ, ਸਬਰ ਪੈਦਾ ਹੋਵੇ, ਸੰਤੋਖ ਪੈਦਾ ਹੋਵੇ, ਗਿਆਨ ਪੈਦਾ ਹੋਵੇ, ਵਿਗਿਆਨ ਪੈਦਾ ਹੋਵੇ, ਪ੍ਰੇਮ ਪੈਦਾ ਹੋਵੇ, ਸਮਦ੍ਰਿਸ਼ਟੀ ਪੈਦਾ ਹੋਵੇ, ਇਹ ਦੁੱਧ ਜਮਾਉਣਾ ਪਵੇਗਾ, ਗਰਮਾਉਣਾ ਪਵੇਗਾ।

ਇਸ ਸ਼ਕਤੀ ਦਾ ਅਸੀਂ ਸਹੀ ਉਪਯੋਗ ਕਰ ਸਕੀਏ, ਇਹ ਸਤਿਸੰਗ ਇਸ ਵਾਸਤੇ ਹੈ, ਇਹ ਕਥਾ ਕੀਰਤਨ ਇਸ ਵਾਸਤੇ ਹੈ। ਹੋਰ ਕੋਈ ਮਤਲਬ ਨਹੀਂ ਹੈ। ਇਹ ਵਾਹਿਗੁਰੂ ਮੰਤਰ ਦਾ ਜੋ ਜੱਪ ਕਰਨਾ ਹੈ ਤੇ ਜੱਪ ਤੋਂ ਕੀ ਪੈਦਾ ਹੁੰਦਾ ਹੈ, ਤੱਪ। ਤੱਪ ਨਾਲ ਅੰਦਰ ਦੀ ਸ਼ਕਤੀ ਤਪਸ਼ ਵਿਚ ਆਏਗੀ, ਇੰਝ ਜਿਵੇਂ ਦੁੱਧ ਗਰਮ ਹੋ ਗਿਆ ਹੈ। ਜੇ ਹੁਣ ਗਰਮਾਇਆ ਹੈ, ਜੇ ਸੂਝ ਸਮਝ ਮਿਲ ਗਈ ਹੈ ਤਾਂ ਜਮਾ ਦਿੱਤਾ ਹੈ। ਫਿਰ ਕਰੜੀ ਸਾਧਨਾ ਜਾਰੀ ਹੈ।

*ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥*
*ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥ ੧॥ ਰਹਾਉ॥*

*ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ॥*
*ਇਸੁ ਮਟਕੀ ਮਹਿ ਸਬਦੁ ਸੰਜੋਈ॥*

(ਅੰਗ ੪੭੮)

ਸ਼ਬਦ ਨਾਲ ਸੁਰਤ ਜੋੜੀ ਤੇ ਜੱਪਦੇ ਰਹੇ, ਜੱਪਦੇ ਰਹੇ ਤਾਂ ਆਖ਼ਿਰ ਉਹ ਜੋ ਸ਼ਕਤੀ ਅੰਦਰ ਬਣਦੀ ਪਈ ਸੀ, ਉਸਨੇ ਪ੍ਰੇਮ ਬਣ ਜਾਣਾ ਹੈ, ਆਤਮ ਰੱਸ ਬਣ ਜਾਣਾ ਹੈ, ਪਰਮ ਗਿਆਨ ਬਣ ਜਾਣਾ ਹੈ। ਇਸ ਤਰ੍ਹਾਂ ਨਾ ਕੀਤਾ ਤਾਂ ਦੁੱਧ ਆਪੇ ਫੱਟੇਗਾ। ਮੈਨੂੰ ਕਿਸੇ ਨੇ ਕਿਹਾ ਕਿ ਮੇਰਾ ਹਿਰਦਾ ਨੇਕ ਹੈ। ਮੈਂ ਕੋਈ ਬੁਰਾ ਕਰਮ ਨਹੀਂ ਕਰਦਾ, ਚੋਰੀ ਨਹੀਂ ਕਰਦਾ ਤਾਂ ਮੈਨੂੰ ਕੀ ਲੋੜ ਹੈ ਗੁਰਦੁਆਰੇ ਜਾਣ ਦੀ। ਮੈਂ ਕਿਉਂ ਬਾਣੀ ਪੜ੍ਹਾਂ?

ਇਸ ਤਰ੍ਹਾਂ ਦੇ ਜਿਹੜੇ ਬੰਦੇ ਕਹਿੰਦੇ ਹਨ ਕਿ ਅਸੀਂ ਤਾਂ ਨੇਕ ਹਾਂ, ਸਾਨੂੰ ਕੀ ਲੋੜ ਹੈ ਗੁਰਦੁਆਰੇ ਜਾਣ ਦੀ। ਇਹ ਉਹ ਬੰਦੇ ਹਨ ਜੋ ਕਹਿ ਰਹੇ ਹਨ ਸਾਨੂੰ ਦੁੱਧ ਨੂੰ ਗਰਮਾਉਣ ਦੀ ਕੀ ਲੋੜ ਹੈ, ਦੁੱਧ ਸਾਡਾ ਫੱਟਿਆ ਥੋੜੀ ਹੈ। ਨਹੀਂ ਗਰਮਾਉਗੇ, ਅੱਜ ਨਹੀਂ ਤਾਂ ਕੱਲ ਫੱਟੇਗਾ। ਤੇਰੀ ਇਸ ਸ਼ਰਾਫ਼ਤ 'ਤੇ ਕੋਈ ਭਰੋਸਾ ਨਹੀਂ। ਪਤਾ ਨਹੀਂ ਤੇਰੀ ਇਹ ਸ਼ਰਾਫ਼ਤ ਕਦੋਂ ਬਦਮਾਸ਼ੀ ਵਿਚ ਬਦਲ ਜਾਏ। ਤੇਰੇ ਇਹ ਨੇਕ ਹੋਣ ਦਾ ਕੋਈ ਭਰੋਸਾ ਨਹੀਂ। ਪਤਾ ਨਹੀਂ ਤੇਰੀ ਇਹ ਨੇਕੀ ਕਦੋਂ ਬਦੀ ਵਿਚ ਬਦਲ ਜਾਏ। ਇਹ ਮੰਨ ਲੈਂਦੇ ਹਾਂ ਚਲੋ ਤੂੰ ਬੁਰਾ ਕਰਮ ਨਹੀਂ ਕਰਦਾ ਹੋਵੇਂਗਾ, ਪਰ ਤੂੰ ਬੁਰਾ ਸੋਚਦਾ ਵੀ ਨਹੀਂ ਹੋਵੇਂਗਾ, ਇਹ ਕਿਸ ਤਰ੍ਹਾਂ ਮੰਨ ਲਈਏ। ਮੇਰੇ ਲੇਖੇ ਜੋ ਜੱਪ ਨਹੀਂ ਕਰਦਾ, ਤੱਪ ਨਹੀਂ ਕਰਦਾ, ਸੰਗਤ ਨਹੀਂ ਕਰਦਾ, ਸਤਿਪੁਰਸ਼ਾਂ ਦੀ ਸੰਗਤ ਨਹੀਂ ਕਰਦਾ, ਇਹ ਦੁੱਧ ਅੱਜ ਨਹੀਂ ਤਾਂ ਕੱਲ ਫੱਟਿਆ ਸਮਝੋ। ਇਸਦਾ ਕੋਈ ਭਰੋਸਾ ਨਹੀਂ। ਸ਼ੇਖ਼ ਸਾਅਦੀ ਨੇ ਕਿਤੇ ਲਿਖਿਆ ਹੈ, ਹੇ ਖ਼ੁਦਾ! ਇਕ ਤਾਂ ਮੈਂ ਤੇਰੇ ਕੋਲੋਂ ਡਰਦਾ ਹਾਂ, ਤੂੰ ਸਰਵ ਸ਼ਕਤੀਮਾਨ ਹੈਂ। ਦੂਜਾ ਮੈਂ ਉਹਨਾਂ ਤੋਂ ਡਰਦਾ ਹਾਂ, ਜਿਹੜੇ ਤੇਰੇ ਕੋਲੋਂ ਨਹੀਂ ਡਰਦੇ। ਪਤਾ ਨਹੀਂ ਕੀ ਕਰ ਦੇਣਗੇ। ਜਿਨ੍ਹਾਂ ਦਾ ਰੱਬ 'ਤੇ ਭਰੋਸਾ ਨਹੀਂ, ਯਕੀਨ ਜਾਣੋ, ਉਹ ਬੰਦਾ ਭਰੋਸੇ ਯੋਗ ਹੈ ਹੀ ਨਹੀਂ। ਮਨੁੱਖ ਦੇ ਕੋਲ ਸ਼ਕਤੀ ਹੈ ਇਸ ਤਰ੍ਹਾਂ ਜਿਵੇਂ ਪ੍ਰਭੂ ਨੇ ਦੁੱਧ ਦਿੱਤਾ ਹੋਵੇ। ਇਹ ਦੁੱਧ ਜੇਕਰ ਰੱਬੀ ਗੁਣ ਨਾ ਬਣਿਆ, ਔਗੁਣ ਤਾਂ ਬਣ ਜਾਏਗਾ।

ਗੁਣਾਂ ਵਿਚੋਂ ਸਭ ਤੋਂ ਪ੍ਰਬਲ ਦੋ ਗੁਣ ਮੰਨੇ ਜਾਂਦੇ ਹਨ— ਸੰਤੋਖ ਤੇ ਦਇਆ। ਬਾਕੀ ਹਜ਼ਾਰਾਂ ਲੱਖਾਂ ਗੁਣ ਹਨ, ਪਰ ਇਹ ਦੋ ਗੁਣ ਬੁਨਿਆਦ ਹਨ। ਧਰਮ ਇਸੇ 'ਤੇ ਖੜਾ ਹੈ।

*ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥*

(ਅੰਗ ੩)

ਸੰਤੋਖ ,. ਤੱਪ ਕਰਦਿਆਂ ਪੈਦਾ ਹੋਵੇਗਾ, ਜਨਮ ਤੋਂ ਕੋਈ ਸੰਤੋਖੀ ਨਹੀਂ ਹੈ। ਦਇਆ ਵੀ ਸੰਗਤ ਕਰਦਿਆਂ, ਬਾਣੀ ਪੜ੍ਹਦਿਆਂ ਪੈਦਾ ਹੋਵੇਗੀ, ਉਂਝ ਨਹੀਂ। ਜਿਥੇ ਇਹ

ਦੋ ਮੂਲ ਗੁਣ ਹਨ, ਉਥੇ ਜਗਤ ਦੇ ਵਿਚ ਦੋ ਮੂਲ ਔਗੁਣ ਵੀ ਹਨ। ਕਿਹੜੇ? ਚੋਰੀ, ਯਾਰੀ। ਇਸੇ ਦਾ ਜ਼ਿਕਰ ਕੀਤਾ ਹੈ ਗੁਰੂ ਨਾਨਕ ਨੇ। ਲੋਭੀ ਕੌਣ ਹੁੰਦਾ ਹੈ, ਅਸੰਤੁਸ਼ਟ। ਲੋਭ ਵੱਧਦਾ ਗਿਆ, ਵੱਧਦਾ ਗਿਆ ਤਾਂ ਇਸੇ ਲੋਭ ਵਿਚੋਂ ਨਿਕਲੇਗੀ ਚੋਰੀ। ਜੇਕਰ ਲੋਭੀ ਨੇ ਅੱਜ ਤੱਕ ਚੋਰੀ ਨਹੀਂ ਕੀਤੀ ਤਾਂ ਇਸਨੂੰ ਮੌਕਾ ਨਹੀਂ ਮਿਲਿਆ। ਮਹਾਰਾਜ ਕਹਿੰਦੇ ਹਨ-

*ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰ ਵਸਾਇ॥*

(ਅੰਗ ੧੪੧੭)

ਲੋਭੀ ਤਾਂ ਚੋਰ ਹੈ, ਭਰੋਸਾ ਨਾ ਕਰੀਂ। ਉਸ ਨੂੰ ਜਿਹੜੀ ਚੀਜ਼ ਦਾ ਦਾਅ ਲੱਗੇਗਾ, ਉਸਨੇ ਚੁਰਾ ਲੈਣੀ ਹੈ। ਪੰਜਾਬੀ ਦੀ ਕਹਾਵਤ ਹੈ— ਕੱਖ ਦੀ ਵੀ ਚੋਰੀ ਤੇ ਲੱਖ ਦੀ ਵੀ ਚੋਰੀ ਇਕ ਬਰਾਬਰ ਹੈ। ਪਤਾ ਹੈ ਕਿਉਂ? ਜਿਸ ਨੇ ਕੱਖ ਚੁਰਾਇਆ, ਜਿਸ ਨੇ ਲੱਖ ਚੁਰਾਇਆ, ਦੋਵੇਂ ਹੀ ਬਰਾਬਰ ਹਨ। ਚੋਰ ਦੋਨੋਂ ਬਰਾਬਰ ਹਨ, ਚੋਰੀ ਛੋਟੀ ਵੱਡੀ ਹੈ। ਜਿਸ ਨੇ ਲੱਖ ਚੁਰਾਇਆ ਹੈ, ਉਸ ਨੂੰ ਵੱਡਾ ਮੌਕਾ ਮਿਲ ਗਿਆ, ਜਿਸ ਨੇ ਕੱਖ ਚੁਰਾਇਆ ਹੈ, ਉਸ ਨੂੰ ਛੋਟਾ ਮੌਕਾ ਮਿਲ ਗਿਆ। ਅੱਜ ਉਸ ਨੇ ਕੱਖ ਚੁਰਾਇਆ ਹੈ, ਜੇਕਰ ਉਸ ਨੂੰ ਵੱਡਾ ਮੌਕਾ ਮਿਲ ਗਿਆ ਤਾਂ ਲੱਖ ਚੁਰਾਏਗਾ। ਲੋਭੀਆਂ ਦੇ ਹੱਥ ਵਿਚ ਅਸੀਂ ਦੇਸ਼ ਦੇ ਦਿੱਤਾ ਹੈ, ਲੁੱਟ ਲੁੱਟ ਕੇ ਦੀਵਾਲੀਆ ਕਰ ਦਿੱਤਾ ਹੈ। ਭਾਵੇਂ ਇਹ ਲੋਭੀ ਇੰਜੀਨੀਅਰ ਹੈ, ਭਾਵੇਂ ਇਹ ਲੋਭੀ ਡਾਕਟਰ ਹੈ, ਭਾਵੇਂ ਇਹ ਲੋਭੀ ਗਿਆਨੀ ਹੈ, ਭਾਵੇਂ ਇਹ ਲੋਭੀ ਸੰਤ ਹੈ, ਪਰ ਹੈ ਚੋਰ। ਇਕ ਲੋਭੀ ਨੂੰ ਤਸਬੀ ਦਿੰਦੇ ਹਨ ਸਾਹਿਬ-

*ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥*
*ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥*

(ਅੰਗ ੫੦)

ਲੋਭੀ ਕੀ ਹੈ? ਕੁੱਤਾ ਹੈ। ਕਿਹੜਾ ਕੁੱਤਾ? ਪਾਗ਼ਲ ਕੁੱਤਾ, ਹਲਕਾਇਆ ਕੁੱਤਾ। ਸਤਿਗੁਰੂ ਕਹਿੰਦੇ ਹਨ ਕਿ ਉਹ ਆਮ ਕੁੱਤਾ ਨਹੀਂ ਹੈ, ਪਾਗ਼ਲ ਕੁੱਤਾ ਹੈ। ਓਪਰਿਆਂ ਨੂੰ ਤਾਂ ਕੱਟਦਾ ਹੈ, ਜਿਹੜਾ ਉਸਦਾ ਮਾਲਕ ਹੈ, ਉਸਨੂੰ ਵੀ ਕੱਟਦਾ ਹੈ। ਲੋਭੀ ਬੰਦਾ ਧੋਖਾ ਦਿੰਦਾ ਹੈ ਰਾਜਨੀਤੀ ਦੇ ਸਹਾਰੇ 'ਤੇ, ਕਾਰੋਬਾਰ ਦੇ ਸਹਾਰੇ 'ਤੇ। ਇਹ ਧਰਮ ਦੇ ਨਾਮ 'ਤੇ ਵੀ ਚੋਰੀ ਕਰਦਾ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਫ਼ੁਰਮਾਉਂਦੇ ਹਨ ਕਿ ਲੋਭੀ ਪਾਪ ਕਰਦਾ ਹੈ ਰੱਬ ਦਾ ਨਾਮ ਲੈ ਕੇ। ਮਹਾਰਾਜ ਕਹਿੰਦੇ ਹਨ, ਇਕ ਵਾਰੀ ਤਾਂ ਪਾਪ ਵੀ ਕੰਬ ਜਾਂਦੇ ਹਨ ਕਿ ਹੇ ਪਾਪੀ! ਸਾਨੂੰ ਕਿਹੜੀ ਥਾਂ 'ਤੇ ਵਰਤਦਾ ਪਿਆ ਹੈਂ। ਲੋਕਾਂ ਦੀ ਜੇਬ ਤਾਂ ਕੱਟੀ, ਹੁਣ ਗੁਰੂ ਦੀ ਗੋਲਕ ਕੱਟੋ। ਲੋਕਾਂ ਨੂੰ ਤਾਂ ਧੋਖਾ ਦਿੱਤਾ, ਹੁਣ ਗੁਰੂ ਨੂੰ ਧੋਖਾ ਦਿਉ। ਹਰ ਥਾਂ ਚੋਰੀ ਹੁੰਦੀ ਹੈ।

ਕਈ ਸਾਲ ਪਹਿਲੇ ਬਨਾਰਸ ਵਿਚ ਸ਼ਿਵ ਜੀ ਦੇ ਮੰਦਿਰ ਦੇ ਗਹਿਣੇ ਮੁਕਟ ਚੋਰੀ ਹੋ

ਗਏ। ਉਹ ਕਰੋੜਾਂ ਰੁਪਏ ਦੇ ਸਨ। ਹੀਰਿਆਂ ਨਾਲ ਜੜ੍ਹਤ, ਮੋਤੀਆਂ ਨਾਲ ਜੜ੍ਹਤ। ਛਾਨ-ਬੀਨ ਸ਼ੁਰੂ ਹੋ ਗਈ। ਪੁਲਿਸ ਦੇ ਪੜਤਾਲ ਕਰਨ 'ਤੇ ਪਤਾ ਲੱਗਾ ਕਿ ਜੋ ਮੰਦਿਰ ਦਾ ਪੁਜਾਰੀ ਸੀ, ਜਿਹੜਾ ਪੂਜਾ ਕਰਦਾ ਸੀ, ਉਹ ਹੀ ਚੋਰ ਸੀ। ਚੋਰ ਪੂਜਾ ਕਰਦੇ ਰਹੇ। ਲੋਭ ਚੋਰ ਦਾ ਮਾਤਾ ਪਿਤਾ ਹੈ। ਮਨੁੱਖ ਕੋਲ ਕੁਝ ਪੁਰਾਣੇ ਸੰਸਕਾਰ ਵੀ ਹਨ। ਇਹਨਾਂ ਸਾਰਿਆਂ ਦੇ ਇਕੱਠ ਨਾਲ ਜੇਕਰ ਸੁਸਾਇਟੀ ਚੰਗੀ ਮਿਲ ਗਈ, ਸੰਗਤ ਚੰਗੀ ਮਿਲ ਗਈ, ਮਾਂ ਬਾਪ ਚੰਗੇ ਮਿਲ ਗਏ, ਸੋਚਣੀ ਚੰਗੀ ਹੋ ਗਈ ਤਾਂ ਇਹ ਸ਼ਕਤੀ ਬਣ ਜਾਏਗੀ। ਸੰਤੋਖ, ਦਇਆ ਆ ਜਾਏਗੀ। ਲੋਭ ਸਾਰਿਆਂ ਦੇ ਅੰਦਰ ਹੈ ਤਾਂ ਫਿਰ ਖ਼ਤਰਾ ਹੈ ਚੋਰਾਂ ਨੂੰ ਚੋਰਾਂ 'ਤੋਂ। ਜਿਨ੍ਹਾਂ ਨੂੰ ਮੋਕਾ ਮਿਲ ਜਾਂਦਾ ਹੈ, ਉਹ ਚੋਰੀ ਕਰਨ ਵਿਚ ਸਫਲ ਹੋ ਜਾਂਦੇ ਹਨ। ਬਾਕੀਆਂ ਦੇ ਅੰਦਰ ਚੱਲਦੀ ਰਹਿੰਦੀ ਹੈ। ਪ੍ਰਮਾਤਮਾ ਚਾਹੁੰਦਾ ਹੈ ਲੋਭ ਸੀਮਾ ਵਿਚ ਹੋਵੇ ਤੇ ਜਦੋਂ ਲੋਭ ਦੀ ਸੀਮਾ ਹੋ ਜਾਂਦੀ ਹੈ, ਉਸੇ ਨੂੰ ਸੰਤੋਖ ਕਹਿੰਦੇ ਹਨ। ਜੋ ਕੁਝ ਹੈ, ਜਿਵੇਂ ਦਾ ਹੈ, ਮੈਂ ਸੰਤੁਸ਼ਟ ਹਾਂ।

ਇਹੀ ਸ਼ਕਤੀ ਜਦੋਂ ਲੋਭ ਵਿਚ ਬਦਲਦੀ ਹੈ, ਅਸੰਤੁਸ਼ਟੀ ਵਿਚ ਬਦਲਦੀ ਹੈ, ਫਿਰ ਜੋ ਕੁਝ ਹੈ, ਜਿਵੇਂ ਦਾ ਹੈ, ਮੈਨੂੰ ਕਬੂਲ ਨਹੀਂ। ਇਹ ਠੀਕ ਨਹੀਂ ਹੈ। ਸ਼ਕਤੀ ਕਾਮ ਬਣ ਗਈ ਹੈ ਇਸਦੀ ਲੋੜ ਹੈ। ਇਸ ਸ਼ਕਤੀ ਤੋਂ ਸੰਤਾਨ ਪੈਦਾ ਹੁੰਦੀ ਹੈ। ਇਸੇ ਸ਼ਕਤੀ ਤੋਂ ਸ਼ੈਤਾਨ ਪੈਦਾ ਹੁੰਦਾ ਹੈ। ਇਸ ਸ਼ਕਤੀ ਦਾ ਸਹੀ ਉਪਯੋਗ ਕੀ ਹੈ? ਇਹ ਸ਼ਕਤੀ ਨਾਮ ਰੱਸ ਬਣੇ, ਆਤਮਕ ਆਨੰਦ ਬਣੇ। ਜੇਕਰ ਇਹ ਸੀਲ ਨਾ ਬਣੀ, ਸੰਜਮ ਨਾ ਬਣੀ ਤਾਂ ਇਸੇ ਸ਼ਕਤੀ ਨੇ ਸ਼ੈਤਾਨ ਬਣ ਜਾਣਾ ਹੈ। ਗੁਰੂ ਗੋਬਿੰਦ ਸਿੰਘ ਜ਼ੀ ਪਾਤਿਸ਼ਾਹ ਕਹਿੰਦੇ ਹਨ ਕਿ ਮਨੁੱਖਤਾ ਦੇ ਦੋ ਅੰਗ ਹਨ - ਇਸਤਰੀ ਤੇ ਪੁਰਸ਼। ਅਸੰਤੁਸ਼ਟ ਹੈ ਇਸਤਰੀ ਤਾਂ ਚੋਰਨੀ ਹੋਵੇਗੀ। ਛੋਟਾ ਮੋਕਾ ਮਿਲਿਆ ਹੈ ਤਾਂ ਛੋਟੀਆਂ ਛੋਟੀਆਂ ਚੀਜ਼ਾਂ ਚੁਰਾਏਗੀ। ਵੱਡਾ ਮੋਕਾ ਮਿਲ ਗਿਆ ਤਾਂ ਵੱਡੀਆਂ ਚੀਜ਼ਾਂ ਚੁਰਾਏਗੀ। ਜੇਕਰ ਪੁਰਸ਼ ਦੁਰਾਚਾਰੀ ਹੋ ਜਾਂਦੇ ਹਨ ਤਾਂ ਇਹ ਜਿਹੜੀਆਂ ਇਸਤਰੀਆਂ ਹਨ ਵੇਸਵਾਵਾਂ ਹੋ ਜਾਂਦੀਆਂ ਹਨ।

*ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ॥*

ਇਥੇ ਰੰਡੀਆਂ ਤੋਂ ਮੁਰਾਦ ਵਿਧਵਾ ਨਹੀਂ, ਰੰਡੀਆਂ ਤੋਂ ਮੁਰਾਦ ਵੇਸਵਾਵਾਂ ਹਨ। ਸਾਹਿਬ ਕਹਿੰਦੇ ਹਨ, ਇਸ ਜੁਗ ਵਿਚ ਬੜੇ ਅਜਿਹੇ ਕ੍ਰਿਤ ਹੋਣਗੇ ਜੋ ਨਹੀਂ ਕਰਨੇ ਚਾਹੀਦੇ। ਜਿਥੇ ਪੁਰਸ਼ ਦੁਰਾਚਾਰੀ ਹੋਵੇਗਾ ਤੇ ਦੁਰਾਚਾਰ ਦੀ ਵਰਤੋਂ ਕਰੇਗਾ ਸਾਧੂ ਬਣਕੇ। ਕਿਉਂਕਿ ਸਾਧੂ 'ਤੇ ਭਰੋਸਾ ਹੈ, ਭਰੋਸਾ ਹੈ ਕਿ ਸੰਤ ਗਿਆਨੀ ਹੈ, ਬੈਰਾਗੀ ਹੈ, ਸੰਨਿਆਸੀ ਹੈ, ਭਰੋਸੇ ਯੋਗ ਬੰਦਾ ਹੈ। ਪਰ ਮੈਂ ਅਰਜ਼ ਕਰਾਂ ਕਿ ਕੋਈ ਲਿਬਾਸ ਦਾ ਨਾਮ ਸੰਤ ਹੈ। ਜੇਕਰ ਅੰਦਰ ਲੋਭ ਹੈ ਤੇ ਦੁਰਾਚਾਰੀ ਹੈ। ਇਸਤਰੀ ਇਸ ਤਰ੍ਹਾਂ ਦੇ ਸਾਧੂਆਂ ਨੂੰ ਲੱਭੇਗੀ। ਉਹ ਜੋ ਰੰਡੀ ਵਾਲਾ ਸੁਭਾਅ ਹੈ, ਉਸਦਾ ਜੋ ਵੇਸਵਾਵਾਂ ਵਾਲਾ ਸੁਭਾਅ ਹੈ, ਉਹ ਇਸ ਤਰ੍ਹਾਂ ਦੇ ਸਾਧੂਆਂ ਨੂੰ ਲੱਭੇਗੀ। ਕਿਉਂਕਿ ਇਸ ਤਰ੍ਹਾਂ ਦੇ ਸਾਧੂਆਂ ਦੇ ਆਸਰੇ 'ਤੇ ਉਸ 'ਤੇ ਉਂਗਲ ਨਹੀਂ ਉਠੇਗੀ। ਇਹ ਨਹੀਂ ਕਿ ਧਰਮ ਦਾ ਤਿਆਗ ਪੁਰਸ਼ ਕਰਨਗੇ, ਇਸਤ੍ਰੀਆਂ ਵੀ ਕਰਨਗੀਆਂ। ਸਾਹਿਬ ਕਹਿੰਦੇ ਹਨ

ਕਿ ਇਸ ਤਰ੍ਹਾਂ ਪਾਪ ਚਲਣਗੇ ਧਰਮ ਦੇ ਨਾਮ 'ਤੇ।

ਜੇਕਰ ਭਰਸ਼ਟ ਪੁਰਸ਼ ਹੁੰਦਾ ਹੈ ਤਾਂ ਭਰਸ਼ਟ ਇਸਤਰੀ ਵੀ ਹੁੰਦੀ ਹੈ। ਜੇਕਰ ਕਿਸੇ ਚੀਜ਼ ਦਾ ਗ਼ਲਤ ਇਸਤੇਮਾਲ ਪੁਰਸ਼ ਕਰ ਸਕਦਾ ਹੈ ਤਾਂ ਇਸਤਰੀ ਵੀ ਕਰ ਸਕਦੀ ਹੈ। ਢੰਗ ਅਲੱਗ ਅਲੱਗ ਹੋਣਗੇ। ਗਾਹਕ ਹੋਣ ਤਾਂ ਬਾਜ਼ਾਰ ਚੱਲਦੇ ਹਨ। ਅਰਥ ਸ਼ਾਸਤਰ ਦਾ ਇਕ ਨਿਯਮ ਹੈ ਜਿਸ ਚੀਜ਼ ਦੀ ਮੰਗ ਨਹੀਂ ਹੈ, ਉਹ ਵਸਤੂ ਆਊਟ ਆਫ਼ ਮਾਰਕਿਟ ਹੋ ਜਾਂਦੀ ਹੈ। ਮੰਗ ਬਹੁਤੀ ਹੈ ਤਾਂ ਵਸਤੂ ਮਾਰਕਿਟ ਵਿਚ ਆ ਜਾਏਗੀ।

ਸਾਰੀ ਦੁਨੀਆਂ ਵਿਚ ਇਸਤਰੀਆਂ ਦੇ ਵੀ ਬਾਜ਼ਾਰ ਹਨ, ਜਿਥੇ ਇਸਤਰੀਆਂ ਦੀ ਇੱਜ਼ਤ ਵਿੱਕਦੀ ਹੈ। ਕਿਉਂਕਿ ਜੇ ਉਹ ਇੱਜ਼ਤ ਵੇਚਦੀ ਹੈ ਤਾਂ ਗਾਹਕ ਵੀ ਹਨ। ਪੁਰਸ਼ ਦੁਰਾਚਾਰੀ ਹਨ। ਇਹਨਾਂ ਬਾਜ਼ਾਰਾਂ ਨੂੰ ਜਨਮ ਦਿੰਦੇ ਹਨ। ਜਿਵੇਂ ਜਿਵੇਂ ਤੁਸੀਂ ਸੱਭਯ ਮਨੁੱਖ, ਵੱਡੇ ਵੱਡੇ ਧਨਾਢ ਮਨੁੱਖ ਇਹਨਾਂ ਨੂੰ ਉਘਾੜੋਗੇ, ਗੁਸਤਾਖ਼ੀ ਮਾਫ਼, ਉਹ ਚੋਰ ਹਨ। ਕਿਉਂਕਿ ਜਿੰਨਾ ਸ਼ਕਤੀਸ਼ਾਲੀ ਮਨੁੱਖ ਹੋਵੇਗਾ, ਉੱਨਾ ਜ਼ਿਆਦਾ ਚੋਰੀ ਕਰ ਸਕਦਾ ਹੈ। ਸ਼ਕਤੀ ਇਕ ਅਜਿਹਾ ਪਰਦਾ ਹੈ, ਸਭ ਕੁਝ ਢੱਕ ਦਿੰਦੀ ਹੈ। ਜਿੰਨੀ ਸ਼ਕਤੀਸ਼ਾਲੀ ਇਸਤਰੀ ਹੋਵੇਗੀ, ਉਹ ਵੀ ਇਸ ਤਰ੍ਹਾਂ ਦੇ ਅਨਰਥ ਕਰੇਗੀ, ਪਰ ਢੱਕੀ ਰਹੇਗੀ।

ਸਰਮਦ ਇਕ ਸੂਫ਼ੀ ਫ਼ਕੀਰ ਸੀ। ਇਹ ਫ਼ਕੀਰ ਨੰਗਾ ਘੁੰਮਦਾ ਸੀ। ਔਰੰਗਜ਼ੇਬ ਨੇ ਕਹਿ ਦਿੱਤਾ ਕਿਉਂ ਨੰਗਾ ਘੁੰਮਦਾ ਹੈਂ? ਤਾਂ ਸਾਫ ਕਹਿ ਦਿੱਤਾ ਇਸ ਫ਼ਕੀਰ ਨੇ, ਕੱਪੜੇ ਤੂੰ ਪਹਿਨ, ਦੁਸ਼ਾਲੇ ਤੂੰ ਪਹਿਨ, ਤੂੰ ਆਪਣੇ ਆਪ ਨੂੰ ਢੱਕਣਾ ਹੈ। ਤੂੰ ਭਰਾਵਾਂ ਨੂੰ ਵੀ ਕਤਲ ਕਰ ਦੇਵੇਂ ਤਾਂ ਤੈਨੂੰ ਕੋਈ ਕਾਤਲ ਨਹੀਂ ਕਹਿੰਦਾ, ਬਾਦਸ਼ਾਹ ਸਲਾਮਤ ਕਹਿੰਦਾ ਹੈ, ਕਿਉਂਕਿ ਤੂੰ ਸ਼ਕਤੀਸ਼ਾਲੀ ਹੈਂ। ਤੇਰੇ ਕੋਲ ਦੁਸ਼ਾਲੇ ਬੜੇ ਹਨ, ਢੱਕ ਲੈਂਦਾ ਹੈਂ। ਬਾਦਸ਼ਾਹ ਸਲਾਮਤ! ਮੈਨੂੰ ਦੱਸੋ ਮੈਂ ਅਜਿਹਾ ਕੀ ਕੀਤਾ ਹੈ ਜੋ ਕੱਪੜੇ ਪਹਿਨਾਂ ਤੇ ਢੱਕਾਂ ਉਸਨੂੰ। ਜਿੰਨਾ ਸ਼ਕਤੀਸਾਲੀ ਮਨੁੱਖ ਹੁੰਦਾ ਹੈ, ਆਪਣੀ ਸ਼ਕਤੀ ਨਾਲ ਢੱਕ ਲੈਂਦਾ ਹੈ। ਛੋਟੇ ਛੋਟੇ ਬੰਦਿਆਂ ਦੀ ਨਿੱਕੀ ਚੋਰੀ ਵੀ ਫੜੀ ਜਾਂਦੀ ਹੈ। ਵੱਡੇ ਵੱਡੇ ਬੰਦਿਆਂ ਦੀ ਵੱਡੀ ਚੋਰੀ ਵੀ ਨਹੀਂ ਫੜੀ ਜਾਂਦੀ।

ਮੈਂ ਅਰਜ਼ ਕਰਾਂ, ਮਨੁੱਖ ਚੋਰ ਨਾ ਹੋਵੇ, ਯਾਰ ਨਾ ਹੋਵੇ ਤਾਂ ਲੋਕਾਂ ਦੀ ਇੱਜ਼ਤ ਬਚੀ ਰਹੇ, ਲੋਕਾਂ ਦੀ ਧਨ ਸੰਮਪਦਾ ਬਚੀ ਰਹੇ। ਲੋਕੀਂ ਭਰਸ਼ਟ ਨਾ ਹੋਣ। ਤਾਂ ਦੋ ਹੀ ਢੰਗ ਹਨ- ਇਕ ਕਾਨੂੰਨ ਹੈ, ਇਕ ਧਰਮ ਹੈ। ਮੈਂ ਇਹਨਾਂ ਨੂੰ ਇੰਝ ਕਹਿ ਦੇਵਾਂ, ਇਹ ਦੋਵੇਂ ਮਾਵਾਂ ਹਨ ਜੋ ਮਨੁੱਖਤਾ ਦੀ ਪਾਲਣਾ ਕਰਦੀਆਂ ਹਨ। ਕਾਨੂੰਨ ਜਿਹੜੀ ਮਾਂ ਹੈ ਉਹ ਸਾਫ਼ ਕਹਿ ਦਿੰਦੀ ਹੈ, ਹੇ ਬਚੇ! ਤੂੰ ਇੰਝ ਕੀਤਾ ਤਾਂ ਹੱਥਕੜੀ ਦੇਖ ਲੈ, ਜੇਲ੍ਹ ਹੈ, ਬੰਦੂਕ ਹੈ, ਡੰਡੇ ਵੀ ਹਨ ਸਾਡੇ ਕੋਲ। ਇਹ ਮਾਂ ਕਰੜੀ ਮਾਂ ਹੈ। ਬੱਚਾ ਮਾਂ ਨੂੰ ਬੜਾ ਪਿਆਰਾ ਹੈ ਪਰ ਬੱਚਾ ਘਰ ਦਾ ਸਾਰਾ ਸਾਮਾਨ ਤੋੜਨਾ ਚਾਹੁੰਦਾ ਹੈ। ਹਰ ਚੀਜ਼ ਨੂੰ ਖਿਡੌਣਾ ਸਮਝਦਾ ਹੈ ਤੇ ਖਿਡੌਣਾ ਸਮਝ ਕੇ ਤੋੜਦਾ ਹੈ। ਮਾਂ ਨੂੰ ਬੱਚੇ ਦੇ ਨਾਲ ਨਾਲ ਘਰ ਦੇ ਸਾਮਾਨ ਦੀ ਵੀ ਚਿੰਤਾ ਹੈ। ਇਸ ਕਰਕੇ

ਡਾਂਟਦੀ ਹੈ। ਕਹਿੰਦੀ ਹੈ ਜੇਕਰ ਤੂੰ ਫਿਰ ਤੋੜਿਆ ਤਾਂ ਚਾਰ ਥੱਪੜ ਮਾਰਾਂਗੀ। ਥੱਪੜ ਖਾ ਕੇ, ਡਾਂਟ ਸੁਣ ਕੇ, ਗਾਲ੍ਹਾਂ ਖਾ ਕੇ ਇਹ ਬੱਚਾ ਆਪਣਾ ਹੱਥ ਤਾਂ ਰੋਕ ਲੈਂਦਾ ਹੈ, ਪਰ ਆਪਣਾ ਮਨ ਨਹੀਂ ਰੋਕਦਾ। ਸੋਚਦਾ ਹੈ ਜਿਸ ਸਮੇਂ ਮਾਂ ਇੱਧਰ ਉੱਧਰ ਹੋਈ, ਫਿਰ ਕਰਾਂਗਾ। ਬੱਚੇ ਦੇ ਮਾਂ ਨੇ ਹੱਥ ਰੋਕੇ ਹਨ, ਉਸਦੇ ਮਨ ਨੂੰ ਨਹੀਂ ਰੋਕਿਆ।

ਦੂਜੀ ਮਾਂ ਹੈ। ਉਹ ਵੀ ਦੇਖਦੀ ਹੈ ਕਿ ਬੱਚਾ ਸ਼ੈਤਾਨੀ 'ਤੇ ਆਇਆ ਹੈ ਤੇ ਘਰ ਦਾ ਸਾਂਝਾ ਸਾਮਾਨ ਤੋੜਨਾ ਚਾਹੁੰਦਾ ਹੈ। ਪਰ ਇਹ ਮਾਂ ਬੱਚੇ ਨੂੰ ਡਾਂਟ ਨਹੀਂ ਸਕਦੀ, ਕੋਮਲ ਬੜੀ ਹੈ। ਇਹ ਮਾਂ ਕਹਿੰਦੀ ਹੈ ਅੱਛਾ ਮੇਰੇ ਬੇਟੇ, ਤੂੰ ਤੋੜਨਾ ਹੈ ਤਾਂ ਤੋੜ ਲਈਂ ਆਰਾਮ ਨਾਲ, ਮੈਂ ਤੇਰੇ ਲਈ ਲੱਡੂ ਲਿਆਈ ਹਾਂ ਖਾ ਲੈ। ਮੈਂ ਤੈਨੂੰ ਇਕ ਮਿੱਠੀ ਜਿਹੀ ਕਹਾਣੀ ਸੁਣਾਉਂਦੀ ਹਾਂ, ਉਹ ਵੀ ਸੁਣ ਲੈ। ਨਾਲੇ ਲੱਡੂ ਦਿੱਤਾ ਤੇ ਨਾਲੇ ਮਿੱਠੀ ਕਹਾਣੀ ਸੁਣਾਉਣੀ ਸ਼ੁਰੂ ਕੀਤੀ। ਕਹਾਣੀ ਵਿਚ ਬੱਚਾ ਲੀਨ ਹੋਇਆ ਹੈ। ਲੱਡੂ ਖਾਣ ਵਿਚ ਬੱਚਾ ਲੀਨ ਹੋਇਆ ਹੈ ਤੇ ਸਹਿਜੇ ਸਹਿਜੇ ਮਨ ਵੀ ਬਦਲ ਗਿਆ ਹੈ। ਕੱਲ ਤੱਕ ਸਾਂਝਾ ਸਾਮਾਨ ਤੋੜਨਾ ਚਾਹੁੰਦਾ ਸੀ, ਅੱਜ ਰੱਖਵਾਲਾ ਬਣ ਗਿਆ ਹੈ। ਕਹਿੰਦਾ ਹੈ, ਮਾਂ, ਜਿਵੇਂ ਤੂੰ ਕਹੇਂਗੀ ਉਵੇਂ ਕਰਾਂਗਾ। ਤੂੰ ਮਿਠਾਈ ਦਿੰਦੀ ਹੈਂ, ਇੰਨੀ ਮਿੱਠੀ ਕਹਾਣੀ ਸੁਣਾਉਂਦੀ ਹੈਂ। ਮੇਰਾ ਹਿਰਦਾ ਮਿਠਾਸ ਨਾਲ ਭਰ ਗਿਆ ਹੈ।

ਧਰਮ ਵਿਚ ਜਬਰ ਨਹੀਂ ਕੀਤਾ ਜਾ ਸਕਦਾ। ਬੜੇ ਬੜੇ ਅਵਤਾਰਾਂ ਦੇ ਬੱਚੇ ਵੀ ਧਾਰਮਿਕ ਨਹੀਂ ਸਨ। ਬੜੇ ਬੜੇ ਸੰਤਾਂ ਦੀਆਂ ਪਤਨੀਆਂ ਵੀ ਧਾਰਮਿਕ ਨਹੀਂ ਸਨ। ਧਰਮ ਜ਼ਬਰਦਸਤੀ ਨਹੀਂ ਦਿੱਤਾ ਜਾ ਸਕਦਾ। ਜਦੋਂ ਕੋਈ ਜਬਰ ਕਰੇ ਧਰਮ ਵਿਚ ਤਾਂ ਸਮਝ ਲੈਣਾ ਰਾਜਨੀਤੀ ਹੈ। ਸ਼ਮਸ ਤਬਰੇਜ਼ ਦੀ ਪੁੱਠੀ ਖੱਲ ਇਸ ਵਾਸਤੇ ਲਾਹ ਦਿੱਤੀ ਗਈ ਸੀ ਕਿਉਂਕਿ ਉਸਨੇ ਰਮਜ਼ਾਨ ਦੇ ਦਿਨਾਂ ਵਿਚ ਰੋਜ਼ੇ ਨਹੀਂ ਰੱਖੇ ਸਨ। ਦੂਜਿਆਂ ਨੂੰ ਵੀ ਰੱਖਣੇ ਪੈਂਦੇ ਹਨ, ਕਿਉਂਕਿ ਉਸ ਦਿਨ ਹੋਟਲ ਬੰਦ ਹੁੰਦੇ ਹਨ। ਕੋਈ ਖਾ ਪੀ ਵੀ ਨਹੀਂ ਸਕਦਾ ਡਰਦਾ ਮਾਰਿਆ। ਇਹ ਤਾਂ ਰਾਜਨੀਤੀ ਹੈ, ਧਰਮ ਥੋੜੀ ਹੈ। ਫਿਰ ਉਹ ਬਾਰ ਬਾਰ ਦੇ ਜਨਮ ਨੂੰ ਮੰਨਦਾ ਸੀ। ਇਸਲਾਮ ਮੰਨਦਾ ਨਹੀਂ ਸੀ। ਪੁੱਠੀ ਖੱਲ ਲਾ ਕੇ ਮਾਰਿਆ ਮੁਲਤਾਨ ਦੇ ਨਵਾਬ ਨੇ। ਧਰਮ ਵਿਚ ਜਬਰ ਨਹੀਂ ਹੈ।

ਠੱਗ ਕਿਸੇ ਨੂੰ ਠੱਗ ਨਹੀਂ ਸਕਦਾ, ਠੱਗਣ ਵਾਸਤੇ ਸੱਜਣ ਬਣਨਾ ਹੀ ਪੈਂਦਾ ਹੈ। ਸੱਜਣ ਬਣਿਆ ਹੋਇਆ ਸੀ। ਪਾਣੀ ਪਿਲਾਉਂਦਾ ਸੀ। ਇਹ ਸੱਜਣਤਾ ਹੈ। ਆਏ ਗਏ ਦੀ ਰਿਹਾਇਸ਼ ਲਈ ਮੁਸਾਫ਼ਰ ਖ਼ਾਨਾ ਬਣਾਇਆ ਹੈ, ਸੱਜਣਤਾ ਹੈ। ਰਾਤ ਨੂੰ ਸੁੱਤਿਆਂ ਹੋਇਆਂ ਨੂੰ ਮਾਰ ਦਿੰਦਾ ਸੀ, ਸਭ ਕੁਝ ਲੁੱਟ ਲੈਂਦਾ ਸੀ, ਇਹ ਠੱਗੀ ਹੈ। ਅੱਜ ਗੁਰੂ ਨਾਨਕ ਦਾ ਮਿਲਣਾ ਹੋਇਆ ਹੈ। ਗੁਰੂ ਨਾਨਕ ਕੋਲ ਲਾਠੀ ਨਹੀਂ, ਕੋਈ ਜੇਲ੍ਹ ਨਹੀਂ, ਕੋਈ ਹੱਥਕੜੀਆਂ ਨਹੀਂ, ਕੋਈ ਬੇੜੀਆਂ ਨਹੀਂ। ਇਕ ਸ਼ਬਦ ਸੁਣਾਇਆ ਹੈ–

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ॥*

(ਅੰਗ ੭੨੯)

ਸੱਜਣਾ! ਉਹਨਾਂ ਨੂੰ ਹੀ ਸੱਜਣ ਸਮਝ ਜੋ ਜਨਮ ਤੋਂ ਲੈ ਕੇ ਮਰਨ ਤੱਕ ਤੇ ਮਰਨ ਤੋਂ ਬਾਅਦ ਵੀ ਸਾਥ ਚੱਲਣ। ਤੂੰ ਕਿਹੋ ਜਿਹਿਆਂ ਦੀ ਸੱਜਣਤਾ ਵਿਚ ਫੱਸਿਆ ਪਿਆ ਹੈਂ। ਸ਼ਬਦ ਚੋਟ ਕਰ ਗਿਆ ਹੈ।

*ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥*

(ਅੰਗ ੭੨੯)

ਤੂੰ ਬਾਹਰੋਂ ਉਜਲਾ ਹੈਂ, ਚਿਕਨਾ ਚੁਪੜਾ ਹੈਂ ਪਰ ਅੰਦਰੋਂ ਤਾਂ ਸ਼ਾਹ ਹੈਂ, ਕਾਲਾ ਹੈਂ। ਗੁਰੂ ਦੀ ਸੰਗਤ ਨੇ ਮਨ ਬਦਲ ਦਿੱਤਾ ਹੈ। ਸੱਜਣ ਬਣਕੇ ਠੱਗੀ ਕਰਦਾ ਸੀ। ਹੁਣ ਸਾਰੀ ਠੱਗੀ ਨਿਕਲ ਗਈ। ਹੁਣ ਸੇਵਾ ਕਰਦਾ ਹੈ। ਜੇਕਰ ਕਾਨੂੰਨ ਵੀ ਨਾ ਹੋਵੇ ਤੇ ਸਤਿਸੰਗ ਵੀ ਨਾ ਹੋਵੇ ਤਾਂ ਯਕੀਨ ਜਾਣੋ, ਹਰ ਇਕ ਦਾ ਜੀਉਣਾ ਬੜਾ ਔਖਾ ਹੋ ਜਾਵੇਗਾ। ਲੜੀਵਾਰ ਆਪ ਸਰਵਨ ਕਰੋ।

*ਸਲੋਕ ਮ: ੧॥ ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ॥*

ਚੋਰ, ਯਾਰ, ਰੰਡੀਆਂ ਤੇ ਉਹ ਰੰਡੀਆਂ ਦੀ ਦਲਾਲੀ ਖਾਣ ਵਾਲੀਆਂ ਕੁਟਣੀਆਂ ਜਿਨ੍ਹਾਂ ਨੂੰ ਪੰਜਾਬੀ ਵਿਚ ਕੁਝ ਹੋਰ ਕਹਿੰਦੇ ਹਨ, ਕਰੜਾ ਸ਼ਬਦ ਹੈ। ਭਗਤ ਕਬੀਰ ਇਸ ਨੂੰ ਕੁਟਣੀ ਕਹਿੰਦੇ ਸਨ ਤੇ ਕੁਟਣੀ ਉਸਨੂੰ ਕਹਿੰਦੇ ਹਨ ਜੋ ਇਸਤਰੀਆਂ ਦੀ ਦਲਾਲੀ ਖਾਵੇ। ਮਹਾਰਾਜ ਕਹਿੰਦੇ ਹਨ, ਦੀਬਾਣੁ। ਇਹਨਾਂ ਦੀ ਮਹਿਫ਼ਲ ਹੈ। ਇਹ ਆਪਸ ਵਿਚ ਇਕੱਠੇ ਬੈਠਦੇ ਹਨ- ਚੋਰ, ਯਾਰ, ਕੁਟਣੀਆਂ ਤੇ ਰੰਡੀਆਂ। ਔਗੁਣਾਂ ਦੀ ਆਪਣੀ ਸਾਂਝ ਹੈ ਤੇ ਗੁਣਾਂ ਦੀ ਆਪਣੀ ਸਾਂਝ। ਇਹ ਇਕੱਠੇ ਬੈਠਦੇ ਹਨ। ਇਹਨਾਂ ਦੀ ਆਪਸ ਵਿਚ ਉੱਠ ਬੈਠ ਹੁੰਦੀ ਹੈ।

*ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥*

ਬੇਦੀਨ ਕਿਸਨੂੰ ਆਖੋਗੇ? ਜੋ ਸਾਡੇ ਢੰਗ ਨਾਲ ਬਾਣੀ ਨਹੀਂ ਪੜ੍ਹਦਾ, ਕਿਸੇ ਹੋਰ ਢੰਗ ਨਾਲ ਪੜ੍ਹਦਾ ਹੈ। ਜੋ ਸਾਡੇ ਢੰਗ ਨਾਲ ਕਥਾ ਕੀਰਤਨ ਨਹੀਂ ਸੁਣਦਾ। ਜੋ ਕਿਸੇ ਹੋਰ ਢੰਗ ਨਾਲ ਨਮਾਜ਼ ਪੜ੍ਹਦਾ ਹੈ। ਬੇਦੀਨ ਜਿਸਦੇ ਅੰਦਰ ਧਰਮ ਨਹੀਂ ਹੈ। ਧਰਮ ਖੜਾ ਹੈ ਸੰਤੋਖ 'ਤੇ, ਧਰਮ ਖੜਾ ਹੈ ਦਇਆ 'ਤੇ। ਬੇਦੀਨ ਜੋ ਲੋਭੀ ਹੈ ਤੇ ਅਸੀਮ ਕਾਮੀ ਹੈ, ਉਹ ਬੇਦੀਨ ਹੈ।

ਕਈ ਦਫ਼ਾ ਮੈਂ ਵੇਖਦਾ ਹਾਂ ਕਿ ਇੰਨੀ ਛੂਆਛਾਤ ਤਾਂ ਬ੍ਰਾਹਮਣਾਂ ਨੇ ਵੀ ਨਹੀਂ ਪੈਦਾ ਕੀਤੀ ਸੀ ਜਿੰਨੀ ਅਸੀਂ ਕਰ ਲਈ ਹੈ। ਮੁਸਲਮਾਨ ਫ਼ਕੀਰਾਂ ਦੇ ਸਤਿਗੁਰੂ ਮਹਿਮਾਨ ਹੁੰਦੇ ਸਨ। ਪੀਰ ਦਸਤਗੀਰ ਸਵੇਰੇ ਸ਼ਾਮ ਨਾਨ ਬਣਾ ਕੇ ਸਤਿਗੁਰੂ ਨੂੰ ਪੇਸ਼ ਕਰਦਾ ਸੀ। ਸਤਿਗੁਰੂ ਨੇ ਤਾਂ ਕਦੀ ਨਹੀਂ ਆਖਿਆ ਕਿ ਤੂੰ ਬੇਦੀਨ ਹੈਂ ਤੇ ਮੈਂ ਤੇਰੇ ਹੱਥੋਂ ਨਾ ਖਾਵਾਂ। ਨਹੀਂ, ਉਹ ਦੀਨਦਾਰ ਹੈ। ਉਸਦਾ ਦੀਨ ਹੈ ਨਿਮਾਜ਼ ਪੜ੍ਹਨਾ, ਉਸਦਾ ਦੀਨ ਹੈ ਅੱਲਾਹ-ਹੂ ਕਰਨਾ। ਇਸ ਤਰ੍ਹਾਂ ਦੇ ਮਨੁੱਖ ਨੂੰ ਅਸੀਂ ਬੇਦੀਨ ਨਹੀਂ ਕਹਿ ਸਕਦੇ। ਮੇਰੇ ਢੰਗ ਨਾਲ ਜੋ ਜੱਪ ਤੱਪ

ਕਰਦਾ ਹੈ, ਉਹ ਤਾਂ ਦੀਨਦਾਰ ਹੈ ਤੇ ਜੋ ਮੇਰੇ ਢੰਗ ਨਾਲ ਨਹੀਂ ਕਰਦਾ ਉਹ ਬੇਦੀਨ ਹੈ। ਇਥੇ ਬੇਦੀਨ ਦੇ ਅਰਥ ਹਨ ਚੋਰ, ਯਾਰ, ਰੰਡੀਆਂ, ਕੁਟਣੀਆਂ। ਇਹਨਾਂ ਬੇਦੀਨਾਂ ਦਾ ਆਪਸ ਵਿਚ ਖਾਣਾ ਪੀਣਾ ਹੈ, ਉੱਠਣਾ ਬੈਠਣਾ ਹੈ। ਇਹਨਾਂ ਦਾ ਆਪਸ ਵਿਚ ਭਾਈਚਾਰਾ ਹੈ। ਕੁਦਰਤੀ ਗੱਲ ਹੈ ਦੁਰਾਚਾਰੀ ਸਦਾਚਾਰੀ ਨੂੰ ਕਿਥੇ ਪਸੰਦ ਕਰੇਗਾ।

*ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ॥*

ਪ੍ਰਮਾਤਮਾ ਦੀ ਸਿਫ਼ਤ ਕਰਨੀ ਨਹੀਂ ਜਾਣਦੇ। ਪ੍ਰਮਾਤਮਾ ਦੇ ਗੁਣਾਂ ਦਾ ਇਹਨਾਂ ਨੂੰ ਕੋਈ ਪਤਾ ਨਹੀਂ। ਸ਼ੈਤਾਨੀਅਤ ਹਰ ਸਮੇਂ ਰਹਿੰਦੀ ਹੈ ਇਹਨਾਂ ਕੁਟਣੀਆਂ ਦੇ ਅੰਦਰ, ਇਹਨਾਂ ਰੰਡੀਆਂ ਦੇ ਅੰਦਰ, ਇਹਨਾਂ ਚੋਰਾਂ ਦੇ ਅੰਦਰ। ਬਸ ਮੌਕਾ ਮਿਲਣਾ ਚਾਹੀਦਾ ਹੈ।

*ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ॥*

ਇਸ ਤਰ੍ਹਾਂ ਦੀ ਫ਼ਿਤਰਤ ਦਾ ਮਨੁੱਖ ਜੇ ਕਿਤੇ ਸੰਗਤ ਵਿਚ ਆ ਜਾਏ ਤਾਂ ਨੀਅਤ ਉਸਦੀ ਇਹ ਹੈ ਕਿ ਇਥੇ ਵੀ ਚੋਰੀ ਕਰਨੀ ਹੈ। ਇਥੇ ਵੀ ਉਸਦੀ ਸ਼ਕਤੀ ਅਸੀਮ ਕਾਮ ਬਣੀ ਹੋਈ ਹੈ, ਅਸੀਮ ਲੋਭ ਬਣੀ ਹੋਈ ਹੈ। ਮਹਾਰਾਜ ਕਹਿੰਦੇ ਹਨ ਕਿ ਜੇ ਖੋਤੇ ਨੂੰ ਚੰਦਨ ਲਾ ਵੀ ਦੇਈਏ ਤਾਂ ਫਿਰ ਉਸਨੇ ਮਿੱਟੀ ਵਿਚ ਹੀ ਲੇਟਣਾ ਹੈ। ਇਸ ਤਰ੍ਹਾਂ ਦੇ ਮਨੁੱਖ ਨੂੰ ਕਥਾ ਕੀਰਤਨ ਸੁਣਾ ਵੀ ਦੇਈਏ ਤਾਂ ਨਾ ਉਸਨੇ ਕੀਰਤਨ ਸੁਣਨਾ ਹੈ, ਨਾ ਉਸਨੇ ਕਥਾ ਸੁਣਨੀ ਹੈ। ਉਹ ਤਾਂ ਆਇਆ ਹੈ ਆਪਣੇ ਸ਼ਿਕਾਰ ਲਈ। ਉਹ ਬਾਜ਼ਾਰ ਵਿਚ ਵੀ ਸ਼ਿਕਾਰ ਲੱਭਦਾ ਹੈ, ਘਰਾਂ ਵਿਚ ਵੀ ਸ਼ਿਕਾਰ ਲੱਭਦਾ ਹੈ, ਗੁਰਦੁਆਰੇ ਵਿਚ ਵੀ ਸ਼ਿਕਾਰ ਲੱਭਦਾ ਹੈ। ਸੱਪਣੀ ਸੰਗਤ ਵਿਚ ਆ ਜਾਏ ਤਾਂ ਕੀ ਉਹ ਲਿਹਾਜ਼ ਕਰਦੀ ਹੈ ਕਿ ਮੈਂ ਸੰਗਤ ਵਿਚ ਆਈ ਹਾਂ, ਇਥੇ ਕਿਸੇ ਨੂੰ ਨਹੀਂ ਡੰਗ ਮਾਰਨਾ। ਹੈ ਤਾਂ ਉਹ ਸੱਪਣੀ, ਡੰਗ ਮਾਰੇਗੀ।

*ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ॥*

ਜੇਕਰ ਕਪਾਸ ਝੂਠ ਦੀ ਹੈ ਤੇ ਸੂਤਰ ਉਸ ਤੋਂ ਜੋ ਕਤਿਆ ਗਿਆ ਹੈ, ਉਹ ਵੀ ਝੂਠ ਹੈ। ਤਾਣਾ ਪੇਟਾ ਝੂਠ ਹੈ, ਤਾਂ ਇਸ ਤੋਂ ਜੋ ਕੱਪੜਾ ਬਣੇਗਾ ਉਹ ਵੀ ਝੂਠ ਹੈ। ਜੇਕਰ ਇਕ ਵਾਰੀ ਜ਼ਿੰਦਗੀ ਦਾ ਰਹਿਬਰ ਝੂਠ ਨੂੰ ਬਣਾ ਲਿਆ ਫਿਰ ਤਾਂ ਜੋ ਕੁਝ ਵੀ ਕਰਦੇ ਪਏ ਹਾਂ, ਖਾਣਾ, ਪਹਿਨਣਾ, ਉੱਠਣਾ, ਬੈਠਣਾ ਸਭ ਕੁਝ ਝੂਠ ਵਿਚ ਹੋਵੇਗਾ, ਹੋਰ ਕੀ ਹੈ। ਇਸੇ ਵਿਚ ਮਨੁੱਖ ਲਿਪਟਿਆ ਹੋਇਆ ਹੈ। ਇਸੇ ਨੂੰ ਪਹਿਨੇਗਾ ਭਾਵ ਜਿਥੇ ਵੀ ਜਾਏਗਾ ਬਸ ਝੂਠ ਵਿਚ ਜਾਏਗਾ। ਹਰ ਥਾਂ ਝੂਠ ਦੀ ਇਹ ਪ੍ਰਦਰਸ਼ਨੀ ਕਰੇਗਾ।

*ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ॥੧॥*

ਇਸਦਾ ਨਾਪਣਾ ਵੀ ਝੂਠ ਹੋਵੇਗਾ, ਕੂੜ ਹੋਵੇਗਾ ਭਾਵ ਹਰ ਗੱਲ ਨੂੰ ਇਹ ਝੂਠ ਦੇ ਤਰਾਜ਼ੂ ਵਿਚ ਤੋਲੇਗਾ। ਕਿਉਂਕਿ ਪ੍ਰਬਲ ਲੋਭ ਹੈ। ਹੁਣ ਪਰਾਈ ਚੀਜ਼ ਨੂੰ ਆਪਣਾ ਕਰਨਾ ਹੈ ਬਿਨਾਂ ਝੂਠ ਬੋਲਿਆਂ ਤਾਂ ਹੋਵੇਗੀ ਨਹੀਂ।

*ਮ: ੧॥ ਬਾਂਗਾ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ॥*

ਜਗਤ ਦੇ ਵਿਚ ਵੱਖ ਵੱਖ ਢੰਗ ਹੈ ਸੰਸਾਰ ਤੋਂ ਕੁਝ ਮੰਗਣ ਦਾ। ਸਾਹਿਬ ਹੁਣ ਉਸਦਾ ਜ਼ਿਕਰ ਕਰਦੇ ਹਨ। ਹੈ ਤਾਂ ਲੋਭ, ਪਰ ਚੋਰੀ ਨਹੀਂ ਕਰ ਸਕਦੇ। ਫਿਰ ਲੋਭ ਕਰਕੇ ਮੰਗਣ ਦਾ ਢੰਗ ਲੱਭ ਲਿਆ। ਇਹ ਮੰਗਣਾ ਵੀ ਚੋਰੀ ਹੁੰਦਾ ਹੈ। ਵਿਦਿਆਲਾ ਬਣਾਉਣਾ ਹੈ, ਹਸਪਤਾਲ ਬਣਾਉਣਾ ਹੈ, ਆਸ਼ਰਮ ਬਣਾਉਣਾ ਹੈ, ਹੁਣ ਇਸਦੇ ਨਾਮ 'ਤੇ ਚੋਰੀ। ਸਿੱਧੀ ਚੋਰੀ ਕਰਨੀ ਬੜੀ ਔਖੀ ਹੈ ਤਾਂ ਮੰਦਰ ਨੂੰ ਅੱਗੇ ਕਰੋ ਤੇ ਮੰਗੋ, ਆਸ਼ਰਮ ਨੂੰ ਅੱਗੇ ਕਰੋ ਤੇ ਮੰਗੋ, ਵਿਦਿਆਲੇ ਨੂੰ ਅੱਗੇ ਕਰੋ ਤੇ ਮੰਗੋ। ਸਾਹਿਬ ਇਥੇ ਜ਼ਿਕਰ ਕਰਦੇ ਹਨ ਕਿ ਕੋਈ ਬਾਂਗ ਨੂੰ ਅੱਗੇ ਕਰ ਰਿਹਾ ਹੈ ਮੌਲਵੀ ਕੋਈ ਬੁਰਗੂ। ਕਾਲੇ ਰੰਗ ਦੀ ਬੁਰਗੂ ਹੁੰਦੀ ਹੈ। ਤੂਤੀ ਵੀ ਇਸਨੂੰ ਕਹਿੰਦੇ ਹਨ। ਦੁਕਾਨ ਦੁਕਾਨ 'ਤੇ ਮੰਗਦੇ ਹਨ ਤੇ ਇਸਨੂੰ ਵਜਾਉਂਦੇ ਹਨ। ਸਿੰਙੀਆ ਜੋਗੀ ਸਿੰਙੀ ਵਜਾਉਂਦੇ ਹਨ ਅਤੇ ਮਰਾਸੀ ਗੀਤ ਗਾਉਂਦੇ ਹਨ। ਇਹ ਉਹਨਾਂ ਦੇ ਢੰਗ ਹਨ।

*ਇਕਿ ਦਾਤੇ ਇਕਿ ਮੰਗਤੇ ਨਾਮੁ ਤੇਰਾ ਪਰਵਾਣੁ॥*

ਕਿਉਂਕਿ ਜਗਤ ਵਿਚ ਦਾਤੇ ਬਹੁਤ ਹਨ। ਸਕੂਲ ਦੇ ਨਾਮ 'ਤੇ, ਆਸ਼ਰਮ ਦੇ ਨਾਮ 'ਤੇ, ਹਸਪਤਾਲ ਦੇ ਨਾਮ 'ਤੇ ਦੇਣ ਵਾਲੇ ਬਹੁਤ ਹਨ। ਪਰ ਹਸਪਤਾਲ ਬਣਿਆ ਨਹੀਂ, ਇਹ ਮੰਗਣਾ ਚੋਰੀ ਹੈ। ਸਕੂਲ ਬਣਿਆ ਨਹੀਂ, ਇਹ ਮੰਗਣਾ ਚੋਰੀ ਹੈ। ਪਰ ਹੇ ਪਰੀਪੂਰਨ ਪ੍ਰਮਾਤਮਾ! ਮੈਂ ਵੀ ਤੇਰੇ ਦਰ ਦਾ ਮੰਗਤਾ ਹਾਂ, ਮੈਨੂੰ ਤੂੰ ਆਪਣਾ ਨਾਮ ਦੇ। ਜਿਸ ਢੰਗ ਨਾਲ ਤੂੰ ਚਾਹੇਂ ਮੇਰੀ ਝੋਲੀ ਵਿਚ ਆਪਣੇ ਨਾਮ ਦੀ ਖ਼ੈਰਾਤ ਪਾ।

*ਨਾਨਕ ਜਿਨ੍ਹੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ॥ ੨॥*

ਮੈਂ ਸੱਦਕੇ ਜਾਂਦਾ ਹਾਂ ਜਿਨ੍ਹਾਂ ਨੇ ਤੇਰਾ ਜੱਸ ਸੁਣਿਆ ਹੈ ਤੇ ਮੰਨ ਲਿਆ ਹੈ। ਮਨ ਵਿਚ ਵਸਾ ਲਿਆ ਹੈ ਤੇ ਰੱਸ ਨਾਲ ਭਰ ਗਏ ਹਨ। ਮੈਂ ਉਹਨਾਂ ਤੋਂ ਸਦਕੇ ਜਾਂਦਾ ਹਾਂ।

*ਪਉੜੀ॥ ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ॥*

ਮਾਇਆ ਦਾ ਮੋਹ ਝੂਠ ਹੈ ਤੇ ਇਕ ਦਿਨ ਮਨੁੱਖ ਨੂੰ ਬਿਲਕੁਲ ਝੂਠਾ ਬਣਾ ਕੇ ਰੱਖ ਦਿੰਦੀ ਹੈ। ਮਨੁੱਖ ਕੂੜ ਦਾ ਮੁਜੱਸਮਾ ਬਣ ਕੇ ਰਹਿ ਜਾਂਦਾ ਹੈ।

*ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ॥*

ਮਨੁੱਖ ਕੂੜਾ ਹੋ ਕੇ ਕਿਉਂ ਰਹਿ ਜਾਂਦਾ ਹੈ। ਦੋ ਹੀ ਢੰਗ ਦਾ ਜੀਉਣਾ ਹੈ। ਹੇ ਪ੍ਰਭੂ! ਇਕ ਤੇਰੇ ਵਾਸਤੇ ਜੀਉਣਾ ਹੈ, ਦੂਸਰਾ ਮੈਂ ਆਪਣੇ ਵਾਸਤੇ ਜੀਉਣਾ ਹੈ। ਮੈਂ ਹਾਂ ਤਾਂ ਫਿਰ ਮੇਰਾ ਚਾਹੀਦਾ ਹੈ। ਇਕ ਦੂਸਰਾ ਜਿਉਣਾ ਹੈ, ਤੂੰ ਹੈਂ, ਸਭ ਕੁਝ ਤੇਰਾ ਹੈ। ਇਕ ਮੇਰੇ ਦੀ ਯਾਤਰਾ ਹੈ, ਇਕ ਤੇਰੇ ਦੀ ਯਾਤਰਾ ਹੈ। ਜਿਹੜੀ ਮੇਰੇ ਦੀ ਯਾਤਰਾ ਹੈ, ਇਹ ਮਾਇਆ ਹੈ, ਇਹ ਝੂਠ ਹੈ। ਇਹ ਹਉਮੈ ਦਾ ਪਸਾਰਾ ਹੈ। ਇਸ ਤਰ੍ਹਾਂ ਮਨੁੱਖ ਨੂੰ ਦੁਖਤ ਹੋਣਾ ਪੈਂਦਾ ਹੈ।

*ਗੁਰਮੁਖਿ ਝਗੜੁ ਚੁਕਾਇਓਨੁ ਇਕੋ ਰਵਿ ਰਹਿਆ॥*

ਗੁਰਮੁਖ ਨੇ ਇਹ ਝਗੜਾ ਚੁਕਾ ਦਿੱਤਾ ਹੈ, ਇਸ ਝਗੜੇ ਵਿਚ ਨਹੀਂ ਪੈਂਦਾ। ਉਹ ਕਹਿੰਦਾ ਹੈ ਤੇਰਾ ਹੈ, ਤੇਰਾ ਹੈ।

*ਮਨੁ ਤਨੁ ਤੇਰਾ ਧਨੁ ਭੀ ਤੇਰਾ॥ ਤੂੰ ਠਾਕੁਰ ਸੁਆਮੀ ਪ੍ਰਭੁ ਮੇਰਾ॥*

(ਅੰਗ ੧੦੬)

ਮੈਂ ਤਾਂ ਹਾਂ ਹੀ ਨਹੀਂ ਤਾਂ ਫਿਰ ਮੇਰਾ ਕਿਥੇ। ਜੋ ਕੁਝ ਹੈ ਉਹ ਤੇਰਾ ਹੈ। ਇਸ ਝਗੜੇ ਨੂੰ ਇੰਝ ਖ਼ਤਮ ਕਰ ਦਿੱਤਾ ਹੈ।

*ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤਰਿ ਗਇਆ॥*

ਸਾਰਿਆਂ ਦੇ ਵਿਚ ਰਾਮ ਦੀ ਆਤਮਾ ਨੂੰ ਦੇਖਕੇ ਸੰਸਾਰ ਭਉਜਲ ਤੋਂ ਇਹ ਗੁਰਮੁਖ ਪਾਰ ਹੋ ਜਾਂਦਾ ਹੈ, ਭਾਵ ਇਹ ਜਗਤ ਉਸਨੂੰ ਡੋਬਦਾ ਨਹੀਂ।

*ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਇਆ॥ ੧੪॥*

ਇਹ ਜੋਤ ਪਰਮ ਜੋਤ ਵਿਚ ਲੀਨ ਹੋ ਗਈ। ਇਹ ਬੂੰਦ ਸਾਗਰ ਵਿਚ ਲੀਨ ਹੋ ਗਈ। ਯਾਤਰਾ ਸੰਪੂਰਨ ਹੋ ਗਈ ਇਸ ਗੁਰਮੁਖ ਦੀ। ਇਹ ਬੂੰਦ ਰਸਤੇ ਵਿਚ ਰੁੱਕੀ ਨਹੀਂ। ਇਹ ਠੀਕ ਹੈ ਕਿ ਇਕ ਇਕੱਲੀ ਬੂੰਦ ਸਾਗਰ ਤੱਕ ਨਹੀਂ ਪਹੁੰਚ ਸਕਦੀ। ਇਕ ਬੂੰਦ ਨੂੰ ਅਰਬਾਂ ਖਰਬਾਂ ਬੂੰਦਾਂ ਦਾ ਸਹਾਰਾ ਲੈ ਕੇ ਹੀ ਸਾਗਰ ਤੱਕ ਪਹੁੰਚਣਾ ਪਏਗਾ। ਇਕੱਲੀ ਤਾਂ ਜ਼ਮੀਨ ਜਜ਼ਬ ਕਰ ਲਵੇਗੀ। ਇਕੱਲਾ ਮਨੁੱਖ ਪ੍ਰਮਾਤਮਾ ਤੱਕ ਨਹੀਂ ਜਾ ਸਕਦਾ। ਗੁਰੂ ਨਾਨਕ, ਗੁਰੂ ਕਲਗੀਧਰ ਪਿਤਾ ਦਾ ਸਹਾਰਾ ਪਕੜਨਾ ਪਏਗਾ। ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ ਵਰਗੇ ਆਦਰਸ਼ਵਾਦੀਆਂ ਦੀਆਂ ਇਤਿਹਾਸਿਕ ਕਹਾਣੀਆਂ ਦਾ ਸਹਾਰਾ ਫੜਨਾ ਪਏਗਾ।

ਸਤਿਗੁਰ ਰਹਿਮਤ ਕਰਨ। ਭੁੱਲਾਂ ਚੁੱਕਾਂ ਦੀ ਮੁਆਫ਼ੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

# ਆਪੇ ਸੇਵਾ ਲਾਇਦਾ ਪਿਆਰਾ

ਸੋਰਠਿ ਮਹਲਾ ੪ ॥

ਆਪੇ ਸੇਵਾ ਲਾਇਦਾ ਪਿਆਰਾ ਆਪੇ ਭਗਤਿ ਉਮਾਹਾ॥
ਆਪੇ ਗੁਣ ਗਾਵਾਇਦਾ ਪਿਆਰਾ ਆਪੇ ਸਬਦਿ ਸਮਾਹਾ॥
ਆਪੇ ਲੇਖਣਿ ਆਪਿ ਲਿਖਾਰੀ ਆਪੇ ਲੇਖੁ ਲਿਖਾਹਾ॥ ੧॥
ਮੇਰੇ ਮਨ ਜਪਿ ਰਾਮ ਨਾਮੁ ਓਮਾਹਾ॥
ਅਨਦਿਨੁ ਅਨਦੁ ਹੋਵੈ ਵਡਭਾਗੀ ਲੈ ਗੁਰਿ ਪੂਰੇ ਹਰਿ ਲਾਹਾ॥ ਰਹਾਉ॥
ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ॥
ਆਪੇ ਸਾਵਲ ਸੁੰਦਰਾ ਪਿਆਰਾ ਆਪੇ ਵੰਸੁ ਵਜਾਹਾ॥
ਕੁਵਲੀਆ ਪੀੜੁ ਆਪਿ ਮਰਾਇਦਾ ਪਿਆਰਾ ਕਰਿ ਬਾਲਕ ਰੂਪਿ ਪਚਾਹਾ॥੨॥
ਆਪਿ ਅਖਾੜਾ ਪਾਇਦਾ ਪਿਆਰਾ ਕਰਿ ਵੇਖੈ ਆਪਿ ਚੋਜਾਹਾ॥
ਕਰਿ ਬਾਲਕ ਰੂਪ ਉਪਾਇਦਾ ਪਿਆਰਾ ਚੰਡੂਰੁ ਕੰਸੁ ਕੇਸੁ ਮਾਰਾਹਾ॥
ਆਪੇ ਹੀ ਬਲੁ ਆਪਿ ਹੈ ਪਿਆਰਾ ਬਲੁ ਭੰਨੈ ਮੂਰਖ ਮੁਗਧਾਹਾ॥ ੩॥
ਸਭੁ ਆਪੇ ਜਗਤੁ ਉਪਾਇਦਾ ਪਿਆਰਾ ਵਸਿ ਆਪੇ ਜੁਗਤਿ ਹਥਾਹਾ॥
ਗਲਿ ਜੇਵੜੀ ਆਪੇ ਪਾਇਦਾ ਪਿਆਰਾ ਜਿਉ ਪ੍ਰਭੁ ਖਿੰਚੈ ਤਿਉ ਜਾਹਾ॥
ਜੋ ਗਰਬੈ ਸੋ ਪਚਸੀ ਪਿਆਰੇ ਜਪਿ ਨਾਨਕ ਭਗਤਿ ਸਮਾਹਾ॥ ੪॥ ੬॥

(ਅੰਗ ੬੦੬)

ਸਨਮਾਨ ਯੋਗ ਸਾਧ ਸੰਗਤ ਜੀਉ! ਫਤਹਿ ਪ੍ਰਵਾਨ ਕਰਨੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਮਨੁੱਖ ਇਕ ਐਸਾ ਪ੍ਰਾਣੀ ਹੈ, ਸੰਬੰਧਾਂ ਤੋਂ ਬਿਨਾਂ ਜੀਅ ਨਹੀਂ ਸਕੇਗਾ। ਰਿਸ਼ਤਿਆਂ ਤੋਂ ਬਿਨਾਂ ਜੀਅ ਨਹੀਂ ਸਕੇਗਾ। ਜਿਸ ਦਾ ਕੋਈ ਵੀ ਸੰਬੰਧੀ ਨਹੀਂ, ਉਸਨੂੰ ਯਤੀਮ ਕਹਿ ਦੇਂਦੇ ਹਨ। ਤਰਸਯੋਗ ਵੀ ਕਹਿ ਦੇਂਦੇ ਹਨ। ਕੋਈ ਨਹੀਂ, ਕੋਈ ਵੀ ਨਹੀਂ। ਮਨੁੱਖ ਦਾ ਮਾਨਸਿਕ ਮੰਡਲ ਵੀ ਕੁਝ ਐਸਾ ਹੈ। ਸੰਬੰਧਾਂ ਤੋਂ ਬਿਨਾਂ ਜੀਉਣਾ ਔਖਾ ਹੋ ਜਾਂਦਾ ਹੈ। ਐਸੇ ਮਨੁੱਖ ਵੀ

ਦੇਖੇ ਗਏ ਹਨ, ਤਨਹਾ ਰਹਿ ਗਏ। ਇਕੱਲੇ ਰਹਿ ਗਏ, ਸੰਬੰਧ ਕਿਸੇ ਨਾਲ ਸਥਾਪਿਤ ਨਾ ਕਰ ਸਕੇ। ਆਪਣਾ ਦਿਮਾਗ਼ੀ ਸੰਤੁਲਨ ਗਵਾ ਬੈਠੇ। ਪਾਗ਼ਲ ਹੋ ਗਏ। ਸੰਬੰਧਾਂ ਤੋਂ ਬਿਨਾਂ ਜੀਊਣਾ ਔਖਾ ਹੋ ਜਾਂਦਾ ਹੈ, ਪਰ ਜਿਸ ਨਾਲ ਸੰਬੰਧ ਹੋ ਜਾਏ, ਫਿਰ ਉਹਨੂੰ ਆਖਿਆ ਜਾਂਦਾ ਹੈ ਸਨਬੰਧੀ। ਇਹ ਸਨਬੰਧੀ ਹੈ। ਮਨੁੱਖ ਅੱਜ ਤੱਕ ਬੜੇ ਸੀਮਿਤ ਸਨਬੰਧਾਂ ਵਿਚ ਜੀਅ ਰਿਹਾ ਹੈ। ਧੰਨ ਗੁਰੂ ਰਾਮਦਾਸ ਜੀ ਮਹਾਰਾਜ ਨੇ ਅੱਜ ਦੇ ਇਸ ਪਾਵਨ ਪਵਿੱਤਰ ਵਾਕ ਦੇ ਵਿਚ ਅਸੀਮ ਸਨਬੰਧ ਦਾ ਜ਼ਿਕਰ ਕੀਤਾ ਹੈ। ਜਿਵੇਂ ਕਿਸੇ ਕਿਤਾਬ ਦੀ ਪਹਿਲੇ ਭੂਮਿਕਾ ਲਿਖੀ ਜਾਂਦੀ ਹੈ। ਉਥਾਨਿਕਾਂ ਲਿਖੀ ਜਾਂਦੀ ਹੈ, ਇਸ ਤਰੀਕੇ ਦੇ ਨਾਲ ਕਿ ਸ਼ਬਦ ਦਾ ਅਧਾਰ ਕੀ ਹੈ, ਸ਼ਬਦ ਕਿਹੜੀ ਵਿਚਾਰਧਾਰਾ ਦੇ ਆਲੇ ਦੁਆਲੇ ਘੁੰਮਦਾ ਹੈ। ਜੇਕਰ ਉਹ ਉਥਾਨਿਕਾ, ਉਹ ਭੂਮਿਕਾ ਨਾ ਬਿਆਨ ਕੀਤੀ ਜਾਏ ਤਾਂ ਅੱਖਰੀ ਅਰਥਾਂ ਨਾਲ ਤਾਂ ਪੱਲੇ ਕੱਖ ਨਹੀਂ ਪੈਂਦਾ। ਇਸ ਸ਼ਬਦ ਦੀ ਮੂਲ ਵਿਚਾਰਧਾਰਾ ਇਹ ਹੈ।

ਮਨੁੱਖੀ ਦੁਨੀਆਂ ਵਿਚ ਜਿਹੜੇ ਪ੍ਰਧਾਨ ਸਨਬੰਧ ਹਨ ਅਤੇ ਜਿਸ ਨੂੰ ਕਾਨੂੰਨ ਵੀ ਮੰਨਦਾ ਹੈ, ਉਹ ਹੈ ਖ਼ੂਨ ਦੇ ਸੰਬੰਧ। ਜਿਹੜਾ ਸਨਬੰਧੀ ਨਾ ਹੋਵੇ ਤਾਂ ਕਹਿ ਦਿੱਤਾ ਜਾਂਦਾ ਹੈ ਕਿ ਇਹ ਬੇਗਾਨਾ ਹੈ। ਇਹ ਓਪਰਾ ਹੈ, ਇਹ ਆਪਣਾ ਨਹੀਂ ਹੈ। ਸੋ ਪਹਿਲਾ ਸਨਬੰਧ ਸਾਰੀ ਦੁਨੀਆਂ ਦੇ ਵਿਚ, ਜੋ ਮਨੁੱਖੀ ਦੁਨੀਆਂ ਦੇ ਵਿਚ ਪ੍ਰਚਿੱਲਤ ਹੈ ਤੇ ਜਿਸ ਨੂੰ ਕਾਨੂੰਨ ਵੀ ਮੰਨਦਾ ਹੈ, ਉਹ ਹੈ ਖ਼ੂਨ ਦਾ ਸੰਬੰਧ। ਇਸ ਵਿਚ ਤਿੰਨੋ ਪ੍ਰਣਾਲੀਆਂ ਆ ਜਾਂਦੀਆਂ ਹਨ— ਨਾਨਕੇ, ਦਾਦਕੇ ਤੇ ਸੌਹਰੇ। ਇਸ ਤੋਂ ਇਲਾਵਾ ਜਿਹੜੇ ਬਾਕੀ ਹਨ, ਉਹ ਓਪਰੇ ਹਨ। ਨਾ ਨਾਨਕਿਆਂ ਦਾ ਸਨਬੰਧ, ਨਾ ਦਾਦਕਿਆਂ ਦਾ ਸਨਬੰਧ, ਨਾ ਸੌਹਰਿਆਂ ਦਾ ਸਨਬੰਧ। ਕੋਈ ਖ਼ੂਨ ਦਾ ਰਿਸ਼ਤਾ ਹੀ ਨਹੀਂ।

ਜਿਵੇਂ ਜਿਵੇਂ ਮਨੁੱਖ ਵਿਕਸਿਤ ਹੁੰਦਾ ਗਿਆ, ਮਨੁੱਖੀ ਦੁਨੀਆਂ ਦੇ ਸੰਬੰਧ ਹੋਰ ਵੀ ਪੈਦਾ ਹੁੰਦੇ ਗਏ। ਫਿਰ ਸਨਬੰਧ ਜੁੜੇ ਜਾਤ ਦੇ। ਇਹ ਸਾਡੀ ਜਾਤ ਦਾ ਹੈ। ਸੰਬੰਧ ਵੀ ਸੀਮਤ ਹੋਵੇਗਾ। ਖ਼ੂਨ ਦਾ ਸੰਬੰਧ ਵੀ ਸੀਮਤ ਹੋਵੇਗਾ। ਬਾਕੀ ਜਿਹੜਾ ਜੀਊਣਾ ਪਏਗਾ, ਬੇਗਾਨਿਆਂ ਵਿਚ ਜੀਊਣਾ ਪਏਗਾ। ਐਸਾ ਮਨੁੱਖ ਜੋ ਬਾਕੀ ਜੀਊਂਦਾ ਹੈ, ਓਪਰਿਆਂ ਵਿਚ ਜੀਊਂਦਾ ਹੈ। ਫਿਰ ਥੋੜਾ ਜਿਹਾ ਮਨੁੱਖ ਵਿਕਸਤ ਹੋਇਆ। ਬਈ ਇਹ ਸਾਡੀ ਜਾਤ ਦਾ ਸੰਬੰਧ ਹੈ। ਫਿਰ ਜਾਤ ਦੇ ਸੰਬੰਧ ਜੋੜੇ। ਇਸ ਤੋਂ ਅਗਾਂਹ ਚੱਲ ਕੇ ਫਿਰ ਮਜ਼੍ਹਬ ਦੇ ਸੰਬੰਧ ਜੋੜੇ। ਇਹ ਮੁਸਲਮਾਨ ਹੈ, ਮੈਂ ਵੀ ਮੁਸਲਮਾਨ ਹਾਂ। ਇਹ ਹਿੰਦੂ ਹੈ, ਮੈਂ ਵੀ ਹਿੰਦੂ ਹਾਂ। ਇਹ ਸਿੱਖ ਹੈ, ਮੈਂ ਵੀ ਸਿੱਖ ਹਾਂ। ਇਹ ਈਸਾਈ ਹੈ, ਮੈਂ ਵੀ ਈਸਾਈ ਹਾਂ। ਇਸ ਤਰ੍ਹਾਂ ਫਿਰ ਮਨੁੱਖ ਮਜ਼੍ਹਬੀ ਸੰਬੰਧ ਅਸਥਾਪਨ ਕਰਦਾ ਹੈ। ਹੋਰ ਵੀ ਸਨਬੰਧ ਪੈਦਾ ਹੋ ਰਿਹਾ ਹੈ। ਇਹ ਸਾਡੇ ਪਿੰਡ ਦਾ ਹੈ, ਇਹ ਸਾਡੇ ਸ਼ਹਿਰ ਦਾ ਹੈ। ਜਿਸ ਸ਼ਹਿਰ ਮੈਂ ਰਹਿੰਦਾ ਹਾਂ, ਇਹ ਵੀ ਮੇਰੇ ਸ਼ਹਿਰ ਰਹਿੰਦਾ ਹੈ। ਇਸ ਵਾਸਤੇ ਮੇਰਾ ਹੈ। ਇਹ ਤੇਰਾ ਕਿਸ ਤਰ੍ਹਾਂ ਹੋਇਆ? ਇਹ ਮੇਰੇ ਸ਼ਹਿਰ ਵਿਚ ਰਹਿੰਦਾ ਹੈ। ਇਸ ਕਰਕੇ ਇਹ ਮੇਰਾ ਹੈ। ਇਹ ਮੇਰੇ ਹੀ ਖ਼ੂਨ ਦਾ ਬੰਦਾ ਹੈ। ਨਾਨਕੇ ਦਾਦਕੇ ਸੌਹਰੇ ਵਿਚੋਂ ਹੈ।

ਜੋ ਮੇਰਾ ਹੈ, ਉਹ ਆਪਣਾ ਹੈ। ਜੋ ਮੇਰਾ ਨਹੀਂ, ਉਹ ਬੇਗਾਨਾ ਹੈ।

ਫਿਰ ਸ਼ਹਿਰ ਦੇ ਸੰਬੰਧ ਤੋਂ ਬਾਅਦ ਮੁਲਕ ਦੇ ਸੰਬੰਧ। ਮੈਂ ਈਰਾਨੀ ਹਾਂ, ਉਹ ਵੀ ਈਰਾਨੀ ਹੈ। ਮੈਂ ਅਫ਼ਗਾਨੀ ਹਾਂ, ਉਹ ਵੀ ਅਫ਼ਗਾਨੀ ਹੈ। ਮੈਂ ਪਾਕਿਸਤਾਨੀ ਹਾਂ, ਉਹ ਵੀ ਪਾਕਿਸਤਾਨੀ ਹੈ। ਮੈਂ ਭਾਰਤੀ ਹਾਂ, ਉਹ ਵੀ ਭਾਰਤੀ ਹੈ। ਫਿਰ ਮੁਲਕ ਕਰਕੇ ਮੈਂ ਉਹਨੂੰ ਆਖਿਆ ਇਹ ਮੇਰਾ ਹੈ, ਕਿਉਂਕਿ ਇਹ ਮੇਰੇ ਮੁਲਕ ਦਾ ਬਾਸ਼ਿੰਦਾ ਹੈ। ਇਹ ਮੇਰੇ ਮੁਲਕ ਦਾ ਵਸਨੀਕ ਹੈ। ਜੋ ਮੇਰੇ ਮੁਲਕ ਦਾ ਬਾਸ਼ਿੰਦਾ ਨਹੀਂ, ਓਪਰਾ ਹੈ। ਅੱਜ ਤੱਕ ਇਹ ਸੀਮਤ ਸਨਬੰਧ ਮਨੁੱਖ ਨੇ ਸਥਾਪਿਤ ਕੀਤੇ। ਪ੍ਰਮਾਤਮਾ ਸੀਮਤ ਨਹੀਂ ਹੈ, ਅਸੀਮ ਹੈ। ਉਹ ਕਿਸੇ ਇਕ ਸ਼ਹਿਰ ਦਾ ਵਾਸੀ ਨਹੀਂ ਹੈ। ਤੁਸੀਂ ਕੋਈ ਪਿੰਡ, ਨਗਰ ਪ੍ਰਮਾਤਮਾ ਨਾਲ ਨਹੀਂ ਜੋੜ ਸਕਦੇ। ਪ੍ਰਮਾਤਮਾ ਕਿਸੇ ਇਕ ਮੁਲਕ ਦਾ ਵਾਸੀ ਵੀ ਨਹੀਂ। ਤੁਸੀਂ ਕੋਈ ਵੀ ਮੁਲਕ ਵਿਅਕਤੀ ਨਾਲ ਜੋੜ ਸਕਦੇ ਹੋ, ਪ੍ਰਮਾਤਮਾ ਨਾਲ ਨਹੀਂ। ਜਾਤ ਦੇ ਸੰਬੰਧ ਕਰਕੇ ਵੀ ਪ੍ਰਮਾਤਮਾ ਨਾਲ ਸੰਬੰਧ ਨਹੀਂ ਜੋੜ ਸਕਦੇ, ਕਿਉਂਕਿ ਪ੍ਰਮਾਤਮਾ ਦੀ ਜਾਤ ਹੀ ਨਹੀਂ ਹੈ।

ਕਲਗੀਧਰ ਪਾਤਿਸ਼ਾਹਾ ਕਹਿੰਦੇ ਹਨ-

*ਨ ਤਾਤੈ ਨ ਮਾਤੈ॥ ਨ ਜਾਤੈ ਨ ਪਾਤੈ॥*

(ਜਾਪੁ ਸਾਹਿਬ)

ਕੋਈ ਜਾਤ ਹੈ ਹੀ ਨਹੀਂ ਉਸਦੀ। ਕੋਈ ਜਾਤ ਕਰਕੇ ਵੀ ਸੰਬੰਧ ਪ੍ਰਮਾਤਮਾ ਨਾਲ ਨਹੀਂ ਜੋੜ ਸਕਦੇ। ਪ੍ਰਮਾਤਮਾ ਮੇਰੀ ਜਾਤ ਦਾ ਹੈ, ਪ੍ਰਮਾਤਮਾ ਮੇਰੀ ਗੋਤ ਦਾ ਹੈ, ਪ੍ਰਮਾਤਮਾ ਮੇਰੇ ਖ਼ੂਨ ਦਾ ਹੈ। ਉਸਦਾ ਕੋਈ ਮਜ਼੍ਹਬ ਹੀ ਨਹੀਂ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਬੋਲ ਹਨ-

*ਨਮਸਤੰ ਅਮਜਬੇ॥ ਨਮਸਤੱਸਤੁ ਅਜਬੇ॥*

ਨਮਸ਼ਕਾਰ ਹੈ ਪ੍ਰਭੂ! ਤੇਰਾ ਕੋਈ ਮਜ਼੍ਹਬ ਨਹੀਂ। ਤੂੰ ਕੋਈ ਹਿੰਦੂ ਨਹੀਂ ਹੈਂ, ਤੂੰ ਕੋਈ ਮੁਸਲਿਮ ਨਹੀਂ ਹੈਂ। ਤੂੰ ਕੋਈ ਈਸਾਈ ਨਹੀਂ ਹੈਂ। ਤੂੰ ਸਿੱਖ ਨਹੀਂ ਹੈਂ। ਜਦ ਤੂੰ ਸਿੱਖ ਨਹੀਂ ਹੈਂ ਤਾਂ ਪ੍ਰਮਾਤਮਾ ਨਾਲ ਮੈਂ ਕਿਸ ਤਰ੍ਹਾਂ ਸਿੱਖੀ ਦਾ ਸੰਬੰਧ ਜੋੜਾਂ। ਬੜੀ ਹਿੰਮਤ ਹੈ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ। ਪਾਤਿਸ਼ਾਹ ਕਹਿੰਦੇ ਹਨ-

*ਨਮਸਤੰ ਅਮਜਬੇ॥*

ਨਮਸਕਾਰ ਹੈ ਪ੍ਰਭੂ ਤੈਨੂੰ! ਤੇਰਾ ਕੋਈ ਮਜ਼੍ਹਬ ਨਹੀਂ।

*ਨਮਸਤੱਸਤੁ ਅਜਬੇ॥*

ਹੇ ਅਜਬ ਸਰੂਪ ਵਾਲੇ ਪ੍ਰਭੂ! ਅਜਬ ਹਿੰਦੀ ਸੰਸਕ੍ਰਿਤ ਵਿਚ ਕਹਿੰਦੇ ਹਨ ਵਚਿੱਤਰ ਸਰੂਪ ਨੂੰ, ਜੋ ਦੇਖੀਏ ਤੇ ਪੂਰਾ ਦੇਖ ਨਾ ਸਕੀਏ। ਜੋ ਸਮਝੀਏ ਤੇ ਪੂਰਾ ਸਮਝ ਨਾ ਸਕੀਏ। ਉਹਨੂੰ ਉਰਦੂ ਫ਼ਾਰਸੀ ਵਿਚ ਕਹਿੰਦੇ ਹਨ - ਅਜਬ, ਅਜੀਬੋ ਗ਼ਰੀਬ। ਜਿਵੇਂ ਭਗਤ ਕਬੀਰ

ਬਾਵਨ ਅੱਖਰੀ ਦੇ ਵਿਚ ਇਕ ਸਲੋਕ ਦੇ ਵਿਚ ਫੁਰਮਾਣ ਕਰ ਰਹੇ ਹਨ-

*ਚਚਾ ਰਚਿਤ ਚਿਤ੍ਰ ਹੈ ਭਾਰੀ॥ ਤਜਿ ਚਿਤ੍ਰੈ ਚੇਤਹੁ ਚਿਤਕਾਰੀ॥*
*ਚਿਤ੍ਰ ਬਚਿਤ੍ਰ ਇਹੈ ਅਵਝੇਰਾ॥ ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ॥*

(ਅੰਗ ੩੪੦)

ਇਹ ਜਗਤ ਉਸ ਚਤੇਰੇ ਦਾ ਚਿੱਤਰ ਹੈ, ਪਰ ਐਸਾ ਚਿੱਤਰ ਹੈ ਕਿ ਬਚਿੱਤਰ ਹੈ। ਸਾਰੇ ਬ੍ਰਹਿਮੰਡ ਨੂੰ ਵੇਖਣਾ ਇਕ ਪਾਸੇ। ਇਸ ਪਿੰਡ ਨੂੰ ਵੇਖਣਾ ਵੀ ਔਖਾ ਹੈ। ਇਹੀ ਕਾਰਣ ਹੈ ਕਿ ਇਕ ਪਿੰਡ ਦੇ, ਇਕ ਸਰੀਰ ਦੇ ਇਕ ਇਕ ਅੰਗ ਦੇ ਸਪੈਸ਼ਲਿਸਟ ਪੈਦਾ ਹੋ ਰਹੇ ਹਨ। ਇਕ ਇਕ ਅੰਗ ਦੇ ਵਿਸ਼ੇਸ਼ਗ ਹਨ। ਉਹ ਜੋ ਇਕ ਇਕ ਅੰਗ ਦੇ ਵਿਸ਼ੇਸ਼ਗ ਹਨ, ਉਹ ਦਾਅਵੇ ਨਾਲ ਨਹੀਂ ਕਹਿ ਸਕਦੇ ਕਿ ਅਸੀਂ ਅੱਖ ਦੇ ਸੰਬੰਧ ਵਿਚ ਪੂਰਾ ਜਾਣਦੇ ਹਾਂ। ਸਾਰੇ ਬ੍ਰਹਿਮੰਡ ਦੀ ਤੇ ਕਥਾ ਹੀ ਅਪਾਰ ਹੈ। ਇਹ ਪਿੰਡ ਵੀ ਅਸੀਮ ਹੈ। ਇਹ ਬ੍ਰਹਿਮੰਡ ਵੀ ਅਸੀਮ ਹੈ।

*ਚਿਤ੍ਰ ਬਚਿਤ੍ਰ ਇਹੈ ਅਵਝੇਰਾ॥*

ਝਗੜਾ ਕੀ ਹੈ? ਇਹ ਚਿੱਤਰ ਬਚਿੱਤਰ ਸਮਝ ਵਿਚ ਨਹੀਂ ਪੈਂਦਾ। ਦੇਖੀਏ ਤਾਂ ਪੂਰਾ ਦੇਖ ਨਹੀਂ ਸਕਦੇ। ਇਸ ਚਿੱਤਰ ਦੀ ਵਿਆਖਿਆ ਕਰੀਏ ਤਾਂ ਪੂਰੀ ਵਿਆਖਿਆ ਨਹੀਂ ਹੋ ਸਕਦੀ। ਫਿਰ ਕਬੀਰ ਆਖ਼ਰੀ ਸੰਦੇਸ਼ ਦੇਣਗੇ-

*ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ॥*

ਚਿੱਤਰ ਨੂੰ ਵੇਖਕੇ ਚਤੇਰੇ ਨੂੰ ਯਾਦ ਕਰ। ਕਿਤਨਾ ਕਮਾਲ ਦਾ ਹੈ ਉਹ ਚਤੇਰਾ। ਬਚਿੱਤਰ ਚਿੱਤਰ ਰੱਚਿਆ। ਅਜਬ ਸਰੂਪ ਉਸ ਨੇ ਬ੍ਰਹਿਮੰਡ ਦਾ ਰੱਚਿਆ ਅਤੇ ਇਕ ਇਕ ਚੀਜ਼ ਅਸੀਮ ਹੈ। ਇਕ ਰੇਤ ਦਾ ਜ਼ੱਰਾ ਵੀ ਆਪਣੇ ਵਿਚ ਬਹੁਤ ਕੁਝ ਛਿਪਾਈ ਬੈਠਾ ਹੈ। ਇਕ ਪਾਣੀ ਦੀ ਬੂੰਦ ਵੀ ਆਪਣੇ ਵਿਚ ਬਹੁਤ ਕੁਝ ਜਾਣਕਾਰੀ ਛੁਪਾਈ ਬੈਠੀ ਹੈ।

*ਚਿਤ੍ਰ ਬਚਿਤ੍ਰ ਇਹੈ ਅਵਝੇਰਾ॥ ਤਜਿ ਚਿਤ੍ਰੈ ਚਿਤਿ ਰਾਖਿ ਚਿਤੇਰਾ॥*

ਸੰਬੰਧ ਅਸੀਂ ਸੰਸਾਰ ਵਿਚ ਜੋ ਸਥਾਪਤ ਕਰਦੇ ਹਾਂ, ਸੀਮਿਤ ਕਰਦੇ ਹਾਂ। ਸੀਮਿਤ ਸੰਬੰਧ ਰੱਖਣ ਵਾਲਾ ਤੇ ਮੰਨਣ ਵਾਲਾ ਮਨੁੱਖ ਅਸੀਮ ਨਾਲ ਨਹੀਂ ਜੁੜ ਸਕਦਾ। ਪ੍ਰਮਾਤਮਾ ਅਸੀਮ ਹੈ। ਕਲਗੀਧਰ ਪਾਤਿਸ਼ਾਹ ਕਹਿੰਦੇ ਹਨ-

*ਅਨਾਮ ਹੈਂ॥ ਅਕਾਮ ਹੈਂ॥*

(ਜਾਪੁ ਸਾਹਿਬ)

ਤੇਰਾ ਕੋਈ ਇਕ ਥਾਂ ਟਿਕਾਣਾ ਨਹੀਂ ਅਤੇ ਤੇਰਾ ਕੋਈ ਇਕ ਨਾਮ ਵੀ ਨਹੀਂ। ਇਸ ਵਾਸਤੇ ਕੋਈ ਨਾਮ 'ਤੇ ਵੀ ਝਗੜਾ ਨਹੀਂ ਪਾ ਸਕਦਾ। ਰਾਮ ਹੈ ਤੇ ਅੱਲਾਹ ਨਹੀਂ, ਅੱਲਾਹ ਹੈ ਤੇ ਵਾਹਿਗੁਰੂ ਨਹੀਂ।

*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥*

(ਅੰਗ ੧੨੯੯)

ਸਾਰਿਆਂ ਨਾਲ ਤੇ ਜਾਤ ਕਰਕੇ ਬਣ ਨਹੀਂ ਸਕਦੀ। ਸਾਰਿਆਂ ਨਾਲ ਵਿਚਾਰ ਕਰਕੇ ਵੀ ਨਹੀਂ ਬਣ ਸਕਦੀ। ਨਹੀਂ ਮੇਲ ਖਾਂਦੇ ਵਿਚਾਰ ਇਸਲਾਮ ਦੇ ਯਹੂਦੀਆਂ ਨਾਲ, ਦੁਸ਼ਮਣੀ ਹੈ ਅਤੇ ਅਜੇ ਤੱਕ ਚੱਲੀ ਆ ਰਹੀ ਹੈ ਸੈਂਕੜੇ ਸਾਲ ਤੋਂ। ਇਹ ਮੇਰਾ ਨਹੀਂ ਹੈ। ਕਿਉਂ? ਇਹ ਮੇਰੇ ਮਜ਼ਬ ਦਾ ਨਹੀਂ ਹੈ। ਇਹ ਮੇਰਾ ਨਹੀਂ ਹੈ, ਇਹ ਮੇਰੀ ਜਾਤ ਦਾ ਨਹੀਂ ਹੈ, ਇਹ ਮੇਰੇ ਸ਼ਹਿਰ ਦਾ ਨਹੀਂ ਹੈ, ਇਹ ਮੇਰੀ ਗੋਤ ਦਾ ਨਹੀਂ ਹੈ। ਅੱਜ ਤੱਕ ਮਨੁੱਖ ਸੀਮਿਤ ਸੰਬੰਧ ਵਿਚ ਜੀਅ ਰਿਹਾ ਹੈ। ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪਹਿਲੀ ਵਾਰੀ ਕੋਸ਼ਿਸ਼ ਕੀਤੀ ਤੇ ਵਿਆਪਕ ਪੱਧਰ 'ਤੇ ਕੀਤੀ ਅਤੇ ਪ੍ਰਤਕਸ਼ ਰੂਪ ਵਿਚ ਦਿਖਾ ਕੇ ਕੀਤੀ।

ਸੀਮਤ ਸੰਬੰਧਾਂ ਵਿਚ ਜੀਉਣ ਵਾਲਾ ਮਨੁੱਖ ਅਸੀਮ ਨਾਲ ਨਹੀਂ ਜੁੜ ਸਕਦਾ, ਕਿਉਂਕਿ ਉਸਦੀ ਕੋਈ ਜਾਤ ਪਾਤ ਨਹੀਂ, ਕੋਈ ਸ਼ਹਿਰ ਨਹੀਂ, ਕੋਈ ਮਜ਼ਬ ਨਹੀਂ। ਅਸੀਮ ਨਾਲ ਜਦੋਂ ਕੋਈ ਜੁੜਦਾ ਹੈ ਤਾਂ ਫਿਰ ਸਾਰਿਆਂ ਨਾਲ ਸੰਬੰਧ ਜੁੜ ਜਾਂਦਾ ਹੈ। ਮੈਨੂੰ ਸੁੰਨਤ ਕਰਾਉਣ ਦੀ ਲੋੜ ਨਹੀਂ। ਰੋਮ ਰੋਮ ਮੇਰਾ ਰੱਬੀ ਪਿਆਰ ਨਾਲ ਭਰਿਆ ਹੋਇਆ ਹੈ। ਮੈਨੂੰ ਜਨੇਊ ਪਹਿਨਣ ਦੀ ਲੋੜ ਨਹੀਂ। ਚਲਦਾ ਫਿਰਦਾ ਸੁਆਸਾਂ ਦਾ ਜਨੇਊ ਮੈਨੂੰ ਖ਼ੁਦਾ ਨੇ ਪਹਿਨਾਅ ਦਿੱਤਾ ਹੈ। ਮੈਂ ਸਿਰਫ਼ ਮਜ਼ਬ ਦੇ ਸੰਬੰਧ ਵਿਚ ਜੀਣ ਵਾਲਾ ਹਾਂ। ਇਹ ਦਮ ਦਮ ਕਰਕੇ ਸੁਆਸ ਜੋ ਚੱਲਦੇ ਪਏ ਹਨ, ਇਹ ਚੱਲਦਾ ਫਿਰਦਾ ਜਨੇਊ ਉਸ ਖ਼ੁਦਾ ਨੇ ਮੈਨੂੰ ਪਾ ਦਿੱਤਾ ਹੈ। ਰੋਮ ਰੋਮ ਵਿਚ ਜਿਹੜਾ ਰੱਬੀ ਪਿਆਰ ਹੈ, ਇਹ ਹੀ ਬਸ ਸੁੰਨਤ ਹੈ। ਸੁੰਨਤ ਦੀ ਲੋੜ ਨਹੀਂ। ਹੁਕਮ ਹੋਇਆ ਪੁੱਠੀ ਖੱਲ੍ਹ ਲਾ ਕੇ ਤੜਫਾ ਤੜਫਾ ਕੇ ਮਾਰੋ। ਅਸੀਮ ਨਾਲ ਸੰਬੰਧ ਜੁੜ ਗਿਆ। ਜਿਸ ਦਿਨ ਅਸੀਮ ਨਾਲ ਸੰਬੰਧ ਜੁੜਦਾ ਹੈ, ਐਸਾ ਪ੍ਰਤੀਤ ਹੁੰਦਾ ਹੈ ਕਿ ਸਭ ਕੁਝ ਉਹੀ ਹੈ, ਹੋਰ ਕੋਈ ਵੀ ਨਹੀਂ। ਮੁਸ਼ਕਾਂ ਬੰਨ੍ਹ ਕੇ ਲਿਆਂਦਾ ਗਿਆ।

ਭਾਈ ਘਨਈਏ ਦੀ ਸ਼ਿਕਾਇਤ ਹੋਈ। ਮਹਾਰਾਜ! ਇਹ ਗ਼ੱਦਾਰ ਹੈ। ਅਸੀਂ ਲੜ ਕੇ, ਖ਼ੂਨ ਖ਼ਰਾਬਾ ਕਰਕੇ ਜਿਸ ਨੂੰ ਗਿਰਾਉਂਦੇ ਹਾਂ, ਇਹ ਉਹਨੂੰ ਪਾਣੀ ਪਿਲਾ ਕੇ ਫਿਰ ਖੜਾ ਕਰ ਦੇਂਦਾ ਹੈ। ਸਤਿਗੁਰੂ ਮੁਸਕਰਾਉਂਦੇ ਹਨ। ਭਾਈ ਘਨਈਏ ਦੀ ਬਿਰਤੀ ਨੂੰ ਉਹ ਸਮਝਦੇ ਸਨ। ਭਾਈ ਘਨਈਆ, ਤੇਰੇ 'ਤੇ ਗ਼ੱਦਾਰੀ ਦਾ ਇਲਜ਼ਾਮ ਹੈ। ਇਸ ਤਰ੍ਹਾਂ ਕਿਉਂ ਕਰਦਾ ਹੈਂ? ਮਹਾਰਾਜ! ਤੁਸੀਂ ਆਪ ਜਾਣੀ ਜਾਣ ਹੋ। ਮੈਂ ਤਾਂ ਆਪ ਨੂੰ ਪਾਣੀ ਪਿਲਾਂਦਾ ਹਾਂ। ਬਾਕੀ ਮੈਨੂੰ ਨਹੀਂ ਪਤਾ ਕੌਣ ਹਿੰਦੂ, ਕੌਣ ਸਿੱਖ ਹੈ। ਸਤਿਗੁਰੂ ਕਹਿਣ ਲੱਗੇ ਘਨਈਆ! ਤੂੰ ਅਧੂਰਾ ਕੰਮ ਕਰਦਾ ਹੈਂ, ਪੂਰਾ ਨਹੀਂ ਕਰਦਾ। ਪੂਰਾ ਕੰਮ ਕਰਿਆ ਕਰ। ਐਹ ਮਲ੍ਹਮ ਦੀ ਡੱਬੀ ਵੀ ਲੈ। ਤੜਫਦੇ ਹੋਏ ਮਨੁੱਖਾਂ ਦੀ ਮਲ੍ਹਮ-ਪੱਟੀ ਵੀ ਕਰ। ਸੀਨੇ ਨਾਲ ਲਾਇਆ।

ਐਸੀਆਂ ਆਤਮਾਵਾਂ ਮਜ਼ਬ, ਪਿੰਡ, ਸ਼ਹਿਰ, ਭਾਸ਼ਾ ਅਤੇ ਗੋਤ, ਜਾਤ, ਪਾਤ ਦੇ ਸੰਬੰਧਾਂ ਵਿਚ ਨਹੀਂ ਜਿਊਂਦੀਆਂ। ਅਸੀਮ ਨਾਲ ਜਦੋਂ ਸੰਬੰਧ ਜੁੜਦਾ ਹੈ ਤਾਂ ਸਭ ਕੁਝ ਉਹੀ ਹੈ। ਫਿਰ ਉਸ ਵਿਚ ਪਸ਼ੂ ਵੀ ਆ ਜਾਂਦੇ ਹਨ ਅਤੇ ਯਕੀਨ ਜਾਣੋ, ਫਿਰ ਪਸ਼ੂ ਨੂੰ ਵੀ ਪਿਆਰ ਕਰਨ ਲੱਗ ਪੈਂਦੇ ਹਨ। ਜਦ ਸਾਰਿਆਂ ਦੇ ਪ੍ਰਤੀ ਹਿਰਦਾ ਪਿਆਰ ਨਾਲ ਭਰ ਜਾਏ ਤਾਂ ਸੱਪ ਵੀ ਆਣ ਕੇ ਛਾਂ ਕਰਦਾ ਹੈ। ਐਸੀਆਂ ਆਤਮਾਵਾਂ ਨੂੰ ਪਸ਼ੂ ਰਸਤੇ ਦੇਂਦੇ ਹਨ। ਐਸੀਆਂ ਆਤਮਾਵਾਂ ਦੀ ਪਸ਼ੂ ਸੇਵਾ ਕਰਦੇ ਹਨ। ਸਮ ਦ੍ਰਿਸ਼ਟੀ ਹੈ।

ਧੰਨ ਗੁਰੂ ਰਾਮਦਾਸ ਜੀ ਮਹਾਰਾਜ ਅੱਜ ਦੇ ਇਸ ਪਾਵਨ ਪਵਿੱਤਰ ਵਾਕ ਵਿਚ ਕਹਿ ਰਹੇ ਹਨ ਕਿ ਸਭ ਕੁਝ ਉਹੀ ਹੈ, ਉਹੀ ਹੈ, ਹੋਰ ਕੁਝ ਵੀ ਨਹੀਂ। ਸਿਵਾਏ ਪ੍ਰਮਾਤਮਾ ਤੋਂ ਹੋਰ ਕੁਝ ਵੀ ਨਹੀਂ। ਜੇਕਰ ਇਸ ਤਰ੍ਹਾਂ ਕਿਸੇ ਦੀ ਤੱਕਣੀ ਬਣ ਜਾਏ ਤਾਂ ਸੰਸਾਰ 'ਤੇ ਆਇਆ ਸਫਲ ਹੈ। ਇਸ ਸੰਬੰਧ ਵਿਚ ਗੁਰੂ ਨਾਨਕ ਨੇ, ਭਗਤ ਕਬੀਰ ਨੇ ਅਤੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦੱਸਮ ਗ੍ਰੰਥ ਵਿਚ ਬਹੁਤ ਕੁਝ ਬੋਲਿਆ ਹੈ। ਪਹਿਲੇ ਅੱਖਰੀ ਅਰਥ ਸਰਵਨ ਕਰੋ। ਸਤਿਨਾਮ ਸ੍ਰੀ ਵਾਹਿਗੁਰੂ ਸਾਹਿਬ ਜੀ।

ਸੋਰਠਿ ਮਹਲਾ ੪ ॥

*ਆਪੇ ਸੇਵਾ ਲਾਇਦਾ ਪਿਆਰਾ ਆਪੇ ਭਗਤਿ ਉਮਾਹਾ॥*

ਪਰੀਪੂਰਨ ਪ੍ਰਮਾਤਮਾ ਆਪ ਹੀ ਸੇਵਾ ਵਿਚ ਲਾ ਰਿਹਾ ਹੈ। ਆਪ ਹੀ ਭਗਤੀ ਕਰਾ ਰਿਹਾ ਹੈ ਤੇ ਆਪ ਹੀ ਭਗਤੀ ਦੀ ਉਮੰਗ ਹੈ, ਤਰੰਗ ਹੈ। ਰੱਸ ਹੈ ਤੇ ਸਾਰੇ ਸ਼ਬਦ ਵਿਚ ਆਪ, ਆਪ ਉਹ ਆਪ ਹੈ, ਉਹ ਆਪ ਹੈ। ਇਹੀ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਭੇਤ ਖੋਲ੍ਹੀ ਜਾ ਰਹੇ ਹਨ।

*ਆਪੇ ਗੁਣ ਗਾਵਾਇਦਾ ਪਿਆਰਾ ਆਪੇ ਸਬਦਿ ਸਮਾਹਾ॥*

ਆਪ ਹੀ ਸ਼ਬਦ ਵਿਚ ਸਮਾਇਆ ਹੋਇਆ ਹੈ ਤੇ ਆਪੇ ਹੀ ਸ਼ਬਦਾਂ ਦੇ ਜੱਪ ਦੁਆਰਾ ਗੁਣਾਂ ਨੂੰ ਪੈਦਾ ਕਰਨ ਵਾਲਾ ਹੈ। ਸੁੰਦਰ ਸੁੰਦਰ ਗੁਣਾਂ ਨੂੰ ਪੈਦਾ ਕਰਨ ਵਾਲਾ ਉਹ ਆਪ ਹੀ ਹੈ। ਗੁਣਾਂ ਵਿਚ ਵੀ ਆਪ ਹੈ, ਸ਼ਬਦ ਵਿਚ ਵੀ ਆਪ ਹੈ।

*ਆਪੇ ਲੇਖਣਿ ਆਪਿ ਲਿਖਾਰੀ ਆਪੇ ਲੇਖੁ ਲਿਖਾਹਾ॥ ੧॥*

ਲਿਖਾਰੀ ਵੀ ਉਹ ਆਪ ਹੈ, ਕਲਮ ਵੀ ਉਹ ਆਪ ਹੈ, ਲਿਖਣ ਵਾਲਾ ਵੀ ਉਹ ਆਪ ਹੈ। ਪਰ ਗ਼ਜ਼ਬ ਕਰਦੇ ਹਨ ਸਤਿਗੁਰੂ ਉਹ ਲੇਖ ਵੀ ਆਪ ਹੀ ਹੈ। ਜੋ ਲਿਖਿਆ ਗਿਆ ਉਹ ਲੇਖ ਵੀ ਆਪ ਹੀ ਹੈ। ਹੇ ਪ੍ਰਭੂ! ਸਭ ਕੁਝ ਦੇ ਵਿਚ ਤੂੰ ਆਪ ਹੀ ਹੈਂ। ਮੇਰੇ ਮਨ ਨਾਲ, ਰੱਸ ਨਾਲ ਪ੍ਰਭੂ ਦੇ ਨਾਮ ਦਾ, ਰੰਮੇ ਹੋਏ ਰਾਮ ਦਾ ਜਾਪ ਕਰ। ਉਹਦਾ ਜੱਪ ਕਰ।

*ਅਨਦਿਨ ਅਨਦੁ ਹੋਵੈ ਵਡਭਾਗੀ ਲੈ ਗੁਰਿ ਪੂਰੇ ਹਰਿ ਲਾਹਾ॥ ਰਹਾਉ॥*

ਦਿਨ ਰਾਤ ਅਨੰਦ ਦੀ ਗੰਗਾ ਚੱਲ ਪਵੇਗੀ। ਅਨੰਦ ਦੀ ਵਰਖਾ ਹੋਏਗੀ। ਗੁਰੂ ਮੰਤਰ

ਲੈ ਕੇ ਗੁਰੂ ਦੇ ਸ਼ਬਦ ਦੁਆਰਾ ਇਸ ਮਹਾਨ ਅਨੰਦ ਨੂੰ ਪ੍ਰਾਪਤ ਕਰ ਅਤੇ ਤੈਨੂੰ ਦਿੱਸ ਪਏਗਾ ਕਿ ਸਭ ਕੁਝ ਉਹੀ ਹੈ।

*ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ॥*

ਦ੍ਰਿਸ਼ਟੀ ਗੁਰੂ ਰਾਮਦਾਸ ਮਹਾਰਾਜ ਜੀ ਦੀ ਦੁਆਪਰ ਵਿਚ ਚੱਲੀ ਗਈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਵੀ ਚੱਲੀ ਗਈ ਸੀ। ਹੂ-ਬ-ਹੂ ਇਸ ਪੰਗਤੀ ਦਾ ਖ਼ੁਲਾਸਾ, ਚੌਥੇ ਪਾਤਿਸ਼ਾਹ ਦੀ ਪੰਗਤੀ ਦਾ ਖ਼ੁਲਾਸਾ ਦਸਮ ਪਾਤਿਸ਼ਾਹ ਦੀ ਬਾਣੀ ਰਾਹੀਂ ਤੁਹਾਡੇ ਸਾਹਮਣੇ ਰੱਖਾਂ। ਸਾਹਿਬ ਕਹਿੰਦੇ ਹਨ-

*ਕਹੂੰ ਗੀਤ ਕੇ ਗਵਯਾ, ਕਹੂੰ ਬੇਨ ਕੇ ਬਜਯਾ,*
*ਕਹੂੰ ਨ੍ਰਿਤ ਕੇ ਨਚਯਾ, ਕਹੂੰ ਨਰ ਕੋ ਅਕਾਰ ਹੋ॥*

(ਅਕਾਲ ਉਸਤਤਿ)

ਕਿਧਰੇ ਤੂੰ ਮੁਰਲੀ ਪਿਆ ਵਜਾਉਂਦਾ ਹੈਂ। ਬੜੇ ਮਧੁਰ ਗੀਤ ਪਿਆ ਗਾਉਂਦਾ ਹੈਂ। ਬੜਾ ਸੁੰਦਰ ਨਾਚ ਪਿਆ ਕਰਦਾ ਹੈਂ। ਨਿਰਤ ਤੇਰਾ ਬਿਲਕੁਲ ਤਾਲ ਦੇ ਵਿਚ ਹੈ।

*ਕਹੂੰ ਗੀਤ ਕੇ ਗਵਯਾ, ਕਹੂੰ ਬੇਨ ਕੇ ਬਜਯਾ,*
*ਕਹੂੰ ਨ੍ਰਿਤ ਕੇ ਨਚਯਾ, ਕਹੂੰ ਨਰ ਕੋ ਅਕਾਰ ਹੋ॥*

ਹੇ ਪ੍ਰਭੂ! ਕਿਧਰੇ ਤੂੰ ਨਾਰੀ ਦਾ, ਨਰ ਦਾ ਅਕਾਰ ਧਾਰਣ ਕੀਤਾ ਹੋਇਆ ਹੈ। ਫਿਰ ਅੱਗੋਂ ਕਹਿੰਦੇ ਹਨ-

*ਕਹੂੰ ਬੇਦ ਬਾਨੀ, ਕਹੂੰ ਕੋਕ ਕੀ ਕਹਾਨੀ,*
*ਕਹੂੰ ਰਾਜਾ ਕਹੂੰ ਰਾਨੀ, ਕਹੂੰ ਨਾਰ ਕੇ ਪ੍ਰਕਾਰ ਹੋ॥*

(ਅਕਾਲ ਉਸਤਤਿ)

ਹੇ ਪ੍ਰਭੂ! ਕਿਧਰੇ ਨਰ ਦਾ ਅਕਾਰ ਹੈ ਤੇ ਕਿਧਰੇ ਨਾਰੀ ਦਾ ਅਕਾਰ ਹੈ। ਇਹ ਨਾਰੀ ਵੀ ਤੂੰ ਆਪ ਹੈਂ। ਇਹ ਵੀ ਇਕ ਭੇਦ ਹੈ। ਇਸੇ ਹੀ ਭੇਦ ਕਰਕੇ ਸਮਾਜ ਵਿਚ ਕਿਹਾ ਹੈ ਕਿ ਇਸਤਰੀ ਦੀ ਦੋਸਤੀ ਇਸਤਰੀ ਨਾਲ। ਪੁਰਸ਼ ਦੀ ਦੋਸਤੀ ਪੁਰਸ਼ ਨਾਲ। ਦੋਸਤੀ ਨੂੰ ਸੀਮਿਤ ਕਰਨਾ ਹੈ। ਸਮਾਜ ਨੇ ਕੁਝ ਸਨਬੰਧ ਕਬੂਲ ਕਰ ਲਏ। ਮਾਤਾ ਹੈ, ਭੈਣ ਹੈ, ਪਤਨੀ ਹੈ, ਬੱਚੀ ਹੈ, ਬਾਕੀ ਨਾਲ ਦੋਸਤੀ ਨਹੀਂ। ਇਸਤਰੀ ਨੂੰ ਸੀਮਿਤ ਕੀਤਾ ਹੈ। ਪਿਤਾ ਹੈ, ਪਤੀ ਹੈ, ਭਰਾ ਹੈ, ਪੁੱਤਰ ਹੈ, ਇਹਨਾਂ ਨਾਲ ਸੰਬੰਧ ਅਸਥਾਪਿਤ ਕਰ ਸਕਦੀ ਹੈ, ਬਾਕੀਆਂ ਨਾਲ ਨਹੀਂ। ਕਿਧਰੇ ਗਿਆਨ ਦੇ ਗ੍ਰੰਥ ਤੂੰ ਪੜ੍ਹਾ ਰਿਹਾ ਹੈਂ।

*ਕਹੂੰ ਬੇਦ ਬਾਨੀ, ਕਹੂੰ ਕੋਕ ਕੀ ਕਹਾਨੀ,*

ਕਿਧਰੇ ਰਾਮ ਦੇ ਗ੍ਰੰਥ, ਕਿਧਰੇ ਕਾਮ ਦੇ ਗ੍ਰੰਥ। ਮੈਂ ਅਰਜ਼ ਕਰਾਂ। ਕਾਮ ਉਤੇ ਬੜਾ ਕੁਝ

ਲਿਖਿਆ ਗਿਆ। ਬੜਾ ਵੱਡਾ ਗ੍ਰੰਥ ਪੜ੍ਹਿਆ ਗਿਆ। ਜਦ ਉਹਦੇ ਸਾਹਮਣੇ ਦਲੀਲ ਰੱਖੀ ਗਈ ਕਿ ਤੂੰ ਪੰਡਿਤ, ਤੂੰ ਰਿਸ਼ੀ, ਤੂੰ ਵਿਦਵਾਨ ਤੇ ਤੂੰ ਜੱਪ ਤੱਪ ਕਰਨ ਵਾਲਾ ਅਤੇ ਤੂੰ ਬ੍ਰਹਮ ਗਿਆਨੀ ਹੈਂ, ਇਹ ਕੀ ਤੂੰ ਲਿਖ ਰਿਹਾ ਹੈਂ। ਮੋਹ ਅਸੀਮ ਹੈ, ਫਿਰ ਇਸਦਾ ਦਾਇਰਾ ਬਿਲਕੁਲ ਸਿਮਟ ਜਾਏਗਾ। ਲੋਭ ਵੀ ਨਹੀਂ ਹੋਇਆ, ਨਾ ਹੋ ਸਕਦਾ ਹੈ। ਹੰਕਾਰ ਵੀ ਨਹੀਂ ਹੋਇਆ, ਨਾ ਹੋ ਸਕਦਾ ਹੈ।

ਸਾਰੀ ਦੁਨੀਆਂ ਵਿਚ ਤਾਂ ਹਨੇਰਾ ਖ਼ਤਮ ਕਰਨਾ ਬੜੀ ਔਖੀ ਗੱਲ ਹੈ। ਹਾਂ, ਆਪਣੇ ਘਰ ਵਿਚ ਦੀਵਾ ਜਲਾ ਕੇ ਚਾਨਣਾ ਕੀਤਾ ਜਾ ਸਕਦਾ ਹੈ। ਬੱਸ ਇਤਨਾ ਹੀ ਹੈ। ਹਨੇਰੇ ਦੀ ਭਟਕਣ ਤੋਂ ਬੱਚਿਆ ਜਾ ਸਕਦਾ ਹੈ। ਆਪਣੇ ਹਿਰਦੇ ਨੂੰ ਸ਼ੁੱਧ ਕਰਕੇ ਜਲਦਾ ਹੋਇਆ ਦੀਵਾ ਬਣਿਆ ਜਾ ਸਕਦਾ ਹੈ। ਉਹਨੂੰ ਹਨੇਰੇ ਦੀ ਭਟਕਣ ਤੋਂ ਬਚਾਇਆ ਜਾ ਸਕਦਾ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਫੁਰਮਾਣ ਕਰਦੇ ਹਨ ਕਿ ਕਹੂੰ ਜਟਾ ਧਾਰੀ। ਜਟਾ ਧਾਰਣ ਕੀਤੀ ਹੈ। ਤੂੰ ਜੋਗੀ ਬਣਿਆ ਹੋਇਆ ਹੈਂ। ਇਤਨੀ ਸਮਦ੍ਰਿਸ਼ਟੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ। ਸਾਰੇ ਰੂਪਾਂ ਦੀ ਵਕਾਲਤ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਵੀ ਕਰਦੇ ਹਨ-

*ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ॥*
*ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ॥੧॥*
*ਤਉ ਕਾਰਣਿ ਸਾਹਿਬਾ ਰੰਗਿ ਰਤੇ॥*

(ਅੰਗ ੩੫੮)

ਹੇ ਮੇਰੇ ਸਾਹਿਬ! ਇਹ ਤੇਰੀ ਗੱਲ ਹੈ। ਕੋਈ ਜੋਗੀ ਬਣ ਗਿਆ, ਕੋਈ ਸੰਨਿਆਸੀ ਬਣ ਗਿਆ। ਸਾਰਿਆਂ ਦੀ ਸ਼ਲਾਘਾ ਕਰਦੇ ਪਏ ਹਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਇਤਨਾ ਸਮਦ੍ਰਿਸ਼ਟ ਧਰਮ ਰੂਹੇ ਜ਼ਮੀਨ 'ਤੇ ਪਹਿਲੀ ਦਫ਼ਾ ਉਜਾਗਰ ਹੋਇਆ, ਪਰ ਬਦਕਿਸਮਤੀ! ਜਿਵੇਂ ਇਕਬਾਲ ਕਹਿੰਦਾ ਹੈ ਕਿ ਨਾਨਕ ਦਾ ਚਮਨ ਤਾਂ ਬੜਾ ਵਿਸ਼ਾਲ ਸੀ ਪਰ ਮਾਲੀ ਸੰਕੀਰਨ ਬਣ ਗਏ। ਨਿਕੀਆਂ ਨਿਕੀਆਂ ਕਿਆਰੀਆਂ ਨੂੰ ਲੈ ਬੈਠੇ। ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੀ ਦ੍ਰਿਸ਼ਟੀ ਦੁਆਪਰ ਵਿਚ ਚੱਲੀ ਗਈ। ਹੇ ਪ੍ਰਭੂ! ਤੂੰ ਆਪ ਹੀ ਗੋਪੀ ਹੈਂ। ਆਪ ਹੀ ਕ੍ਰਿਸ਼ਨ ਹੈਂ। ਆਪ ਹੀ ਬਿੰਦਰਾਬਨ ਹੈਂ ਤੇ ਆਪ ਹੀ ਤਰ੍ਹਾਂ ਤਰ੍ਹਾਂ ਦੇ ਕੌਤਕ ਕਰਨ ਵਾਲਾ ਹੈਂ। ਖੇਲ ਕਰਨ ਵਾਲਾ ਹੈਂ।

*ਆਪੇ ਸਾਵਲ ਸੁੰਦਰਾ ਪਿਆਰਾ ਆਪੇ ਵੰਸੁ ਵਜਾਹਾ॥*

ਆਪੇ ਹੀ ਤੂੰ ਮੁਰਲੀ ਵਜਾਉਣ ਵਾਲਾ ਹੈਂ, ਆਪੇ ਹੀ ਤੂੰ ਗਊਆਂ ਚਰਾਉਣ ਵਾਲਾ ਹੈਂ। ਆਪੇ ਹੀ ਤੂੰ ਰਾਜਾ ਮਹਾਰਾਜਾ ਹੈਂ। ਹੇ ਪ੍ਰਭੂ! ਇਹ ਸਭ ਤੇਰੇ ਹੀ ਰੂਪ ਹਨ।

*ਕੁਵਲੀਆ ਪੀੜੁ ਆਪਿ ਮਰਾਇਦਾ ਪਿਆਰਾ*
*ਕਰਿ ਬਾਲਕ ਰੂਪਿ ਪਚਾਹਾ॥ ੨॥*

ਕੰਸ ਨੇ ਹਾਥੀ ਭੇਜਿਆ ਸੀ ਕ੍ਰਿਸ਼ਨ ਨੂੰ ਮਾਰਨ ਵਾਸਤੇ ਕਿ ਹਿੰਸਾ ਦਾ ਇਲਜ਼ਾਮ ਇਹ ਵੀ ਮੇਰੇ 'ਤੇ ਨਾ ਆ ਸਕੇ। ਉਸ ਤੋਂ ਮੈਂ ਬੱਚ ਜਾਵਾਂ। ਹਾਥੀ ਕੁਚਲ ਕੇ ਰੱਖ ਦੇਵੇ। ਖੇਡਦੇ ਹੋਏ ਬਾਲਕ ਨੂੰ ਹਾਥੀ ਕੁਚਲ ਕੇ ਰੱਖ ਦੇਵੇ, ਮਾਸੂਮ ਬਾਲਕ ਸ੍ਰੀ ਕ੍ਰਿਸ਼ਨ ਨੂੰ। ਪਰ ਗ਼ਜ਼ਬ ਦੀ ਗੱਲ, ਉਸ ਬਾਲਕ ਨੇ ਹਾਥੀ ਨੂੰ ਚੀਰ ਕੇ ਰੱਖ ਦਿੱਤਾ। ਹੇ ਪ੍ਰਭੂ! ਇਸ ਤਰ੍ਹਾਂ ਦਾ ਕੌਤਕ ਤੂੰ ਆਪ ਹੀ ਕਰਦਾ ਹੈਂ।

*ਆਪਿ ਅਖਾੜਾ ਪਾਇਦਾ ਪਿਆਰਾ ਕਰਿ ਵੇਖੈ ਆਪਿ ਚੋਜਾਹਾ॥*

ਆਪ ਹੀ ਅਖਾੜਾ ਰੱਚਦਾ ਹੈਂ। ਆਪ ਹੀ ਤਰ੍ਹਾਂ ਤਰ੍ਹਾਂ ਦੇ ਕੌਤਕ ਕਰਦਾ ਹੈਂ। ਚੋਜ ਕਰਦਾ ਹੈਂ ਤੇ ਆਪ ਹੀ ਵੇਖਣ ਵਾਲਾ ਬਣ ਜਾਂਦਾ ਹੈਂ ਇਸ ਅਖਾੜੇ ਨੂੰ।

*ਕਰਿ ਬਾਲਕ ਰੂਪ ਉਪਾਇਦਾ ਪਿਆਰਾ ਚੰਡੂਰੁ ਕੰਸੁ ਕੇਸੁ ਮਾਰਾਹਾ॥*

ਆਪ ਹੀ ਕ੍ਰਿਸ਼ਨ ਦੇ ਰੂਪ ਵਿਚ ਬਾਲਕ ਨੂੰ ਪੈਦਾ ਕਰਦਾ ਹੈਂ। ਚੰਡੂਰੁ ਕੰਸ ਦਾ ਪਹਿਲਵਾਨ ਸੀ। ਇਹਨੂੰ ਫਿਰ ਸਮਝਾਇਆ ਕਿ ਤੂੰ ਮਾਰ ਕ੍ਰਿਸ਼ਨ ਨੂੰ। ਤੂੰ ਖ਼ਤਮ ਕਰ ਦੇ। ਹੱਥਕੰਡੇ ਉਸਨੇ ਬਹੁਤ.ਵਰਤੇ ਸਨ। ਉਸ ਚੰਡੂਰੁ ਨੂੰ ਵੀ ਕੇਸਾਂ ਤੋਂ ਪਕੜ ਕੇ ਚੀਰ ਕੇ ਰੱਖ ਦਿੱਤਾ ਉਸ ਬਾਲਕ ਨੇ। ਹੇ ਪ੍ਰਭੂ! ਇਹ ਕੌਤਕ ਵੀ ਤੂੰ ਆਪ ਹੀ ਕੀਤਾ।

*ਆਪੇ ਹੀ ਬਲੁ ਆਪਿ ਹੈ ਪਿਆਰਾ ਬਲੁ ਭੰਨੈ ਮੂਰਖ ਮੁਗਧਾਹਾ॥੩॥*

ਉਹ ਆਪ ਹੀ ਬੱਲ ਹੈ। ਆਪ ਹੀ ਸ਼ਕਤੀ ਹੈ। ਆਪ ਹੀ ਸਾਰਿਆਂ ਵਿਚ ਵਿਆਪਕ ਹੈ ਪਰ ਜਦ ਕੋਈ ਮੰਨ ਲੈਂਦਾ ਹੈ ਕਿ ਐਸਾ ਮੇਰਾ ਬੱਲ ਹੈ, ਤੇਰਾ ਨਹੀਂ, ਬੱਸ ਇਥੋਂ ਹੀ ਮੂਰਖਤਾ ਆਰੰਭ ਹੁੰਦੀ ਹੈ। ਇਥੋਂ ਹੀ ਮੂਰਖਪੁਣਾ ਆਰੰਭ ਹੁੰਦਾ ਹੈ। ਇਥੋਂ ਹੀ ਅਗਿਆਨਤਾ ਸ਼ੁਰੂ ਹੁੰਦੀ ਹੈ। ਇਥੋਂ ਹੀ ਭਟਕਣਾ ਸ਼ੁਰੂ ਹੁੰਦੀ ਹੈ।

*ਸਭੁ ਆਪੇ ਜਗਤੁ ਉਪਾਇਦਾ ਪਿਆਰਾ ਵਸਿ ਆਪੇ ਜੁਗਤਿ ਹਥਾਹਾ॥*

ਆਪੇ ਹੀ ਉਹ ਜਗਤ ਪੈਦਾ ਕਰਦਾ ਹੈ। ਆਪੇ ਹੀ ਜ਼ੀਵਾਂ ਨੂੰ ਪੈਦਾ ਕਰਦਾ ਹੈ ਤੇ ਆਪੇ ਹੀ ਜੀਵਾਂ ਨੂੰ ਜੁਗਤੀ ਦੇਂਦਾ ਹੈ। ਜੁਗਤੀ ਕੀ ਹੈ, ਹਰ ਜੀਵ ਦੀ ਆਪਣੀ ਆਪਣੀ।

*ਜੀਅ ਜੁਗਤਿ ਵਸਿ ਪ੍ਰਭੂ ਕੈ ਜੋ ਕਹੈ ਸੁ ਕਰਨਾ॥*

(ਅੰਗ ੬੫੮)

ਭੁੱਖਾ ਮਰ ਜਾਏਗਾ ਸ਼ੇਰ ਪਰ ਘਾਹ ਨਹੀਂ ਖਾਏਗਾ। ਉਹਦੇ ਖਾਣ ਦੀ ਵੀ ਇਕ ਜੁਗਤ ਬਣਾਈ ਹੈ ਭਗਵਾਨ ਨੇ। ਭੁੱਖੀ ਮਰ ਜਾਏਗੀ ਗਊ ਪਰ ਮਾਸ ਨਹੀਂ ਖਾਏਗੀ। ਘਾਹ ਦੇ ਵਿਚ ਤੇ ਦਾਣਿਆਂ ਦੇ ਵਿਚ ਮਾਸ ਮਿਸ਼ਰਤ ਕਰਕੇ ਇੰਗਲੈਂਡ ਦੇ ਵਿਚ ਗਊਆਂ ਨੂੰ ਖਿਲਾਇਆ ਗਿਆ। ਸਾਰੀਆਂ ਗਊਆਂ ਪਾਗ਼ਲ ਹੋ ਗਈਆਂ। ਜੁਗਤੀ ਜੋ ਪ੍ਰਭੂ ਨੇ ਬਣਾਈ ਸੀ। ਗਊ ਭੁੱਖੀ ਮਰ ਜਾਏਗੀ, ਪਰ ਮਾਸ ਨਹੀਂ ਖਾਏਗੀ। ਹੇ ਪਰੀਪੂਰਨ ਪ੍ਰਮਾਤਮਾ! ਸਾਰਾ ਜਗਤ ਤੂੰ ਆਪ

ਬਣਾਇਆ ਹੈ। ਜੀਵ ਤੂੰ ਆਪ ਬਣਾਏ ਹਨ। ਉਹਨਾਂ ਦੀ ਜੀਵਨ ਜੁਗਤੀ ਵੀ ਤੂੰ ਆਪ ਬਣਾਈ ਹੈ।

*ਗਲਿ ਜੇਵੜੀ ਆਪੇ ਪਾਇਦਾ ਪਿਆਰਾ ਜਿਉ ਪ੍ਰਭੁ ਖਿੰਚੈ ਤਿਉ ਜਾਹਾ॥*

ਆਪੇ ਵਿਧੀ ਵਿਧਾਨ ਦੀ ਜੇਵੜੀ ਜੋ ਉਸਨੇ ਸਾਰਿਆਂ ਦੇ ਗਲ ਵਿਚ ਪਾਈ ਹੋਈ ਹੈ ਅਤੇ ਉਸੀ ਵਿਧੀ ਵਿਧਾਂਨ ਦੀ ਜੁਗਤੀ ਦੇ ਮੁਤਾਬਿਕ ਜੀਵ ਉਸੇ ਪਾਸੇ ਖਿਚੇ ਚੱਲਦੇ ਹਨ, ਜਿਸ ਪਾਸੇ ਉਹ ਪ੍ਰਭੂ ਆਪ ਖਿਚਣਾ ਚਾਹੁੰਦਾ ਹੈ।

*ਜੋ ਗਰਬੈ ਸੋ ਪਚਸੀ ਪਿਆਰੇ ਜਪਿ ਨਾਨਕ ਭਗਤਿ ਸਮਾਹਾ॥ ੪ ॥ ੬ ॥*

ਜਿਹੜਾ ਉਲਟ ਚੱਲੇਗਾ, ਆਖ਼ਰ ਉਹ ਖ਼ਤਮ ਹੋਵੇਗਾ, ਬਚੇਗਾ ਨਹੀਂ, ਨਾਸ਼ ਹੋਵੇਗਾ, ਪਰ ਜਿਹੜਾ ਸ਼ਬਦ ਵਿਚ ਜੁੜ ਜਾਂਦਾ ਹੈ, ਉਹ ਐਸੇ ਪ੍ਰਮਾਤਮਾ ਵਿਚ ਸਮਾ ਜਾਂਦਾ ਹੈ ਜੋ ਵਿਆਪਕ ਹੈ। ਸਮਾਏ ਹੋਏ ਦੀ ਪਹਿਚਾਣ ਕੀ ਹੈ? ਇਹ ਸਭ ਆਪਣੇ ਹਨ। ਉਹਦਾ ਐਲਾਨ ਕੀ ਹੁੰਦਾ ਹੈ-

*ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥*
*ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥*

(ਅੰਗ ੬੭੧)

ਇਤਨੀਆਂ ਵਿਚਾਰਾਂ ਪ੍ਰਵਾਨ ਕਰਨੀਆਂ। ਧੰਨ ਗੁਰੂ ਰਾਮਦਾਸ ਜੀ ਮਹਾਰਾਜ ਬਖ਼ਸ਼ਿਸ਼ ਕਰਨ, ਐਸੀ ਸਾਡੀ ਸਮ ਦ੍ਰਿਸ਼ਟੀ ਬਣੇ। ਭੁੱਲਾਂ ਚੁੱਕਾਂ ਦੀ ਮੁਆਫ਼ੀ।

ਵਾਹਿਗੁਰੂ ਜੀ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

# ਨ ਹਰਿ ਭਜੇ ਨ ਤੀਰਥ ਸੇਵੇ

ਸੋਰਠਿ ਮਹਲਾ ੯ ॥

*ਮਨ ਕੀ ਮਨ ਹੀ ਮਾਹਿ ਰਹੀ॥*
*ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ॥ ੧ ॥ ਰਹਾਉ॥*
*ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭੁ ਮਹੀ॥*
*ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ॥ ੧ ॥*
*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥੨ ॥੨ ॥*

(ਅੰਗ ੬੩੧)

ਗੁਰੂ ਰੂਪ ਸਾਧ ਸੰਗਤ ਜੀਉ! ਫਤਹਿ ਪ੍ਰਵਾਨ ਕਰਨੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਨੌਵੇਂ ਗੁਰੂ ਨਾਨਕ ਤਿਆਗ ਤੇ ਵੈਰਾਗ ਦੀ ਮੂਰਤੀ ਧੰਨ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਇਹ ਮਹਾਨ ਵਾਕ ਹੈ। ਹਰ ਸ਼ਬਦ ਵਿਚ ਇਕ ਕੇਂਦਰੀ ਖ਼ਿਆਲ ਹੁੰਦਾ ਹੈ। ਸੈਂਟਰਲ ਆਈਡੀਆ ਹੁੰਦਾ ਹੈ। ਸਾਰੀਆਂ ਪੰਗਤੀਆਂ ਫਿਰ ਉਸ ਦੀ ਪ੍ਰਕਰਮਾ ਕਰਦੀਆਂ ਹਨ। ਉਸ ਦੇ ਆਲੇ ਦੁਆਲੇ ਘੁੰਮਦੀਆਂ ਹਨ। ਜੇਕਰ ਸ਼ਬਦ ਦੇ ਵਿਚ ਇਕ ਰਹਾਉ ਹੈ ਤਾਂ ਉਹਦੇ ਵਿਚ ਕੇਂਦਰੀ ਖ਼ਿਆਲ ਇਕ ਹੈ। ਉਸਦੇ ਵਿਚ ਮਰਕਜ਼ੀ ਖ਼ਿਆਲ ਇਕੋ ਹੈ। ਕਿਧਰੇ ਕਿਧਰੇ ਰਹਾਉ ਦੋ ਵੀ ਹਨ। ਰਹਾਉ ਦੂਜਾ। ਉਸਦੇ ਵਿਚ ਵਿਚਾਰ ਤੇ ਕੇਂਦਰੀ ਖ਼ਿਆਲ ਦੋ ਹੁੰਦੇ ਹਨ। ਕੁਝ ਪੰਗਤੀਆਂ ਪਹਿਲੇ ਰਹਾਉ ਦੇ ਆਲੇ ਦੁਆਲੇ ਘੁੰਮਦੀਆਂ ਹਨ। ਕੁਝ ਪੰਗਤੀਆਂ ਦੂਜੇ ਰਹਾਉ ਦੇ ਆਲੇ ਦੁਆਲੇ ਘੁੰਮਦੀਆਂ ਹਨ, ਪਰ ਖ਼ਿਆਲ ਇਕੋ ਹੀ ਹੁੰਦਾ ਹੈ। ਇਹ ਵੀ ਵਿਚਾਰ ਹੋ ਸਕਦੀ ਹੈ, ਇਹੀ ਵਿਚਾਰ ਹੋ ਸਕਦੀ ਹੈ। ਐਸਾ ਨਹੀਂ ਫਿਰ ਉਤਨੇ ਰਹਾਉ ਹੋਣੇ ਚਾਹੀਦੇ ਹਨ। ਫਿਰ ਚਾਰ ਪੰਜ ਰਹਾਉ ਹੋਣੇ ਚਾਹੀਦੇ ਹਨ। ਅਕਸਰ ਰਹਾਉ ਇਕ ਹੁੰਦਾ ਹੈ। ਕਿਧਰੇ ਕਿਧਰੇ ਅਸ਼ਟਪਦੀਆਂ ਹਨ। ਉਹਨਾਂ ਵਿਚ ਸੈਂਟਰਲ ਆਈਡੀਆ ਕੇਂਦਰੀ ਖ਼ਿਆਲ ਸਲੋਕ ਵਿਚ ਹੁੰਦਾ ਹੈ। ਉਹ ਸਾਰੀ ਅਸ਼ਟਪਦੀ ਉਹਨਾਂ ਦੋ ਪੰਗਤੀਆਂ ਦੇ ਆਲੇ ਦੁਆਲੇ ਘੁੰਮਦੀ

ਹੈ। ਕਿਧਰੇ ਇਹ ਸਤਿਗੁਰਾਂ ਦੇ ਇਹ ਪਾਵਨ ਵਾਕ ਬਹੁਤ ਵੱਡੇ ਵੱਡੇ ਹਨ। ਕਿਧਰੇ ਥੋੜੀਆਂ ਪੰਗਤੀਆਂ ਦੇ ਹਨ। ਖ਼ਾਸ ਕਰਕੇ ਧੰਨ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਬਦ ਬਹੁਤ ਲੰਬੇ ਨਹੀਂ ਹਨ। ਐਸਾ ਮੈਂ ਦੇਖਿਆ ਹੈ। ਸ਼ਾਇਦ ਆਪ ਨੂੰ ਪਤਾ ਹੋਵੇ ਜਾਂ ਨਾ ਪਤਾ ਹੋਵੇ।

ਲਾਹੌਰ ਦੇ ਪ੍ਰੋਫ਼ੈਸਰ ਸੁਆਮੀ ਰਾਮ ਤੀਰਥ ਉਹਨਾਂ ਨੂੰ ਕਿਧਰੇ ਭੋਗ ਵਿਚ ਜਾਣਾ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਮਹਾਰਾਜ ਦੇ ਸਲੋਕ ਸੁਣਨੇ ਪਏ। ਸੁਣ ਕੇ ਹੀ ਬੈਰਾਗੀ ਹੋ ਗਏ। ਕਹਿੰਦੇ ਹਨ, ਜ਼ਿੰਦਗੀ ਦਾ ਸਾਰ, ਜ਼ਿੰਦਗੀ ਦਾ ਤੱਤ, ਜੀਵਨ ਦਾ ਲੱਕਸ਼ ਇਹਨਾਂ ਹੀ ਸਲੋਕਾਂ ਵਿਚ ਹੈ। ਹੋਰ ਇਧਰ ਉਧਰ ਭਟਕਣ ਦੀ ਲੋੜ ਹੀ ਨਹੀਂ। ਸ਼ਾਇਦ ਆਪ ਨੂੰ ਪਤਾ ਹੋਵੇ। ਉਹਨੇ ਸਾਰੀ ਹੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਟੀਕਾ ਲਿਖਿਆ ਹੈ। ਪ੍ਰੋਫ਼ੈਸਰ ਤਾਂ ਸੀ। ਬ੍ਰਿਜ ਭਾਸ਼ਾ ਸੰਸਕ੍ਰਿਤ ਦਾ ਪੰਡਿਤ ਵੀ ਸੀ। ਉਰਦੂ ਫ਼ਾਰਸੀ ਤੇ ਇੰਗਲਿਸ਼ ਵਿਚ ਮਾਹਿਰ ਸੀ, ਅਤੇ ਜੀਵਨ ਭਰ ਗੁਰੂ ਤੇਗ਼ ਬਹਾਦਰ ਸਾਹਿਬ ਜੀ ਮਹਾਰਾਜ ਦੀ ਬਾਣੀ ਪੜ੍ਹਦਾ ਰਿਹਾ। ਗ੍ਰਿਹਸਥੀ ਹੁੰਦਿਆਂ ਹੋਇਆਂ, ਨੌਕਰੀ ਕਰਦਿਆਂ ਹੋਇਆਂ ਬੈਰਾਗੀ ਹੋ ਗਿਆ। ਜਦ ਕੋਈ ਪੁੱਛੇ ਇਹ ਬੈਰਾਗ ਕਿਥੋਂ ਲਿਆ। ਅੱਠੇ ਪਹਿਰ ਤੁਹਾਡਾ ਹਿਰਦਾ ਬੈਰਾਗੀ ਹੈ। ਕਹਿੰਦਾ ਹੈ, ਇਸ ਦੇਸ਼ ਵਿਚ ਰੂਹੇ ਜ਼ਮੀਨ ਉੱਤੇ ਇਕੋ ਹੀ ਮਹਾਨ ਬੈਰਾਗੀ ਹਨ ਧੰਨ ਗੁਰੂ ਤੇਗ਼ ਬਹਾਦਰ ਸਾਹਿਬ। ਐਸਾ ਬੈਰਾਗੀਆਂ ਦਾ ਟੋਲਾ ਹੈ ਸਾਡੇ ਦੇਸ਼ ਵਿਚ, ਤਿਆਗ ਪਹਿਲੇ ਕਰਦੇ ਹਨ ਗ੍ਰਿਹਸਤ ਦਾ, ਧਨ ਦਾ, ਅਹੁਦਿਆਂ ਦਾ, ਫਿਰ ਉਹਨਾਂ ਨੂੰ ਬੈਰਾਗੀ ਆਖਿਆ ਜਾਂਦਾ ਹੈ। ਤਿਆਗ ਪਹਿਲੇ ਕਰਦੇ ਹਨ, ਨਹੀਂ, ਸਗੋਂ ਬੈਰਾਗ ਦੇ ਬੀਜ ਵਿਚੋਂ ਹੀ ਤਿਆਗ ਦਾ ਬੂਟਾ ਪੈਦਾ ਹੁੰਦਾ ਹੈ। ਉਸ ਤਿਆਗ ਦੀ ਬੁਨਿਆਦ ਹੁੰਦੀ ਹੈ। ਜਿਹੜਾ ਤਿਆਗ ਪਹਿਲੇ ਕੀਤਾ ਗਿਆ ਹੋਵੇ, ਐਸਾ ਤਿਆਗੀ ਕਿਧਰੇ ਵੀ ਭਰਿਸ਼ਟ ਹੋ ਸਕਦਾ ਹੈ। ਪਾਨ ਦੀ ਥੁੱਕ ਵੇਖ ਕੇ ਭਰਥਰੀ ਨੇ ਲਾਲ ਸਮਝਿਆ ਸੀ ਤੇ ਚੁੱਕ ਲਿਆ। ਕਮਾਲ ਦੀ ਗੱਲ ਹੈ। ਰਾਜ ਪਾਟ ਦਾ ਤਿਆਗ, ਗ੍ਰਿਹਸਤ ਦਾ ਤਿਆਗ, ਧਨ ਸੰਮਪਦਾ ਦਾ ਤਿਆਗ, ਹਿਰਦਾ ਬੈਰਾਗੀ ਹੈ ਨਹੀਂ ਸੀ, ਤਿਆਗ ਕਰ ਦਿੱਤਾ। ਉਸ ਤਿਆਗ ਦੀ ਬੁਨਿਆਦ ਨਹੀਂ ਸੀ। ਇਸ ਵਾਸਤੇ ਜਿਵੇਂ ਉਹ ਚੁੱਕਣ ਲੱਗਿਆ ਲਾਲ ਸਮਝ ਕੇ ਤਾਂ ਥੁੱਕ ਨਾਲ ਹੱਥ ਲਿਬੜ ਗਿਆ। ਗੋਰਖ ਨੂੰ ਉਥੇ ਕਹਿਣਾ ਪਿਆ-

*ਸਭ ਸਖੀਅਨ ਕਾ ਸੰਗ ਤਜਿਉ, ਤਜਿਉ ਤਖ਼ਤ ਅਰ ਤਾਜ।*
*ਤ੍ਰਿਸਨਾ ਪਰ ਤੂੰ ਨਾ ਤਜੀ ਭਰਿਉ ਪੀਪ ਸੇ ਹਾਥ।*

ਤਿਆਗ ਪਹਿਲੇ ਕਰ ਦਿੱਤਾ ਸੀ ਮਛੰਦਰ ਨਾਥ ਨੇ ਪਰ ਬੈਰਾਗ ਹੈ ਨਹੀਂ ਸੀ। 74 ਸਾਲ ਦੀ ਉਮਰ ਦੇ ਵਿਚ ਇਕ ਨਰਤਿਕੀ ਦਾ ਨਰਿਤ ਦੇਖਣ ਲੱਗ ਪਿਆ। ਫਿਰ ਵੇਸਵਾ ਗਾਮੀ ਹੋ ਗਿਆ। ਜੋਗ ਪੰਥ ਦਾ ਜਨਮ ਦਾਤਾ ਭਟਕ ਗਿਆ।

ਧੰਨ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਹਿਰਦਾ ਪਹਿਲੇ ਬੈਰਾਗੀ ਹੈ। ਬੈਰਾਗ ਨਾਲ

ਭਰਿਆ ਹੈ। ਜਦ ਅੱਜ ਪ੍ਰਗਟ ਹੋ ਗਏ ਤਾਂ ਆਪਣੇ ਆਪ ਨੂੰ ਚਾਂਦਨੀ ਚੌਕ ਵਿਚ ਕੁਰਬਾਨ ਕਰ ਦਿੱਤਾ। ਐਸਾ ਮਹਾਨ ਬੈਰਾਗੀ। ਸੁਆਮੀ ਰਾਮ ਤੀਰਥ ਇਤਨਾ ਵੱਡਾ ਜੋ ਸੰਤ ਹੋਇਆ ਹੈ ਸਨਾਤਨ ਮੱਤ ਦੇ ਵਿਚ, ਹਿੰਦੂ ਜਗਤ ਵਿਚ। ਉਹਦੀ ਸਾਰੀ ਪ੍ਰੇਰਨਾ ਦਾ ਅਧਾਰ ਧੰਨ ਗੁਰੂ ਤੇਗ਼ ਬਹਾਦਰ ਸਾਹਿਬ ਜ਼ੀ ਮਹਾਰਾਜ ਦੀ ਬਾਣੀ ਹੈ।

ਸ਼ਬਦ ਤਾਂ ਸਿਰਫ਼ ਛੇ ਪੰਗਤੀਆਂ ਦਾ ਹੈ। ਅੱਖਰੀ ਅਰਥ ਕਰਨੇ ਮੈਂ ਲੱਗ ਜਾਵਾਂ ਤਾਂ ਮੇਰੇ ਖ਼ਿਆਲ ਹੈ ਛੇ ਮਿੰਟ ਲੱਗਣ। ਅੱਖਰੀ ਅਰਥ ਟਕਸਾਲਾਂ ਵਿਚ ਹੁੰਦੇ ਸਨ ਅਤੇ ਮੈਂ ਸੁਣਿਆ ਹੈ ਕਿ ਇਕ ਘੰਟੇ ਵਿਚ 15-15 ਸ਼ਬਦਾਂ ਦੇ ਅਰਥ ਹੁੰਦੇ ਸਨ ਅਤੇ ਸਾਹਮਣੇ ਵਿਦਿਆਰਥੀ ਬੈਠੇ ਹਨ ਤਾਂ ਵੀਹ ਸ਼ਬਦਾਂ ਦੇ ਅਰਥ ਕਰਨੇ ਪੈਣਗੇ। ਸਾਹਮਣੇ ਸਤਿਸੰਗੀ ਬੈਠੇ ਹਨ। ਪੜ੍ਹਨ ਲਈ ਨਹੀਂ ਆਏ, ਪ੍ਰਭੂ ਨਾਲ ਜੁੜਨ ਆਏ ਹਨ, ਪੜ੍ਹਨ ਨਹੀਂ ਆਏ। ਉਹ ਪੜ੍ਹਨਾ ਨਹੀਂ ਚਾਹੁੰਦੇ, ਰੱਬ ਨਾਲ ਜੁੜਨਾ ਚਾਹੁੰਦੇ ਹਨ। ਫਿਰ ਇਕੋ ਸ਼ਬਦ ਨੂੰ ਮੇਰੇ ਖ਼ਿਆਲ ਨਾਲ ਘੰਟੇ ਵਿਚ, ਦੋ ਘੰਟੇ ਵਿਚ, ਕਈ ਦਫ਼ਾ ਤੇ ਸਾਰੀ ਜ਼ਿੰਦਗੀ ਵੀ ਲੰਘ ਜਾਏ ਉਸ ਇਕ ਸ਼ਬਦ ਨੂੰ ਖੋਲ੍ਹਣਾ ਔਖਾ ਹੋ ਜਾਂਦਾ ਹੈ। ਦੂਸਰਾ ਇਹ ਵੀ ਮੈਂ ਅਰਜ਼ ਕਰ ਦਿਆਂ, ਕਥਾ ਤੇ ਕੀਰਤਨ ਬੰਦਗੀ ਹੈ, ਦੰਗਲ ਨਂਹੀਂ ਹੈ। ਦੰਗਲ ਵਿਚ ਪਹਿਲਵਾਨ ਹੁੰਦੇ ਹਨ ਅਤੇ ਦੰਗਲ ਦੋ ਤਰ੍ਹਾਂ ਦਾ ਹੁੰਦਾ ਹੈ। ਵਾਦ-ਵਿਵਾਦ ਤੇ ਵਿਚਾਰ-ਤਕਰਾਰ। ਮੈਂ ਆਪਣੀ ਜ਼ਿੰਦਗੀ ਦਾ ਇਹ ਅਧਾਰ ਬਣਾਇਆ ਹੈ ਕਿ ਵਾਦ-ਵਿਵਾਦ ਹੋਵੇ ਤਾਂ ਤੂੰ ਇਕ ਪਾਸੇ ਹੋ ਜਾ। ਵਿਚਾਰ ਤਕਰਾਰ ਬਣ ਜਾਏ ਤਾਂ ਤੂੰ ਇਕ ਪਾਸੇ ਹੋ ਜਾ। ਦੰਗਲ ਵਿਚ ਪਹਿਲਵਾਨ ਹੁੰਦੇ ਹਨ। ਪਹਿਲਵਾਨੀ ਸਾਨੂੰ ਆਉਂਦੀ ਨਹੀਂ। ਹਾਰ ਕੇ ਸਾਨੂੰ ਖ਼ੁਸ਼ੀ ਮਿਲਦੀ ਹੈ। ਕਥਾ ਦੰਗਲ ਨਹੀਂ ਹੈ। ਬੰਦਗੀ ਕੀਰਤਨ ਦੰਗਲ ਨਹੀਂ ਹੈ। ਸੰਗਤ ਪ੍ਰਭੂ ਨਾਲ ਜੁੜਨ ਵਾਸਤੇ ਆਈ ਹੈ। ਕਥਾ ਦੇ ਆਸਰੇ 'ਤੇ, ਕੀਰਤਨ ਦੇ ਆਸਰੇ 'ਤੇ।

ਮਨੁੱਖ ਦੀ ਇਕ ਬੜੀ ਪ੍ਰਬੱਲ ਰੁਚੀ ਹੈ ਲੜਨਾ ਜਾਂ ਲੜਾਈ ਦੇਖਣਾ। ਬੜੀ ਪ੍ਰਬੱਲ ਰੁਚੀ ਹੈ। ਦੋ ਬੰਦੇ ਸ਼ਾਂਤਮਈ ਢੰਗ ਨਾਲ ਗੱਲ ਪਏ ਕਰਦੇ ਹੋਣ, ਕੋਈ ਨਹੀਂ ਖੜਾ ਹੁੰਦਾ। ਦੋ ਬੰਦੇ ਲੜਨ ਲੱਗ ਪੈਣ, ਸਾਰਾ ਬਾਜ਼ਾਰ ਖੜਾ ਹੋ ਜਾਂਦਾ ਹੈ। ਕੀ ਉਹਨਾਂ ਨੂੰ ਲੜਨ ਵਾਲਿਆਂ ਨਾਲ ਹਮਦਰਦੀ ਹੈ? ਛੁਡਾਉਣਾ ਚਾਹੁੰਦੇ ਹਨ? ਨਹੀਂ, ਲੜਾਈ ਵੇਖਣਾ ਚਾਹੁੰਦੇ ਹਨ। ਵੇਖਣ ਦਾ ਸ਼ੌਕ ਹੈ। ਬੜੇ ਪ੍ਰਾਚੀਨ ਕਾਲ ਤੋਂ ਹੰਕਾਰੀ ਤੇ ਕਠੋਰ ਹਿਰਦੇ ਇਸ ਤਰ੍ਹਾਂ ਕਰਦੇ ਰਹੇ ਹਨ। ਪਹਿਲੇ ਬਟੇਰੇ ਲੜਾਉਂਦੇ ਰਹੇ, ਫਿਰ ਤਿੱਤਰ ਲੜਾਉਂਦੇ ਰਹੇ, ਕਬੂਤਰ ਲੜਾਉਂਦੇ ਰਹੇ, ਫਿਰ ਕੁੱਕੜ ਲੜਾਉਂਦੇ ਰਹੇ।

ਤਿੰਨ ਚਾਰ ਸਾਲ ਪਹਿਲੇ ਹੀ ਮੈਂ ਫ਼ਿਲਪਾਈਨ ਵਿਚ ਦੇਖਿਆ। ਇਕ ਸ਼ਹਿਰ ਤੋਂ ਦੂਜੇ ਸ਼ਹਿਰ ਜਾਣਾ ਸੀ, ਪਰ ਰਸਤੇ ਵਿਚ ਬੜੀ ਭੀੜ ਸੀ। ਮੇਨ-ਰੋਡ 'ਤੇ ਹੀ ਭੀੜ ਤੇ ਜਿਸ ਚਾਲ ਨਾਲ ਉਹ ਗੱਡੀ ਚਲਾ ਰਿਹਾ ਸੀ, ਮੈਂ ਕਿਹਾ ਸਮੇਂ ਸਿਰ ਨਹੀਂ ਪਹੁੰਚ ਸਕਾਂਗੇ। ਮੈਂ ਕਿਹਾ ਕੋਈ ਮੇਲਾ ਹੈ? ਕੋਈ ਤਿਉਹਾਰ ਹੈ? ਕਿਉਂਕਿ ਸੁਣਾਈ ਤੇ ਕੁਝ ਵੀ ਨਹੀਂ ਦੇ ਰਿਹਾ ਸੀ। ਕੋਈ

ਸਤਿਸੰਗ ਹੋ ਰਿਹਾ ਹੈ, ਕਿਸੇ ਦਾ ਲੈਕਚਰ ਹੋ ਰਿਹਾ ਹੈ? ਕਹਿੰਦੇ ਹਨ, ਗਿਆਨੀ ਜੀ! ਕੁਝ ਵੀ ਨਹੀਂ। ਦੋ ਕੁੱਕੜਾਂ ਦੀ ਲੜਾਈ ਹੈ। ਸਾਰਾ ਸ਼ਹਿਰ ਇਕੱਠਾ ਹੋ ਗਿਆ। ਕਹਿਣ ਲੱਗੇ ਇਹ ਸ਼ੌਕ ਫ਼ਿਲਪੀਨੀ ਲੋਕਾਂ ਵਿਚ ਬਹੁਤ ਜ਼ਿਆਦਾ ਹੈ। ਅਫ਼ਗ਼ਾਨੀ ਲੋਕ ਬਟੇਰੇ ਲੜਾਉਂਦੇ ਹਨ। ਤਿੱਤਰ ਲੜਾਉਂਦੇ ਹਨ। ਉਹਨਾਂ ਦਾ ਸ਼ੌਕ ਇਸ ਵਾਸਤੇ ਬਹੁਤ ਜ਼ਿਆਦਾ ਹੈ। ਫਿਰ ਜਿਹੜੇ ਸੰਪੰਨ ਹੋ ਗਏ ਸਨ, ਨਵਾਬ ਬਾਦਸ਼ਾਹ ਲੋਕ, ਉਹ ਫਿਰ ਸਾਂਢ ਲੜਾਉਣ ਲੱਗ ਪਏ। ਫਿਰ ਇਸ ਤੋਂ ਵੀ ਜ਼ਿਆਦਾ ਜਿਹੜੇ ਸੰਪੰਨ ਸਨ ਤੇ ਇਹ ਪਸ਼ੂਆਂ ਦੀਆਂ ਲੜਾਈਆਂ ਉਹਨਾਂ ਲਈ ਤਾਂ ਮਨੋਰੰਜਨ ਦਾ ਸਾਧਨ ਨਹੀਂ ਪੈਦਾ ਕਰਦੀਆਂ ਸਨ। ਬਈ ਬੰਦੇ ਨਾਲ ਬੰਦਾ ਲੜੇ ਤੇ ਕੋਈ ਸਵਾਦ ਆਏ। ਪਹਿਲਵਾਨਾਂ ਦਾ ਜਨਮ ਉਥੋਂ ਹੋਇਆ।

ਇਕ ਦਿਨ ਇਸੇ ਵਿਸ਼ੇ 'ਤੇ ਕਿਧਰੇ ਗੁਰਦੁਆਰਾ ਸੀਸ ਗੰਜ ਵਿਚ ਬੋਲ ਰਿਹਾ ਸੀ। ਮੈਂ ਕਿਹਾ ਕੋਈ ਮੂਰਖ ਹੀ ਹੋਵੇਗਾ ਜਿਹੜਾ ਪਹਿਲਵਾਨ ਬਣਦਾ ਹੈ! ਫਰੀ ਸਟਾਇਲ ਕੁਸ਼ਤੀ ਤੇ ਅਗਲਿਆਂ ਦੀਆਂ ਲੱਤਾਂ ਬਾਹਾਂ ਤੋੜਨੀਆਂ। ਗਿਰਾਣਾ ਅਗਲੇ ਨੂੰ ਤੇ ਫੱਟੜ ਕਰ ਦੇਣਾ। ਫਿਰ ਹਜ਼ਾਰਾਂ ਮਨੁੱਖਾਂ ਦਾ ਉਹ ਮਨੋਰੰਜਨ ਹੋਵੇ। ਕਿਸੇ ਦੀ ਲੱਤ ਬਾਂਹ ਟੁੱਟੇ। ਲੋਕੀਂ ਜਾਂਦੇ ਹਨ, ਪੈਸੇ ਵੀ ਖ਼ਰਚ ਕਰਦੇ ਹਨ। ਟਿਕਟ ਵੀ ਲੈਂਦੇ ਹਨ, ਤੇ ਸਮਾਂ ਵੀ ਖ਼ਰਚ ਕਰਦੇ ਹਨ। ਕੀ ਹੈ, ਦੋ ਬੰਦੇ ਲੜਦੇ ਪਏ ਹਨ। ਲੜਾਈ ਕਰਨਾ ਨਾਜਾਇਜ਼ ਹੈ ਜੇਕਰ ਹਿੰਸਾ ਹੈ। ਨਾਜਾਇਜ਼ ਲੜਾਈ ਵੇਖਣਾ ਵੀ ਹਿੰਸਾ ਹੈ, ਅਪਰਾਧ ਹੈ, ਪਾਪ ਹੈ।

ਬਾਹਰ ਦੇਸ਼ਾਂ ਵਿਚ ਭਰਮਨ ਕਰਦਿਆਂ ਜਦ ਮੈਂ ਕਿਸੇ ਦੇ ਘਰ ਵਿਚ ਬੈਠਾ ਹੋਵਾਂ ਤੇ ਟੀ. ਵੀ. 'ਤੇ ਫ਼ਰੀ ਸਟਾਈਲ ਕੁਸ਼ਤੀ ਜਿਹੜੀ ਉਹ ਲੋਕੀਂ ਦੇਖਦੇ ਪਏ ਹੁੰਦੇ ਹਨ ਤਾਂ ਮੈਨੂੰ ਕਹਿੰਦੇ ਹਨ ਦੇਖ ਲਉ। ਉਹਨਾਂ ਨੂੰ ਹੱਥ ਜੋੜ ਦੇਂਦਾ ਹਾਂ ਕਿ ਮੇਰਾ ਸ਼ੌਕ ਨਹੀਂ। ਮੈਨੂੰ ਦੁੱਖ ਹੁੰਦਾ ਹੈ। ਮੈਂ ਕਿਧਰੇ ਕਹਿ ਬੈਠਾ ਕਿ ਇਹ ਧੰਦਾ, ਇਹ ਕੰਮ ਕੋਈ ਮੂਰਖ ਪਕੜੇਗਾ, ਸਿਆਣਾ ਮਨੁੱਖ ਨਹੀਂ। ਮੈਨੂੰ ਨਹੀਂ ਸੀ ਪਤਾ ਕਿ ਸੀਸ ਗੰਜ ਗੁਰਦੁਆਰੇ ਵਿਚ ਕੋਈ ਪਹਿਲਵਾਨ ਵੀ ਬੈਠਾ ਹੋਇਆ ਸੀ। ਮੇਰੇ ਕਮਰੇ ਵਿਚ ਆ ਗਿਆ। ਕਹਿਣ ਲੱਗਾ, ਗਿਆਨੀ ਜੀ! ਤੁਸੀਂ ਪਹਿਲਵਾਨਾਂ ਨੂੰ ਮੂਰਖ ਕਹਿੰਦੇ ਹੋ। ਮੈਂ ਕਿਹਾ ਜਿਸ ਢੰਗ ਨਾਲ ਤੂੰ ਅੱਖਾਂ ਕੱਢੀਆਂ ਹੋਈਆਂ ਹਨ ਤੇ ਜਿਸ ਢੰਗ ਨਾਲ ਡੀਲ ਡੌਲੇ ਲੈ ਕੇ ਆਇਆ ਹੈਂ, ਸਿਆਣਪ ਦੀ ਕੋਈ ਝਲਕ ਤੇ ਨਹੀਂ ਪਈ ਮਿਲਦੀ। ਮੈਂ ਤੇਰੇ ਕੋਲੋਂ ਮੁਆਫ਼ੀ ਮੰਗਦਾ ਹਾਂ, ਕਿਉਂਕਿ ਮੈਨੂੰ ਕੁਸ਼ਤੀ ਲੜਨੀ ਆਉਂਦੀ ਨਹੀਂ ਅਤੇ ਮੈਂ ਲੜ ਨਹੀਂ ਸਕਦਾ, ਪਰ ਮੈਂ ਇਤਨੀ ਅਰਜ਼ ਕਰ ਦਿਆਂ ਇਹ ਪਹਿਲਵਾਨੀ ਹਿੰਸਕ ਹੈ। ਇਹ ਹਿੰਸਕ ਸਥਾਨ ਹੁੰਦੇ ਹਨ, ਜਿਨ੍ਹਾਂ ਨੂੰ ਅਖਾੜਾ ਤੇ ਦੰਗਲ ਕਿਹਾ ਜਾਂਦਾ ਹੈ। ਇਹ ਦੰਗਲ ਉਥੇ ਹੁੰਦਾ ਹੈ। ਸਤਿਸੰਗ ਦੇ ਵਿਚ ਤਾਂ ਬੰਦਗੀ ਹੁੰਦੀ ਹੈ। ਮੇਰੀ ਰੋਜ਼ ਦੀ ਇਹ ਅਰਦਾਸ ਹੁੰਦੀ ਹੈ। ਭਾਵੇਂ ਇਸ ਨੂੰ ਹੰਕਾਰ ਸਮਝ ਲਉ। ਹੇ ਪ੍ਰਭੂ! ਉਹ ਗੱਲ ਮੇਰੀ ਜ਼ਬਾਨ ਤੋਂ ਨਾ ਕਹਿਲਾਈਂ ਜਿਸ ਨੂੰ ਮੇਰਾ ਮਨ ਨਹੀਂ ਮੰਨਦਾ ਅਤੇ ਜਿਸ ਗੱਲ ਦੀ ਤੂੰ ਕਹਿਣ ਦੀ ਮੈਨੂੰ ਤੌਫ਼ੀਕ ਦੇਵੇਂ, ਨਾਲ ਤੌਫ਼ੀਕ ਜ਼ਰੂਰ ਦੇਵੀਂ ਮੰਨਣ ਦੀ, ਨਹੀਂ ਤਾਂ ਮੇਰਾ ਕਥਾ ਕਰਨਾ ਪਾਖੰਡ ਹੋਵੇਗਾ।

ਕਿਉਂਕਿ ਜੋ ਕੁਝ ਮੈਂ ਕਹਿ ਰਿਹਾ ਹਾਂ, ਮੰਨਦਾ ਨਹੀਂ। ਪ੍ਰਭੂ ਦੀ ਮੈਂ ਕੀਰਤੀ ਕਰ ਰਿਹਾ ਹਾਂ ਤੇ ਪ੍ਰਮਾਤਮਾ ਦੇ ਗੁਣਾਂ ਨਾਲ ਮੇਰਾ ਕੋਈ ਸੰਬੰਧ ਨਹੀਂ। ਸਤਿਗੁਰੂ ਆਪ ਕਹਿੰਦੇ ਹਨ-

*ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ*
*ਨਹੀ ਹਰਿ ਹਰਿ ਭੀਜੈ ਰਾਮ ਰਾਜੇ॥*
*ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥*

(ਅੰਗ ੪੫੦).

ਇਸ ਤਰ੍ਹਾਂ ਰੋਣ ਪਿਟਣ ਨਾਲ ਕੀ ਹੁੰਦਾ ਹੈ।

*ਹਿਰਦੈ ਕਪਟੁ ਮੁਖ ਗਿਆਨੀ॥ ਝੂਠੇ ਕਹਾ ਬਿਲੋਵਸਿ ਪਾਨੀ॥*

(ਅੰਗ ੬੫੬)

ਕਿਉਂ ਪਾਣੀ ਰਿੜਕਦਾ ਹੈਂ? ਧੰਨ ਗੁਰੂ ਤੇਗ਼ ਬਹਾਦਰ ਸਾਹਿਬ ਜੀ ਭੋਰੇ ਵਿਚ ਹਨ। ਮਸੰਦ ਗ਼ਲਤ ਚੱਲ ਰਹੇ ਸਨ। ਸੋਢੀਆਂ ਦੇ ਵਿਚ ਵੀ ਸੰਘਰਸ਼ ਸੀ। ਮੈਂ ਗੁਰੂ ਬਣਨਾ ਹੈ, ਮੈਂ ਗੁਰੂ ਬਣਨਾ ਹੈ। ਕਿਤਨਿਆਂ ਨੇ ਦਾਅਵੇ ਕੀਤੇ। 22 ਨੇ ਗੱਦੀਆਂ ਲਾਈਆਂ ਸਨ। 22 ਬੈਠੇ ਸਨ ਸਿੰਘਾਸਨ ਲਗਾ ਕੇ ਕਿ ਅਸੀਂ ਗੁਰੂ ਹਾਂ। ਅਸੀਂ ਗੁਰੂ ਹਾਂ। ਜੋ ਗੁਰੂ ਹੈ ਉਹ ਭੋਰੇ ਵਿਚ ਬੈਠਾ ਹੈ। ਕਹਿੰਦਾ ਵੀ ਨਹੀਂ ਕਿ ਮੈਂ ਗੁਰੂ ਹਾਂ, ਮੈਂ ਗੁਰੂ ਹਾਂ।

ਹਰ ਮਨੁੱਖ ਨੂੰ ਹੀਰੇ ਦੀ ਸਮਝ ਨਹੀਂ ਆਉਂਦੀ। ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਮੈਂ ਚੌਦਾਂ ਰਤਨਾਂ ਦੀ ਇਕ ਦਿਨ ਕਥਾ ਕੀਤੀ ਸੀ। ਜੈਪੁਰ ਦੇ ਵਿਚ ਸਰਦਾਰ ਗੋਬਿੰਦ ਸਿੰਘ ਜੌਹਰੀ ਸਨ। ਉਹਨਾਂ ਦੀ ਜਵਾਹਰਾਤ ਦੀ ਦੁਕਾਨ ਸੀ। ਮੇਰੇ ਕਮਰੇ ਵਿਚ ਆ ਗਏ। ਕਹਿਣ ਲੱਗੇ, ਕਦੇ ਚੌਦਾਂ ਰਤਨ ਵੇਖੇ ਹਨ? ਮੈਂ ਕਿਹਾ ਨਹੀਂ, ਮੋਤੀ ਦੇਖਿਆ ਹੈ। ਹੀਰਾ ਦੇਖਿਆ ਹੈ। ਪੁਖਰਾਜ ਵੀ ਦੇਖਿਆ ਹੈ। ਇਕ ਦੋ ਹੋਰ ਵੇਖੇ ਹਨ, ਚੌਦਾਂ ਨਹੀਂ ਦੇਖੇ। ਕਹਿਣ ਲੱਗੇ, ਫਿਰ ਵੀ ਚੌਦਾਂ ਰਤਨਾਂ ਦੀ ਕਥਾ ਕੀਤੀ ਹੈ। ਮੈਂ ਕਿਹਾ ਚੌਦਾਂ ਬਾਰੇ ਮੈਂ ਪੜ੍ਹਿਆ ਹੈ। ਜਾਣਿਆ ਹੈ। ਪਰ ਕੀ ਇਹ ਚੌਦਾਂ ਵਾਸਤਵ ਵਿਚ ਹਨ? ਕਹਿਣ ਲੱਗੇ ਫਿਰ ਅੱਜ ਟਾਈਮ ਕੱਢੋ ਅਤੇ ਮੇਰੀ ਦੁਕਾਨ 'ਤੇ ਆ ਜਾਉ। ਜਦ ਤੁਸੀਂ ਕਦੇ ਚੌਦਾਂ ਰਤਨਾਂ ਦੀ ਕਥਾ ਕਰੋ ਤਾਂ ਆਖ ਵੀ ਸਕੋਗੇ ਕਿ ਵੇਖੇ ਹਨ। ਲਾਲ ਵੀ ਵੇਖਿਆ ਹੈ, ਰਤਨ ਵੀ ਵੇਖਿਆ ਹੈ, ਮੂੰਗਾ ਵੀ ਵੇਖਿਆ ਹੈ, ਨੀਲਮ ਵੀ ਦੇਖਿਆ ਹੈ, ਪੰਨਾ ਵੀ ਦੇਖਿਆ ਹੈ, ਤੁਸੀਂ ਆਖ ਸਕੋਗੇ। ਮੈਂ ਕਿਹਾ ਠੀਕ ਹੈ ਜ਼ਰੂਰ ਆਵਾਂਗਾ। ਪੰਨਾ ਉਸ ਦਿਨ ਉਹਨਾਂ ਦੀ ਦੁਕਾਨ 'ਤੇ ਨਹੀਂ ਸੀ। ਗੁਆਂਢੀ ਦੀ ਦੁਕਾਨ ਤੋਂ ਮੰਗਵਾ ਕੇ ਦਿਖਾਇਆ। ਕਹਿਣ ਲੱਗੇ ਕਿ ਦਿਖਾਣੇ ਤੁਹਾਨੂੰ ਚੌਦਾਂ ਹਨ, ਚੌਦਾਂ ਹੈ ਕੋਈ ਨਹੀਂ, ਮੰਗਵਾ ਦੇਂਦਾ ਹਾਂ। ਹੁਣ ਪੰਨੇ ਨੂੰ, ਰਤਨ ਨੂੰ, ਮੂੰਗੇ ਨੂੰ, ਮੈਂ ਬਿਆਨ ਤਾਂ ਕਰ ਰਿਹਾ ਸੀ, ਪਰ ਮੈਂ ਦੇਖਿਆ ਨਹੀਂ ਸੀ। ਮੈਨੂੰ ਪਤਾ ਵੀ ਨਹੀਂ ਸੀ। ਕੋਈ ਬੋਧ ਨਹੀਂ ਸੀ।

ਮੈਂ ਅਰਜ਼ ਕਰਾਂ, ਸੰਸਾਰ ਵਿਚ ਵਿਆਪਕ ਪੱਧਰ 'ਤੇ ਇਤਨਾ ਪਾਖੰਡ ਚੱਲ ਜਾਂਦਾ ਹੈ।

ਜਿਵੇਂ ਕਿ ਪੰਜਾਬ ਵਿਚ ਬਹੁਤ ਚਲਿਆ ਹੈ। ਇਸ ਵਾਸਤੇ ਚੱਲ ਜਾਂਦਾ ਹੈ ਕਿਉਂਕਿ ਪਾਖੰਡ ਦੀ ਸਮਝ ਨਹੀਂ। ਅਸਲੀ ਸੋਨੇ ਨਾਲੋਂ, ਮੁਲੱਮਾ ਚੜ੍ਹਿਆ ਸੋਨਾ ਜ਼ਿਆਦਾ ਚਮਕਦਾ ਹੈ। ਕਈ ਦਫ਼ਾ ਹੀਰੇ ਨਾਲੋਂ ਕੱਚ ਜ਼ਿਆਦਾ ਚਮਕਦਾ ਹੈ ਅਤੇ ਜ਼ਿਆਦਾ ਚਮਕਦਾ ਹੋਵੇ ਤਾਂ ਫਿਰ ਹੀਰੇ ਦਾ ਭੁੱਲੇਖਾ ਵੀ ਨਹੀਂ ਪੈ ਸਕਦਾ। ਹੀਰੇ ਦਾ ਭੁੱਲੇਖਾ ਇਸ ਵਾਸਤੇ ਪੈ ਜਾਂਦਾ ਹੈ, ਕਿਉਂਕਿ ਚਮਕ ਜ਼ਿਆਦਾ ਹੈ। 22 ਸੋਢੀਆਂ ਨੂੰ ਮੱਥਾ ਟੇਕ ਕੇ ਲੋਕੀਂ ਚਲੇ ਜਾਂਦੇ ਸਨ। ਹੀਰੇ ਦਾ ਪਤਾ ਕੋਈ ਨਹੀਂ। ਹੀਰਾ ਤਾਂ ਗੁਫਾ ਵਿਚ ਬੈਠਾ ਸੀ। ਜੋ ਪੱਥਰ ਸਨ ਉਹ ਕਹਿ ਰਹੇ ਸਨ ਅਸੀਂ ਹੀਰਾ ਹਾਂ, ਜੋ ਹੀਰਾ ਸੀ ਉਹ ਖ਼ਾਮੋਸ਼ ਸੀ, ਕਹਿ ਹੀ ਨਹੀਂ ਸੀ ਰਿਹਾ ਕਿ ਮੈਂ ਹੀਰਾ ਹਾਂ, ਚੁੱਪ, ਖ਼ਾਮੋਸ਼ ਸੀ। ਉਹ ਜੋ 22 ਸਨ, ਬਾਹਾਂ ਪਸਾਰ ਕੇ ਕਹਿ ਰਹੇ ਸਨ। ਆਪਣੀ ਜਿੱਤ ਵੀ ਸਮਝ ਰਹੇ ਸਨ ਅਤੇ ਉਹ ਇਕ ਸੀ ਬਿਲਕੁਲ ਖ਼ਾਮੋਸ਼। ਕਈਆਂ ਨੂੰ ਜਿੱਤ ਕੇ ਖ਼ੁਸ਼ੀ ਮਿਲਦੀ ਹੈ। ਕਈਆਂ ਨੂੰ ਹਾਰ ਕੇ ਖ਼ੁਸ਼ੀ ਮਿਲਦੀ ਹੈ। ਖ਼ੁਸ਼ੀ ਖ਼ੁਸ਼ੀ ਦੀ ਗੱਲ ਹੈ। ਮੈਂ ਅਰਜ਼ ਕਰਾਂ, ਜੋ ਹਾਰ ਵਿਚ ਖ਼ੁਸ਼ੀ ਮਿਲਦੀ ਹੈ, ਉਹ ਸਦੀਵੀ ਹੁੰਦੀ ਹੈ। ਜੋ ਜਿੱਤ ਵਿਚ ਖ਼ੁਸ਼ੀ ਹੁੰਦੀ ਹੈ ਉਹ ਵਕਤੀ ਹੁੰਦੀ ਹੈ। ਆਰਜ਼ੀ ਕੁਝ ਵੀ ਨਹੀਂ।

ਅੱਜ ਇਕ ਐਸਾ ਬੰਦਾ ਆਇਆ, ਜਿਹਦੇ ਕੋਲ ਅੱਖ ਸੀ। ਅੱਜ ਇਕ ਐਸਾ ਮਨੁੱਖ ਆਇਆ ਜਿਹਨੂੰ ਪੰਨੇ ਦੀ ਸਮਝ ਸੀ, ਜਿਸ ਨੂੰ ਮੂੰਗੇ ਦੀ ਸਮਝ ਸੀ, ਨੀਲਮ ਦੀ ਸਮਝ ਸੀ, ਪੁਖਰਾਜ ਦੀ ਸਮਝ ਸੀ। ਧੋਖਾ ਨਹੀਂ ਦਿੱਤਾ ਜਾ ਸਕਦਾ। ਉਹਨੇ 22 ਅੱਗੇ ਦੋ ਦੋ ਮੋਹਰਾਂ ਰੱਖੀਆਂ ਹਨ। ਐਸੀ ਗੱਲ ਨਹੀਂ ਹੈ, ਮੱਥਾ ਵੀ ਟੇਕਿਆ ਹੈ, ਪਰ ਦਿਲ ਕਹਿੰਦਾ ਹੈ ਇਹ ਵੀ ਪੱਥਰ ਹੈ। ਇਹ ਵੀ ਪੱਥਰ ਹੈ। ਇਹ ਨੀਲਮ ਨਹੀਂ ਹੈ, ਇਹ ਮੂੰਗਾ ਨਹੀਂ ਹੈ, ਇਹ ਪੰਨਾ ਨਹੀਂ ਹੈ, ਇਹ ਜਵਾਹਰ ਨਹੀਂ ਹੈ, ਇਹ ਮੋਤੀ ਨਹੀਂ ਹੈ, ਇਹ ਹੀਰਾ ਨਹੀਂ ਹੈ। ਸਮਝ ਸੀ। ਬਕਾਲੇ ਦੇ ਇਕ ਬਿਰਧ ਬਾਬੇ ਕੋਲੋਂ ਪੁੱਛਦਾ ਹੈ ਕਿ ਕੀ ਇਥੇ ਸੋਢੀ ਬੰਸ ਦਾ ਹੋਰ ਵੀ ਕੋਈ ਰਹਿੰਦਾ ਹੈ? ਉਹ ਕਹਿੰਦਾ ਹੈ, ਹਾਂ, ਇਕ ਰਹਿੰਦਾ ਹੈ ਤੇਗਾ ਕਮਲਾ। ਉਹ ਭੋਰੇ ਵਿਚ ਰਹਿੰਦਾ ਹੈ, ਨਿਕਲਦਾ ਹੀ ਨਹੀਂ। ਸਾਰੀ ਦੁਨੀਆਂ ਦਾ ਕਮਲਾਪਣ ਹਟਾਉਣ ਵਾਸਤੇ ਆਇਆ ਹੈ ਉਹ ਕਮਲਾ। ਇਹ 22 ਪਾਗਲ ਪੂਜੇ ਜਾ ਰਹੇ ਹਨ। ਪਰ ਮੈਂ ਅਰਜ਼ ਕਰਾਂ, ਇਸ ਤਰ੍ਹਾਂ ਜਦ ਕੋਈ ਪਗਲਾ ਕਹਿੰਦਾ ਹੈ, ਇਸ ਦੇ ਵਿਚ ਵੀ ਉਸਦੀ ਖ਼ੁਸ਼ੀ ਹੁੰਦੀ ਹੈ। ਅਨੰਦ ਹੁੰਦਾ ਹੈ। ਉਹਦੇ ਅਨੰਦ ਵਿਚ ਫ਼ਰਕ ਨਹੀਂ ਪੈਂਦਾ। ਜ਼ੌਕ ਕਹਿੰਦਾ ਹੈ-

*ਅੱਛਾ ਹੂਆ ਦੀਵਾਨਗੀ ਕਾਮ ਆ ਗਈ ਅਪਨੇ*
*ਵਗਰਨਾ ਹਮ ਜ਼ਮਾਨੇ ਭਰ ਕੋ ਸਮਝਾਨੇ ਕਹਾਂ ਜਾਤੇ।*

ਕਹਿੰਦੇ ਹਨ, ਪਾਗਲਪਣ ਦੁਨੀਆਂ ਨੇ ਆਖ ਦਿੱਤਾ, ਛੁਟਕਾਰਾ ਹੋ ਗਿਆ। ਇਕ ਇਕ ਨਾਲ ਮਗਜ਼ਮਾਰੀ ਕਰਨ ਦੀ ਲੋੜ ਕੋਈ ਨਹੀਂ। ਪਰ ਅੱਖ ਸੀ ਇਸ ਕੋਲ। ਇਹ ਜੌਹਰੀ ਸੀ, ਆਮ ਮਨੁੱਖ ਨਹੀਂ ਸੀ। ਅੱਜ ਜਿਹੜਾ ਬਕਾਲੇ ਪਹੁੰਚਿਆ ਹੈ, ਜੌਹਰੀ ਸੀ। ਇਹਦੀ ਨਿਗਾਹ ਨੂੰ ਧੋਖਾ ਦੇਣਾ ਬੜਾ ਔਖਾ ਸੀ। ਹਜ਼ਾਰਾਂ ਦੀ ਭੀੜ ਉਹਨਾਂ 22 ਦੀ ਪ੍ਰਕਰਮਾ ਕਰਕੇ

ਚੱਲੀ ਜਾਂਦੀ ਸੀ। ਇਹ ਆਇਆ ਪਰ ਸਕੂਨ ਨਹੀਂ ਮਿਲਿਆ।

*ਸਾਧ ਕੈ ਸੰਗਿ ਨਾਹੀ ਕਛੁ ਘਾਲ॥ ਦਰਸਨੁ ਭੇਟਤ ਹੋਤ ਨਿਹਾਲ॥*

(ਅੰਗ ੨੭੨)

ਮੇਰਾ ਆਪਣਾ ਕੋਈ ਐਸਾ ਅੰਦਾਜ਼ਾ ਹੈ ਕਿ ਕੋਈ ਅਵਤਾਰੀ ਪੁਰਸ਼ ਹੈ। ਜੁੜੀ ਹੋਈ ਆਤਮਾ ਹੈ। ਹਿਮਾਲੀਆ ਪਰਬਤ 'ਤੇ ਚੱਲੇ ਜਾਈਏ, ਠੰਡ ਮੰਗਣੀ ਨਹੀਂ ਪੈਂਦੀ। ਜਲਦੇ ਹੋਏ ਦੀਵੇ ਕੋਲ ਚੱਲੇ ਜਾਈਏ, ਰੌਸ਼ਨੀ ਆਪੇ ਮਿਲਦੀ ਹੈ, ਮੰਗਣੀ ਨਹੀਂ ਪੈਂਦੀ। ਖਿੜੇ ਹੋਏ ਫੁੱਲਾਂ. ਕੋਲ ਚੱਲੇ ਜਾਈਏ, ਮਹਿਕ ਆਪੇ ਮਿਲਦੀ ਹੈ। ਰੱਬ ਦੇ ਜੁੜਿਆਂ ਹੋਇਆਂ ਕੋਲ ਕਿਧਰੇ ਬੈਠ ਜਾਈਏ, ਯਕੀਨ ਜਾਣੋ, ਮਨ ਆਪੇ ਬੈਰਾਗੀ ਹੋ ਜਾਂਦਾ ਹੈ।

*ਸਾਧ ਕੈ ਸੰਗਿ ਨਹੀ ਕਛੁ ਘਾਲ॥ ਦਰਸਨੁ ਭੇਟਤ ਹੋਤ ਨਿਹਾਲ॥*

ਹਾਂ, ਇਕ ਹੋਰ ਵੀ ਹੈ। ਸੂਰਜ ਚੜ੍ਹਿਆ ਹੋਵੇ, ਫਿਰ ਵੀ ਕੋਈ ਹੱਥ ਜੋੜ ਕੇ ਆਖੇ ਕਿ ਰੌਸ਼ਨੀ ਕਿਥੇ ਹੈ, ਰੌਸ਼ਨੀ ਕਿਥੇ ਹੈ? ਤਾਂ ਫਿਰ ਇੰਨਾ ਕਹਿਣਾ ਪਏਗਾ ਕਿ ਸ਼ਾਇਦ ਇਹ ਅੰਨ੍ਹਾ ਹੈ, ਨੇਤਰਹੀਣ ਹੈ। ਲੱਗਦਾ ਹੈ ਉਹ ਜਿਹੜੀ ਭੀੜ 22 ਦੇ ਆਲੇ ਦੁਆਲੇ ਘੁੰਮ ਕੇ ਚੱਲੀ ਜਾਂਦੀ ਸੀ, ਅੰਨ੍ਹੀ ਸੀ। ਅੱਜ ਇਕ ਐਸਾ ਮਨੁੱਖ ਆਇਆ ਜੋ ਸੁਜਾਖਾ ਸੀ। ਰੱਖੀਆਂ ਤਾਂ ਇਥੇ ਵੀ ਦੋ ਮੋਹਰਾਂ ਹਨ, ਜਿਹੜੀਆਂ ਬਾਕੀਆਂ ਨੂੰ ਰੱਖੀਆਂ ਸਨ ਅਤੇ ਮੱਥਾ ਵੀ ਟੇਕਿਆ। ਅੰਦਰ ਕੁਝ ਠੰਡ ਵੀ ਪਈ ਹੈ। ਕੋਲ ਬੈਠਿਆਂ ਸਕੂਨ ਵੀ ਮਿਲਿਆ ਹੈ। ਦਰਸ਼ਨ ਕੀਤਿਆਂ ਮਨ ਨਿਹਾਲ ਵੀ ਹੋਇਆ ਹੈ। ਹਿਰਦਾ ਬੈਰਾਗੀ ਵੀ ਹੋਇਆ ਹੈ। ਸਤਿਗੁਰੂ ਦੇ ਨੇਤਰ ਖੁੱਲ੍ਹੇ ਹਨ।

ਕਿਧਰੇ ਕਿਧਰੇ ਐਸਾ ਹੁੰਦਾ ਹੈ ਕਿ ਫੁੱਲ ਪ੍ਰਗਟ ਹੁੰਦੇ ਹਨ ਮਹਿਕ ਨਾਲ, ਸ਼ਾਇਦ ਇਸੇ ਵਾਸਤੇ ਭਾਈ ਸਾਹਿਬ ਭਾਈ ਨੰਦ ਲਾਲ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਬੋਲਾਂ ਨੂੰ ਫੁੱਲਾਂ ਨਾਲ ਤਸ਼ਬੀਹ ਦੇ ਦਿੱਤੀ। ਗੁਲਾਲ ਨਾਲ ਤਸ਼ਬੀਹ ਦੇ ਦਿੱਤੀ। ਹੇ ਮੇਰੇ ਪਾਤਿਸ਼ਾਹ! ਜਦ ਤੁਸੀਂ ਆਪਣੇ ਹੋਂਠ ਖੋਲ੍ਹਦੇ ਹੋ ਤੇ ਉਹਨਾਂ ਵਿਚੋਂ ਕੋਈ ਬੋਲ ਨਿਕਲਦੇ ਹਨ ਤਾਂ ਮੈਨੂੰ ਇੰਝ ਲੱਗਦਾ ਹੈ ਜਿਵੇਂ ਕੋਈ ਕਲੀ ਖਿਲ ਗਈ ਹੈ। ਕੋਈ ਫੁੱਲ ਬਣ ਗਿਆ ਹੈ। ਮੇਰਾ ਹਿਰਦਾ ਮੁਅੱਤਰ ਹੋ ਜਾਂਦਾ ਹੈ। ਮੈਂ ਬਾਗ਼ ਬਾਗ਼ ਹੋ ਜਾਂਦਾ ਹਾਂ। ਫੁੱਲਾਂ ਨਾਲ ਤਸ਼ਬੀਹ ਦਿੱਤੀ ਹੈ। ਇਹਦੇ ਉੱਤੇ ਤੁਲਸੀ ਦਾ ਵੀ ਖ਼ਿਆਲ ਇਕ ਚੇਤੇ ਆ ਰਿਹਾ ਹੈ, ਤੁਹਾਡੀ ਨਜ਼ਰ ਕਰਾਂ। ਉਹ ਕਹਿੰਦਾ ਹੈ - *ਸੰਤ ਰਿਧਾ ਨਵਨੀਤ ਸਮਾਣਾ।* ਸੰਤ ਦਾ ਹਿਰਦਾ ਤੇ ਮੱਖਣ ਦੀ ਤਰ੍ਹਾਂ ਹੁੰਦਾ ਹੈ। ਕਠੋਰ ਤੇ ਪੱਥਰ ਦੀ ਤਰ੍ਹਾਂ ਹੁੰਦਾ ਹੈ। ਉਹਨੂੰ ਮਨੁੱਖ ਵੀ ਨਹੀਂ ਕਹਿਣਾ। ਮੱਖਣ ਦੀ ਤਰ੍ਹਾਂ ਹੁੰਦਾ ਹੈ ਸੰਤ ਦਾ ਹਿਰਦਾ। ਪਰ ਤੁਲਸੀ ਕਹਿੰਦੇ ਹਨ, ਹੇ ਪ੍ਰਭੂ! ਹੇ ਦੁਨੀਆਂ ਦੇ ਸੰਤ ਜਨੋ! ਮੈਨੂੰ ਮਾਫ਼ ਕਰੋ। ਮੈਨੂੰ ਤਸ਼ਬੀਹ ਦੇਣ ਦਾ ਢੰਗ ਨਹੀਂ ਆਇਆ। ਉਦਾਹਰਣ ਮੈਂ ਗ਼ਲਤ ਦੇ ਬੈਠਾ ਹਾਂ। ਪ੍ਰਮਾਣ ਮੈਂ ਗ਼ਲਤ ਦੇ ਬੈਠਾ ਹਾਂ-

*ਸੰਤ ਰਿਧਾ ਨਵਨੀਤ ਸਮਾਣਾ।*

ਇਸ ਕਵੀ ਨੇ ਕਹਿ ਦਿੱਤਾ ਹੈ ਪਰ ਕਹਿਣ ਦਾ ਢੰਗ ਨਹੀਂ ਆਇਆ। ਸੇਕ ਲਗੇ ਤਾਂ ਮੱਖਣ ਪਿਘਲ ਜਾਂਦਾ ਹੈ, ਪਰ ਸੰਤ ਦਾ ਹਿਰਦਾ ਤੇ ਐਸਾ ਹੈ। ਸੇਕ ਕਿਸੇ ਦੂਜੇ ਨੂੰ ਲੱਗਿਆ ਪਰ ਪਿਗਲ ਆਪ ਗਿਆ। ਇਤਨਾ ਕੋਮਲ ਹੈ। ਹੇ ਮੇਰੇ ਪਤਿਸ਼ਾਹ! ਹੇ ਮੇਰੇ ਗੁਰਦੇਵ! ਤੁਹਾਡਾ ਇਕ ਬੋਲ ਇੰਝ ਹੈ ਜਿਵੇਂ ਖੰਡ ਦੀ ਬੋਰੀ। ਇਹ ਮਿਸਾਲ ਤਾਂ ਮੈਂ ਦੇ ਦਿੱਤੀ, ਪਰ ਮੇਰੇ ਪਾਤਿਸ਼ਾਹ! ਮੈਂ ਗ਼ਲਤ ਦੇ ਦਿੱਤੀ। ਹੇ ਮੇਰੇ ਕਲਗੀਧਰ ਪਾਤਿਸ਼ਾਹ! ਤੁਹਾਡਾ ਇਕ ਬੋਲ ਕਰੋੜਾਂ ਜ਼ਿੰਦਗੀਆਂ ਵਿਚ ਮਿਠਾਸ ਭਰ ਕੇ ਵੀ ਤੁਹਾਡਾ ਸ਼ਬਦ ਬਣਿਆ ਰਹਿੰਦਾ ਹੈ ਅਤੇ ਰਹਿੰਦੇ ਯੁੱਗਾਂ ਤੱਕ ਤੁਹਾਡਾ ਸ਼ਬਦ ਜ਼ਿੰਦਗੀ ਦੇ ਵਿਚ ਮਿਠਾਸ ਭਰਦਾ ਰਹੇਗਾ। ਮੈਨੂੰ ਮਿਸਾਲ ਦੇਣ ਦੀ ਜਾਚ ਨਹੀਂ ਆਈ। ਮੈਨੂੰ ਕਹਿਣ ਦਾ ਢੰਗ ਨਹੀਂ ਆਇਆ।

ਕਿਧਰੇ ਕਿਧਰੇ ਮਹਿਕ ਜਦ ਡੁੱਲਦੀ ਹੈ ਤਾਂ ਫੁੱਲ ਦੀ ਹੋਂਦ ਦਾ ਪਤਾ ਚੱਲਦਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਬੋਲ ਪਏ। ਬਈ ਪ੍ਰਣ ਤੇ ਤੂੰ ਕੀਤਾ ਸੀ 500 ਮੋਹਰਾਂ ਦਾ। ਅੰਦਰੋਂ ਤੇ ਤੂੰ ਅਰਦਾਸ ਕੀਤੀ ਸੀ 500 ਮੋਹਰਾਂ ਭੇਟ ਕਰਾਂਗਾ। ਰੱਖਦਾ ਦੋ ਪਿਆ ਹੈਂ? ਇਕ ਦਮ ਕੋਠੇ 'ਤੇ ਚੜ੍ਹ ਗਿਆ। "ਗੁਰ ਲਾਧੋ ਰੇ ਗੁਰ ਲਾਧੋ ਰੇ।" ਨਾਅਰਾ ਲਾਇਆ। ਸੱਚ ਦਾ ਪਤਾ ਚੱਲ ਗਿਆ। ਪਰਮ ਪੁਰਖ ਦੀ ਪਛਾਣ ਹੋ ਜਾਵੇ ਤੇ ਜਦ ਉਹ ਪ੍ਰਗਟ ਹੋ ਜਾਵੇ ਤਾਂ ਆਪਣਾ ਆਪ ਨਿਛਾਵਰ ਕਰ ਦਿਉ। ਆਪਣੇ ਆਪ ਨੂੰ ਕੁਰਬਾਨ ਕਰ ਦਿਉ। ਧੰਨ ਗੁਰੂ ਤੇਗ਼ ਬਹਾਦਰ ਸਾਹਿਬ ਜੀ ਮਹਾਰਾਜ ਦਾ ਇਹ ਮਹਾਨ ਵਾਕ ਆਪ ਸਰਵਨ ਕਰੋ ਤੇ ਸਮੇਂ ਸਿਰ ਸਮਾਪਤੀ ਕਰਨ ਦੀ ਕੋਸ਼ਿਸ਼ ਕਰੀਏ। ਇਕ ਦਫ਼ਾ ਪਿਆਰ ਨਾਲ ਆਖੋ- ਸਤਿਨਾਮ ਸ੍ਰੀ ਵਾਹਿਗੁਰੂ।

*ਸੋਰਠਿ ਮਹਲਾ ੯॥ ਮਨ ਕੀ ਮਨ ਹੀ ਮਾਹਿ ਰਹੀ॥*

ਪ੍ਰਥਮ ਸਮਝਣਾ ਪਏਗਾ ਕਿ ਮਨ ਵਿਚ ਕੀ ਹੈ। ਕੀ ਰਹਿ ਗਿਆ ਹੈ, ਇਹ ਸਮਝਣਾ ਪਏਗਾ। ਹੁਣ ਇਸ ਇਕੋ ਪੰਗਤੀ ਨੂੰ ਸਮਝਾਉਣ ਲਈ ਪਤਾ ਨਹੀਂ ਕਿਤਨੇ ਗ੍ਰੰਥ ਖੋਲ੍ਹਣੇ ਪੈਣਗੇ।

*ਰਾਜਨ ਕਉਨੁ ਤੁਮਾਰੈ ਆਵੈ॥* (ਅੰਗ ੧੧੦੫)

ਕਿਹੜੇ ਰਾਜ ਦੀ ਗੱਲ ਹੋ ਰਹੀ ਹੈ? ਕੌਣ ਗੱਲ ਕਰ ਰਿਹਾ ਹੈ? ਐਸਾ ਕੌਣ ਕਹਿ ਰਿਹਾ ਹੈ? ਬੜਾ ਵਿਸਥਾਰ ਕਰਨਾ ਪਏਗਾ। ਇਸ ਤਰ੍ਹਾਂ ਸ਼ਬਦਾਂ ਦੇ ਅਰਥ ਕਰਕੇ ਲੰਘ ਗਏ ਤਾਂ ਪੱਲੇ ਕੱਖ ਵੀ ਨਹੀਂ ਪੈਣਾ। ਅੱਜ ਜਿਤਨੇ ਧਰਮ ਪ੍ਰਚਾਰ ਦੇ ਸਾਧਨ ਮੁਹੱਈਆ ਹਨ, ਪਹਿਲੇ ਨਹੀਂ ਸਨ ਪਰ ਅੱਜ ਜਿਤਨਾ ਮਨੁੱਖ ਬੇਚੈਨ ਤੇ ਅਧਾਰਮਿਕ ਹੋ ਗਿਆ ਹੈ, ਪਹਿਲੇ ਨਹੀਂ ਸੀ। ਇਹਦੇ ਅਨੇਕਾਂ ਕਾਰਣ ਹਨ, ਫੇਰ ਕਿਸੇ ਵਕਤ ਬਿਆਨ ਕਰਾਂਗਾ।

*ਮਨ ਕੀ ਮਨ ਹੀ ਮਾਹਿ ਰਹੀ॥*

ਪਹਿਲੇ ਸਮਝਣਾ ਚਾਹੀਦਾ ਹੈ ਕਿ ਮਨ ਕੀ ਹੈ? ਕਾਮਨਾਵਾਂ। ਕਾਮਨਾਵਾਂ ਦਾ ਸਮੂਹ ਹੈ, ਹੋਰ ਕੁਝ ਵੀ ਨਹੀਂ। ਕੀ ਸਾਰੀਆਂ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ? ਕਦੇ ਵੀ

ਨਹੀਂ। ਇਸ ਚੱਕਰ ਵਿਚ ਨਾ ਪੈਣਾ, ਨਹੀਂ ਹੁੰਦੀਆਂ। ਕਿਧਰੇ ਇਕ ਅੱਧ ਕਾਮਨਾ ਪੂਰੀ ਹੋ ਜਾਏ ਤਾਂ ਦੱਸ ਕਾਮਨਾਵਾਂ ਨੂੰ ਜਨਮ ਦੇਂਦੀ ਹੈ। ਕਾਮਨਾਵਾਂ ਦੇ ਸਮੂਹ ਦਾ ਨਾਮ ਹੈ ਕਾਮ। ਧਨ ਦੀ ਕਾਮਨਾ, ਰੂਪ ਦੀ ਕਾਮਨਾ, ਪ੍ਰਭੁੱਤਾ ਦੀ ਕਾਮਨਾ ਬਥੇਰੀਆਂ ਕਾਮਨਾਵਾਂ ਹਨ। ਇਹਨਾਂ ਸਾਰੀਆਂ ਕਾਮਨਾਵਾਂ ਦੇ ਜੋੜ ਨੂੰ ਕਹਿੰਦੇ ਹਨ ਕਾਮ ਅਤੇ ਇਹ ਹੀ ਮੂਲ ਹੈ। ਜਦ ਪੰਜਾਂ ਦੀ ਗਿਣਤੀ ਹੋਵੇ, ਤਾਂ ਗਿਣਤੀ ਕਾਮ ਤੋਂ ਕਰਨੀ ਪੈਂਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਗਿਣਤੀ ਇਥੋਂ ਹੀ ਕਰਨੀ ਪੈਂਦੀ ਹੈ। ਮੂਲ ਕਾਮ ਹੈ। ਕਾਮਨਾਵਾਂ ਦਾ ਸਮੂਹ। ਪਭੁੱਤਾ ਦੀ ਕਾਮਨਾ, ਰੂਪ ਜੋਬਨ ਦੀ ਕਾਮਨਾ ਅਤੇ ਧਨ ਦੀ ਕਾਮਨਾ।

ਕਾਮਨਾ ਕਿਧਰੇ ਇਕ ਪੂਰੀ ਹੋ ਗਈ ਤਾਂ ਹੁਣ ਇਹਨੂੰ ਸੰਗ੍ਰਹਿ ਕਰਨਾ ਹੈ, ਵਧਾਉਣਾ ਹੈ। ਲੋਭ, ਕਾਮ ਹੀ ਲੋਭ ਨੂੰ ਜਨਮ ਦੇਂਦਾ ਹੈ। ਕਾਮਨਾ ਪੂਰੀ ਹੋ ਗਈ। ਹਜ਼ਾਰ ਦਮੜੇ ਮਿਲ ਗਏ। ਲੱਖ ਮਿਲ ਗਿਆ, ਹੁਣ ਦੱਸ ਲੱਖ ਕਰਨਾ ਹੈ। ਇਹਨੂੰ ਕਰੋੜ ਕਰਨਾ ਹੈ। ਕਿਧਰੇ ਰੂਪ ਦੀ ਕਾਮਨਾ ਸੀ, ਪੂਰੀ ਹੋ ਗਈ। ਹੁਣ ਇਸਦਾ ਵੀ ਸੰਗ੍ਰਹਿ ਕਰਨਾ ਹੈ। 600 ਬੇਗਮਾਂ ਸਨ ਨਜ਼ਾਮ ਹੈਦਰਾਬਾਦ ਦੀਆਂ। 400 ਦੇ ਕਰੀਬ ਕਹਿੰਦੇ ਸਨ ਇਕ ਰਾਜੇ ਦੀਆਂ ਪਟਰਾਣੀਆਂ ਸਨ। ਜੋ ਕਾਮਨਾ ਪੂਰੀ ਹੋ ਗਈ ਹੈ, ਇਹ ਤਾਂ ਕੋਲ ਹੈ, ਪਿਆਰੀ ਲੱਗਦੀ ਹੈ। ਉਹਦੇ ਨਾਲ ਫੇਰ ਮੋਹ ਹੋ ਜਾਂਦਾ ਹੈ। ਕਾਮ ਹੀ ਮੋਹ ਹੈ, ਕਾਮ ਹੀ ਲੋਭ ਹੈ। ਹੁਣ ਜਿਸ ਨੇ ਕਾਮਨਾ ਪੂਰਤੀ ਵਿਚ ਰੋਕ ਕੀਤੀ, ਫਿਰ ਕ੍ਰੋਧ ਪ੍ਰਗਟ ਹੋ ਜਾਂਦਾ ਹੈ। ਕਾਮ ਹੀ ਕ੍ਰੋਧ ਹੈ।

*ਕਾਮੁ ਕ੍ਰੋਧੁ ਕਾਇਆ ਕਉ ਗਾਲੈ॥ ਜਿਉ ਕੰਚਨ ਸੋਹਾਗਾ ਢਾਲੈ॥*

(ਅੰਗ ੯੩੨)

ਕਾਮਨਾਵਾਂ ਪੂਰੀਆਂ ਹੋ ਗਈਆਂ ਤਾਂ ਹੰਕਾਰ ਪ੍ਰਗਟ ਹੋ ਜਾਂਦਾ ਹੈ। ਇਹ ਮੇਰਾ ਧਨ, ਮੇਰੀ ਪ੍ਰਭੁੱਤਾ, ਮੇਰੀ ਸੰਮਪਦਾ, ਇਹ ਸਭ ਰੰਗ ਰੂਪ ਮੇਰਾ, ਮੇਰਾ, ਮੇਰਾ ਤੇ ਹੰਕਾਰ। ਮੂਲ ਕਾਮ ਹੈ ਹੰਕਾਰ ਦਾ। ਕਾਮੀ ਮਨੁੱਖ ਕ੍ਰੋਧੀ ਹੋਵੇਗਾ। ਕਾਮੀ ਮਨੁੱਖ ਹੰਕਾਰੀ ਹੋਵੇਗਾ। ਕਾਮੀ ਮਨੁੱਖ ਅਤਿਅੰਤ ਲੋਭੀ ਹੋਵੇਗਾ। ਕਾਮੀ ਮਨੁੱਖ ਮੋਹ ਵਿਚ ਫੱਸਿਆ ਹੋਵੇਗਾ। ਭਗਤ ਰਵੀਦਾਸ ਕਹਿੰਦੇ ਹਨ—

*ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥ ਹਮ ਕਹੀਅਤ ਕਲਿਜੁਗ ਕੇ ਕਾਮੀ॥*

(ਅੰਗ ੭੧੦)

ਕਾਮਨਾਵਾਂ ਨਾਲ ਭਰੇ ਹੋਏ। ਬੜਾ ਵਿਸਥਾਰ ਹੈ ਇਸਦਾ। ਬੜਾ ਖੁਲਾਸਾ ਹੈ ਇਸਦਾ। ਬੜੀ ਵਿਚਾਰਧਾਰਾ ਹੈ। ਮੈਂ ਅਰਜ਼ ਕਰਾਂ ਮਰਦੇ ਦਮ ਤੱਕ ਰਹਿ ਕੀ ਜਾਂਦਾ ਹੈ? ਕਾਮਨਾਵਾਂ ਹੀ ਰਹਿ ਜਾਂਦੀਆਂ ਹਨ।

*ਸਭੇ ਇਛਾ ਪੂਰੀਆਂ ਜਾ ਪਾਇਆ ਅਗਮ ਅਪਾਰਾ॥*

(ਅੰਗ ੭੪੭)

ਜਿਸ ਦਿਨ ਉਹ ਅਗੰਮ ਮਿਲਦਾ ਹੈ, ਸੀਮਿਤ ਦੀਆਂ ਇੱਛਾਵਾਂ ਮਰ ਜਾਂਦੀਆਂ ਹਨ। ਜਿਸ ਦਿਨ ਸੂਰਜ ਮਿਲਦਾ ਹੈ, ਉਸ ਦਿਨ ਦੀਵੇ ਦੀ ਖ਼ਾਹਿਸ਼ ਖ਼ਤਮ ਹੋ ਜਾਂਦੀ ਹੈ। ਜਿਸ ਦਿਨ ਸਾਗਰ ਮਿਲਦਾ ਹੈ, ਛਪੜੀਆਂ ਆਪੇ ਛੁੱਟ ਜਾਂਦੀਆਂ ਹਨ। ਅਗਮ ਅਪਾਰ ਦੀ ਪ੍ਰਾਪਤੀ ਸਭ ਕੁਛ ਦੀ ਪ੍ਰਾਪਤੀ ਹੈ।

*ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥*

(ਅੰਗ ੯੫੮)

ਅਖ਼ੀਰ ਨੂੰ ਅੰਤਿਮ ਸਮੇਂ ਮਨ ਦੀਆਂ ਜਿਤਨੀਆਂ ਕਾਮਨਾਵਾਂ ਹਨ, ਮਨ ਦੀ ਗੱਲ ਮਨ ਵਿਚ ਹੀ ਰਹਿ ਗਈ। ਕੁਝ ਵੀ ਨਾ ਮਿਲਿਆ। ਜੀਵਨ ਦੀ ਅਸਫਲਤਾ ਮੌਤ ਦੇ ਸਾਹਮਣੇ ਆ ਕੇ ਪ੍ਰਗਟ ਹੋ ਜਾਂਦੀ ਹੈ।

*ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ॥ ੧ ॥ ਰਹਾਉ॥*

ਨਾ ਤਾਂ ਹਰੀ ਦਾ ਭਜਨ ਕੀਤਾ। ਨਾ ਤੀਰਥਾਂ 'ਤੇ ਜਾ ਕੇ ਜੱਪ ਤੱਪ ਕੀਤਾ। ਅਖ਼ੀਰ ਨੂੰ ਮੌਤ ਨੇ ਆਣ ਕੇ ਚੋਟੀ ਪਕੜ ਲਈ। ਕੇਸ ਪਕੜ ਲਏ। ਭਾਵ ਮੌਤ ਦਾ ਪਤਾ ਅੱਖਾਂ ਤੋਂ ਚੱਲਦਾ ਹੈ, ਮੱਥੇ ਤੋਂ ਚੱਲਦਾ ਹੈ। ਇਹ ਮਸਤਿਕ ਉਹ ਨਹੀਂ ਜੋ ਜਿਊਂਦਾ ਜਾਗਦਾ ਸੀ। ਇਹ ਅੱਖਾਂ ਉਹ ਨਹੀਂ ਜੋ ਜਿਊਂਦੀਆਂ ਜਾਗਦੀਆਂ ਸਨ। ਇਹ ਜ਼ਬਾਨ ਉਹ ਨਹੀਂ ਰਹੀ। ਆਖ਼ਿਰ ਮੌਤ ਨੇ ਆ ਕੇ ਸਿਰ ਨੂੰ ਪਕੜਿਆ ਹੈ। ਮਨ ਦੀਆਂ ਗੱਲਾਂ ਮਨ ਵਿਚ ਹੀ ਰਹਿ ਗਈਆਂ। ਕਿਉਂਕਿ ਕਾਮਨਾਵਾਂ ਰੋਜ਼ ਰੋਜ਼ ਵੱਧਦੀਆਂ ਜਾ ਰਹੀਆਂ ਹਨ ਅਤੇ ਜੀਵਨ ਰੋਜ਼ ਰੋਜ਼ ਛੋਟਾ ਹੁੰਦਾ ਜਾ ਰਿਹਾ ਹੈ।

*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥*

(ਅੰਗ ੭੨੬)

ਇਕ ਇਕ ਬੂੰਦ ਘੜੇ ਵਿਚੋਂ ਜੋ ਪਾਣੀ ਦੀ ਨਿਕਲਦੀ ਹੈ, ਉਸ ਨਾਲ ਪਾਣੀ ਘੱਟ ਰਿਹਾ ਹੈ। ਅੱਜ ਦੇ ਦਿਨ ਨੇ ਤੈਨੂੰ ਘਟਾ ਦੇਣਾ ਹੈ। ਇਕ ਦਿਨ ਤੇਰੀ ਜ਼ਿੰਦਗੀ ਘਟਾ ਦੇਣੀ ਹੈ। ਰੋਜ਼ ਰੋਜ਼ ਤੂੰ ਘੱਟ ਰਿਹਾ ਹੈਂ। ਹਰ ਸਵੇਰੇ ਨਿਕਲਿਆ ਹੋਇਆ ਸੂਰਜ ਤੇਰੀ ਜ਼ਿੰਦਗੀ ਵਿਚ ਇਕ ਦਿਨ ਘਟਾ ਦੇਂਦਾ ਹੈ। ਜਿਸ ਨੂੰ ਇਹ ਆਪਣਾ ਘੱਟਣਾ ਦਿਖਾਈ ਦੇ ਰਿਹਾ ਹੈ ਤਾਂ ਹਿਰਦਾ ਬੈਰਾਗੀ ਹੋ ਜਾਏਗਾ। ਪ੍ਰਭੂ ਦੀ ਯਾਦ ਚੱਲ ਪਏਗੀ। ਆਪਣਾ ਵੱਧਣਾ ਦਿਖਾਈ ਦੇ ਰਿਹਾ ਹੈ ਤਾਂ ਹਿਰਦਾ ਹੰਕਾਰੀ ਹੋ ਜਾਏਗਾ। ਹੋਰ ਮੋਹ ਵਿਚ ਫੱਸਦਾ ਜਾਏਗਾ। ਸਾਹਿਬ ਕਹਿੰਦੇ ਹਨ ਕਿ ਆਖ਼ਰ ਇਕ ਦਿਨ ਮੌਤ ਨੇ ਆਣ ਕੇ ਚੋਟੀ ਪਕੜ ਲਈ।

*ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭੁ ਮਹੀ॥*

ਇਹ ਇਸਤਰੀ, ਇਹ ਪੁੱਤਰ, ਇਹ ਸਾਰੇ ਸਨਬੰਧੀ, ਇਹ ਧਨ ਤੇ ਸੰਮਪਦਾ ਜਿਸਨੂੰ

ਕਹਿੰਦਾ ਸੀ ਮੇਰੀ ਹੈ, ਇਕ ਛਿਨ ਦੇ ਵਿਚ ਸਾਰਾ ਕੁਝ ਤੋੜ ਕੇ ਰੱਖ ਦਿੱਤਾ। ਨਾ ਪਤਨੀ ਰਹੀ, ਨਾ ਪੁੱਤਰ ਰਿਹਾ। ਨਾ ਦੌਲਤ ਰਹੀ। ਸਭ ਨਾਲ ਸੰਬੰਧ ਟੁੱਟ ਗਏ। ਮੌਤ ਤੋੜੇ, ਉਸ ਤੋਂ ਪਹਿਲੇ ਐਸੇ ਨਾਲ ਸੰਬੰਧ ਜੋੜ ਲਉ ਤਾਂ ਮੌਤ ਕੁਛ ਨਹੀਂ ਤੋੜ ਸਕਦੀ। ਭਾਵੇਂ ਤੇਰੇ ਸਰੀਰ ਦਾ ਨਾਸ਼ ਹੋ ਜਾਏ ਪਰ ਤੂੰ ਉਸ ਪਰਮ ਵਿਚ ਲੀਨ ਹੋ ਜਾਏਂਗਾ। ਪ੍ਰਮਾਤਮਾ ਵਿਚ ਲੀਨ ਹੋ ਜਾਏਂਗਾ। ਇਹਨਾਂ ਸਾਰਿਆਂ ਦਾ ਸੰਬੰਧ ਤੇ ਕਈ ਦਫ਼ਾ ਮੌਤ ਨੇ ਤੋੜਿਆ ਹੈ ਪਰ ਤੂੰ ਉਸ ਇਕ ਨਾਲ ਕਦੀ ਸੰਬੰਧ ਜੋੜਿਆ ਹੀ ਨਹੀਂ ਜਿਸ ਨੂੰ ਮੌਤ ਵੀ ਨਹੀਂ ਤੋੜ ਸਕਦੀ। ਸਾਹਿਬ ਕਹਿੰਦੇ ਹਨ ਕਿ ਇਹ ਮਿੱਤਰ, ਇਹ ਪੁੱਤਰ, ਇਹ ਸਨਬੰਧੀ, ਇਹ ਧਨ ਦੌਲਤ ਜਿਸ ਨੂੰ ਤੂੰ ਕਹਿ ਰਿਹਾ ਹੈਂ ਮੇਰੀ ਹੈ।

*ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ॥ ੧॥*

ਇਸ ਸਭ ਕੁਝ ਨੂੰ ਮਿਥਿਆ ਜਾਣ। ਸਭ ਨਾਸ਼ਵੰਤ ਹੋ ਜਾਣਾ ਹੈ, ਕੇਵਲ ਰਾਮ ਦੇ ਭਜਨ ਨੂੰ ਹੀ ਸਹੀ ਸਮਝ, ਸਦੀਵੀ ਸਮਝ ਅਤੇ ਹਮੇਸ਼ਾ ਦਾ ਸੰਬੰਧ ਸਮਝ ਕੇਵਲ ਰਾਮ, ਕੇਵਲ ਪ੍ਰਭੂ।

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*

ਭਟਕਣਾ ਤੇਰੀ ਬਹੁਤ ਲੰਬੀ ਹੈ। ਪਤਾ ਨਹੀਂ ਕਿਤਨਾ ਚਿਰ ਤੂੰ ਪੱਥਰ ਰਿਹਾ, ਬਨਸਪਤੀ ਰਿਹਾ। ਪਸ਼ੂ ਰਿਹਾ। ਪ੍ਰਕਿਰਤੀ ਨੇ ਤੈਨੂੰ ਮਨੁੱਖਾ ਜਨਮ ਦਿੱਤਾ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਮਹਾਰਾਜ ਇਕ ਹੋਰ ਸ਼ਬਦ ਵਿਚ ਵੀ ਫ਼ੁਰਮਾਣ ਕਰਦੇ ਹਨ-

*ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ॥*

ਕਿਉਂ ਜਨਮ ਅਕਾਰਥ ਗਵਾ ਰਿਹਾ ਹੈਂ, ਕਿਉਂ ਅਜਾਈਂ ਗਵਾ ਰਿਹਾ ਹੈਂ। ਬਾਰ ਬਾਰ ਧੰਨ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਉਸ ਨੂੰ ਬੋਧ ਕਰਾਉਂਦੇ ਹਨ, ਚੇਤੇ ਕਰਾਉਂਦੇ ਹਨ। ਕਿਤਨੇ ਜਨਮਾਂ ਵਿਚ ਤੂੰ ਭਟਕਿਆ। ਕਿਤਨੇ ਯੁਗਾਂ ਵਿਚ ਤੂੰ ਭਟਕਿਆ ਤੇ ਫਿਰ ਪ੍ਰਾਪਤ ਹੋਈ ਹੈ ਇਹ ਮਨੁੱਖਾ ਦੇਹੀ। ਸਮਝਾ ਤਾਂ ਮਨ ਨੂੰ ਰਹੇ ਹਨ। ਕਹਿੰਦੇ ਹਨ ਮਨੁੱਖ ਦੂਜੇ ਨੂੰ ਜਿਤਨੀ ਕਲਾ ਨਾਲ, ਜਿਤਨੀ ਸਮਰੱਥਾ ਨਾਲ, ਜਿਤਨੀ ਤਾਕਤ ਨਾਲ ਸਮਝਣ ਦੀ ਕੋਸ਼ਿਸ਼ ਕਰਦਾ ਹੈ ਤਾਂ ਸਿਆਣਾ ਬਣਦਾ ਹੈ ਪਰ ਆਪਣੇ ਮਨ ਨੂੰ ਸਮਝਣ ਵਿਚ ਉਤਨਾ ਹੀ ਕਮਜ਼ੋਰ ਹੈ ਤੇ ਸਮਝਾਉਣ ਵਿਚ ਉਤਨਾ ਹੀ ਅਸਮਰਥ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਇਸ ਭੇਦ ਨੂੰ ਖੋਹਲਦੇ ਹਨ-

*ਬਿਰਥਾ ਕਹਉ ਕਉਨ ਸਿਉ ਮਨ ਕੀ॥*
*ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥*

(ਅੰਗ ੪੧੧)

ਕਿਉਂਕਿ ਸੁੱਖ ਮਿਲੇਗਾ, ਪਰ ਹੁੰਦਾ ਕੀ ਹੈ।

*ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ॥*

ਧਨ ਤਾਂ ਮਿਲ ਗਿਆ ਪਰ ਸੁੱਖ ਨਹੀਂ ਮਿਲਿਆ। ਪੁੱਤ ਤਾਂ ਮਿਲ ਗਿਆ, ਸੁੱਖ ਨਹੀਂ ਮਿਲਿਆ। ਮਹਿਲ ਮਾੜੀਆਂ ਤਾਂ ਮਿਲ ਗਈਆਂ, ਸੁੱਖ ਨਹੀਂ ਮਿਲਿਆ।

*ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥*
*ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥*

ਮਾਨਸ ਜਨਮ ਅਕਾਰਥ ਗਵਾ ਦਿੱਤਾ। ਇਤਨਾ ਕੀਮਤੀ ਜਨਮ।

*ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ॥*
*ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ॥*

(ਅੰਗ ੪੧੧)

ਰਾਮ ਤੀਰਥ ਠੀਕ ਕਹਿੰਦੇ ਹਨ। ਜੀਵਨ ਨੂੰ ਸਫਲ ਕਰਨ ਵਾਸਤੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀਆਂ ਦੋ ਪੰਗਤੀਆਂ ਹੀ ਕਾਫ਼ੀ ਹਨ। ਜ਼ਿੰਦਗੀ ਨੂੰ ਮੋੜ ਕੇ ਰੱਖ ਦੇਂਦੀਆਂ ਹਨ, ਬਦਲ ਦੇ ਰੱਖ ਦੇਂਦੀਆਂ ਹਨ, ਪ੍ਰਭੂ ਨਾਲ ਜੋੜ ਕੇ ਰੱਖ ਦੇਂਦੀਆਂ ਹਨ। ਸਾਹਿਬ ਇਥੇ ਸਮਝਾਂਦੇ ਪਏ ਹਨ ਕਿ ਕਿਤਨੇ ਯੁਗ ਤੂੰ ਭਰਮਾਂ ਵਿਚ ਭਟਕਿਆ ਹੈਂ ਤਾਂ ਕਿਤੇ ਜਾ ਕੇ ਪ੍ਰਕਿਰਤੀ ਨੇ ਤੈਨੂੰ ਇਹ ਮਨੁੱਖਾ ਦੇਹੀ ਦਿੱਤੀ ਹੈ।

*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥ ੨ ॥ ੨ ॥*

ਨੌਵੇਂ ਸਤਿਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਨੂੰ ਮਿਲਣ ਦਾ ਤਾਂ ਇਹੀ ਸਮਾਂ ਹੈ। ਨਾ ਪੱਥਰ ਮਿਲ ਸਕਦਾ ਹੈ, ਨਾ ਬਨਸਪਤੀ ਮਿਲ ਸਕਦੀ ਹੈ, ਨਾ ਪਸ਼ੂ ਮਿਲ ਸਕਦੇ ਹਨ, ਤੂੰ ਮਿਲ ਸਕਦਾ ਹੈਂ। ਤੂੰ ਚਾਹੇ ਤਾਂ ਮਿਲ ਸਕਦਾ ਹੈ। ਤੂੰ ਚਾਹੇ ਤਾਂ ਪ੍ਰਭੂ ਨੂੰ ਪ੍ਰਾਪਤ ਕਰ ਸਕਦਾ ਹੈਂ ਪਰ ਕੀਤਾ ਕੀ ਜਾਏ, ਤੇਰੇ ਅੰਦਰ ਨਾਮ ਦਾ ਜਾਗਰਣ ਨਹੀਂ ਹੁੰਦਾ। ਤੇਰੇ ਅੰਦਰ ਕਾਮ ਦਾ ਜਾਗਰਣ ਹੈ। ਪਸ਼ੂਆਂ ਦੀਆਂ ਲੋੜਾਂ ਹਨ। ਲੋੜਾਂ ਨਾ ਪੂਰੀਆਂ ਹੋਣ ਤਾਂ ਪਸ਼ੂ ਦੁੱਖੀ ਹੁੰਦੇ ਹਨ। ਮਨੁੱਖ ਦੀਆਂ ਲੋੜਾਂ ਦੇ ਨਾਲ ਕਾਮਨਾਵਾਂ ਹਨ। ਇਸ ਵਾਸਤੇ ਲੋੜਾਂ ਪੂਰੀਆਂ ਵੀ ਹੋ ਜਾਣ, ਮਨੁੱਖ ਦੁੱਖੀ ਹੋ ਜਾਂਦਾ ਹੈ। ਇਹ ਕਾਮ ਹੀ ਰਾਮ ਨਾਲ ਜੁੜਨ ਨਹੀਂ ਦੇਂਦਾ। ਕਾਮਨਾਵਾਂ ਦਾ ਸਮੂਹ ਹੈ-

*ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ॥*

(ਅੰਗ ੪੧੧)

ਕਿਉਂ ਨਹੀਂ ਗਾਉਂਦਾ? ਇਕ ਮੌਕਾ ਮਿਲਿਆ ਸੀ ਪ੍ਰਮਾਤਮਾ ਨਾਲ ਜੁੜਨ ਦਾ। ਧੰਨਤਾ ਦੇ ਯੋਗ ਹਨ, ਪੂਜਣ ਦੇ ਯੋਗ ਹਨ ਜੋ ਇਸ ਮਨੁੱਖਤਾ ਜਨਮ ਦਾ ਸਹੀ ਉਪਯੋਗ ਕਰ ਲੈਂਦੇ ਹਨ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਤੋਂ ਇਹ ਪ੍ਰੇਰਣਾ ਲੈ ਲੈਂਦੇ

ਹਨ। ਵਾਕਿਆ ਹੀ ਇਹ ਜਨਮ ਪ੍ਰਭੂ ਨੂੰ ਮਿਲਣ ਵਾਸਤੇ ਹੈ। ਪ੍ਰਮਾਤਮਾ ਨੂੰ ਮਿਲਣ ਵਾਸਤੇ ਹੈ, ਪਰ ਗੋਬਿੰਦ ਦਾ ਮਿਲਣਾ ਤਾਂ ਕੇਵਲ ਮਨੁੱਖ ਨੂੰ ਹੀ ਨਸੀਬ ਹੈ।

ਸਤਿਗੁਰੂ ਰਹਿਮਤ ਕਰਨ। ਸਾਰਿਆਂ ਦੀ ਜੀਵਨ ਯਾਤਰਾ ਸਫਲ ਕਰਨ। ਭੁੱਲਾਂ ਚੁੱਕਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

# ਭਜੁ ਗੋਬਿੰਦ ਸਭਿ ਛੋਡਿ ਜੰਜਾਲ

ਬਿਲਾਵਲੁ ਮਹਲਾ ੫ ॥

*ਮਾਤ ਗਰਭ ਹਾਥ ਦੇ ਰਾਖਿਆ ॥ ਹਰਿ ਰਸੁ ਛੋਡਿ ਬਿਖਿਆ ਫਲੁ ਚਾਖਿਆ ॥ ੧ ॥*
*ਭਜੁ ਗੋਬਿੰਦ ਸਭ ਛੋਡਿ ਜੰਜਾਲ ॥*
*ਜਬ ਜਮੁ ਆਇ ਸੰਘਾਰੈ ਮੂੜੇ ਤਬ ਤਨੁ ਬਿਨਸਿ ਜਾਇ ਬੇਹਾਲ ॥ ੧ ॥ ਰਹਾਉ ॥*
*ਤਨੁ ਮਨੁ ਧਨੁ ਅਪਨਾ ਕਰਿ ਥਾਪਿਆ ॥ ਕਰਨਹਾਰੁ ਇਕ ਨਿਮਖ ਨ ਜਾਪਿਆ ॥ ੨ ॥*
*ਮਹਾ ਮੋਹ ਅੰਧ ਕੂਪ ਪਰਿਆ ॥ ਪਰਾਬ੍ਰਹਮੁ ਮਾਇਆ ਪਟਲਿ ਬਿਸਰਿਆ ॥ ੩ ॥*
*ਵਡੈ ਭਾਗਿ ਪ੍ਰਭ ਕੀਰਤਨੁ ਗਾਇਆ ॥ ਸੰਤਸੰਗਿ ਨਾਨਕ ਪ੍ਰਭੁ ਪਾਇਆ ॥ ੪ ॥ ੧੧ ॥*

(ਅੰਗ ੮੦੫)

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਸਨਮਾਨ ਯੋਗ ਗੁਰੂ ਰੂਪ ਸਾਧਸੰਗਤਿ ਜੀਉ! ਇਸ ਜੀਵਨ ਦਾ ਆਦਿ ਮਾਤਾ ਦੇ ਗਰਭ ਤੋਂ ਆਰੰਭ ਹੁੰਦਾ ਹੈ। ਅੱਜ ਦੇ ਵਾਕ ਵਿਚ ਅਜਿਹਾ ਹੀ ਸਤਿਗੁਰੂ ਫ਼ੁਰਮਾਣ ਕਰਦੇ ਹਨ। ਪਰ ਕਿਉਂਕਿ ਸਾਡੇ ਅਨੰਤ ਜੀਵਨ ਹੋ ਚੁੱਕੇ ਹਨ, ਮਾਤਾ ਦਾ ਗਰਭ ਅਨੰਤ ਜੀਵਨ ਦਾ ਆਦਿ ਨਹੀਂ ਹੈ, ਇਸ ਜੀਵਨ ਦਾ ਆਦਿ ਹੈ। ਜੇ ਅਨੰਤ ਜੀਵਨ ਨੂੰ ਲਈਏ ਤਾਂ ਇਹ ਯਾਤਰਾ ਬੜੀ ਲੰਮੀ ਹੈ।

*ਹਉ ਆਇਆ ਦੂਰਹੁ ਚਲਿ ਕੈ*

(ਅੰਗ ੭੬੩)

ਇਹ ਯਾਤਰਾ ਲੱਖਾਂ ਕਰੋੜਾਂ ਸਾਲ ਪਹਿਲੇ ਆਰੰਭ ਹੋਈ। ਇਹ ਪ੍ਰਕਰਨ ਅਲੱਗ ਹੈ। ਜਿਸ ਦਿਨ ਦਾ ਮਨੁੱਖਾ ਜੀਵਨ ਮਿਲਿਆ ਹੋਵੇਗਾ। ਪਤਾ ਨਹੀਂ ਕਦੋਂ ਤੋਂ ਅਸੀਂ ਮਨੁੱਖ ਚਲੇ ਆ ਰਹੇ ਹਾਂ।

*ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥ ਬਹੁਤੁ ਸਜਾਇ ਪਇਆ ਦੇਸਿ ਲੰਮੈ ॥*

(ਅੰਗ ੧੦੨੦)

ਇਹ ਜਿਹੜਾ ਹੁਣ ਸਾਡੇ ਕੋਲ ਇਸ ਸਮੇਂ ਦਾ ਜੀਵਨ ਹੈ, ਵਰਤਮਾਨ ਦਾ ਜੀਵਨ ਹੈ, ਇਸ ਦੀ ਆਰੰਭਤਾ ਮਾਤਾ ਦੇ ਗਰਭ ਤੋਂ ਹੋਈ। ਦੂਸਰਾ ਇਕ ਨੁਕਤਾ ਹੈ। ਜਿਸ ਚੀਜ਼

ਦਾ ਮਨੁੱਖ ਨੂੰ ਅਨੁਭਵ ਨਹੀਂ, ਮਨੁੱਖ ਉਸਦੀ ਮੰਗ ਨਹੀਂ ਕਰਦਾ। ਇਹ ਜੋ ਪ੍ਰਾਣਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਪ੍ਰਮਾਤਮਾ ਦੀ ਜਿਹੜੀ ਚਾਹਤ ਹੈ, ਇਸਦਾ ਅਨੁਭਵ ਇਸਦੇ ਕੋਲ ਹੋਣਾ ਚਾਹੀਦਾ ਹੈ। ਇਸਦਾ ਅਨੁਭਵ ਇਸਦੇ ਕੋਲ ਹੈ। ਇਕ ਤੀਸਰਾ ਨੁਕਤਾ ਹੈ। ਅਜਿਹੇ ਜੀਵਨ ਦੀ ਪਿਆਸ ਜਿਸ ਵਿਚ ਮੌਤ ਨਾ ਹੋਵੇ, ਅਜਿਹੇ ਜੀਵਨ ਨੂੰ ਹੀ ਪ੍ਰਮਾਤਮਾ ਕਹਿੰਦੇ ਹਨ।

ਅਜਿਹੀ ਸ਼ਕਤੀ ਦੀ ਪਿਆਸ ਜੋ ਹਮੇਸਾਂ ਵੱਧਦੀ ਜਾਏ, ਕਦੀ ਘਟੇ ਨਾ, ਅਜਿਹੀ ਸ਼ਕਤੀ ਦਾ ਨਾਮ ਹੀ ਪ੍ਰਮਾਤਮਾ ਹੈ। ਅਜਿਹੇ ਧਨ ਦਾ ਲੋਭ, ਜੀਵਨ ਭਰ ਵੱਧਦਾ ਹੀ ਜਾਏ, ਘਟੇ ਕਦੀ ਨਾ, ਅਜਿਹੇ ਪਰਮ ਧਨ ਦਾ ਨਾਮ ਹੀ ਪ੍ਰਮਾਤਮਾ ਹੈ। ਅਜਿਹਾ ਸਿੰਘਾਸਨ, ਅਜਿਹੀ ਪ੍ਰਭੁੱਤਾ ਜੋ ਕਦੀ ਖੋਹੀ ਨਾ ਜਾਏ, ਉਸੇ ਦਾ ਨਾਮ ਹੀ ਪ੍ਰਭੂ ਹੈ। ਅਜਿਹੀ ਖ਼ੁਸ਼ੀ ਚਾਹੀਦੀ ਹੈ ਮਨੁੱਖ ਨੂੰ ਜੋ ਕਦੀ ਦੁੱਖ ਵਿਚ ਨਾ ਬਦਲੇ। ਅਜਿਹੀ ਮਹਾਨ ਖ਼ੁਸ਼ੀ ਦਾ ਨਾਮ ਪ੍ਰਮਾਤਮਾ ਹੈ। ਅਜਿਹੀ ਖ਼ੁਸ਼ੀ ਕਿਉਂ ਚਾਹੀਦੀ ਹੈ ਮਨੁੱਖ ਨੂੰ? ਅਜਿਹੀ ਸ਼ਕਤੀ, ਅਜਿਹਾ ਧਨ, ਅਜਿਹੀ ਪ੍ਰਭੁੱਤਾ? ਇਸਦਾ ਮਨੁੱਖ ਨੂੰ ਅਨੁਭਵ ਹੋ ਚੁੱਕਿਆ ਹੈ। ਇਸਦੀ ਕੁਝ ਮਿਠਾਸ ਇਹ ਮਾਣ ਚੁੱਕਿਆ ਹੈ। ਇਸਦੀ ਕੁਝ ਝਲਕ ਇਹ ਦੇਖ ਚੁੱਕਿਆ ਹੈ। ਸਮਾਧੀ ਲੀਨ ਇਹ ਹੋ ਚੁੱਕਿਆ ਹੈ। ਪਰ ਜੇ ਸਮਾਧੀ ਲੀਨ ਹੋਇਆ ਸੀ, ਇਸਦੀ ਆਪਣੀ ਤਪੱਸਿਆ ਨਹੀਂ ਸੀ। ਇਹ ਬਸ ਸਿਰਫ਼ ਕਰਤੇ ਪੁਰਖ ਦੀ ਰਹਿਮਤ ਸੀ। ਸਮਾਧੀ ਦਾ ਆਨੰਦ ਇਹ ਮਾਣ ਚੁੱਕਿਆ ਹੈ। ਆਤਮਿਕ ਰੱਸ ਦਾ ਸੁਆਦ ਇਹ ਮਾਣ ਚੁੱਕਿਆ ਹੈ। ਪਰਮ ਪ੍ਰਕਾਸ਼ ਦੀ ਝਲਕ ਇਹ ਦੇਖ ਚੁੱਕਿਆ ਹੈ। ਪਰਮ ਧਨ ਦਾ ਆਨੰਦ, ਪ੍ਰਭੁੱਤਾ ਦੀ ਝਲਕ ਤੇ ਪਰਮ ਸਿੰਘਾਸਨ 'ਤੇ ਇਹ ਬੈਠ ਚੁੱਕਿਆ ਹੈ।

ਹਰ ਇਕ ਨੇ ਇਹ ਕਹਿ ਦੇਣਾ ਹੈ ਕਿ ਨਹੀਂ ਦੇਖਿਆ। ਦੇਖਿਆ ਹੈ ਹਰ ਇਕ ਨੇ ਪ੍ਰਭੂ ਦੀ ਝਲਕ ਨੂੰ। ਨਹੀਂ ਤਾਂ ਪ੍ਰਭੂ ਦੀ ਮੰਗ ਨਹੀਂ ਹੋ ਸਕਦੀ। ਹਰ ਇਕ ਨੇ ਉਸ ਪਰਮ ਸ਼ਕਤੀ ਨੂੰ ਦੇਖਿਆ ਹੈ ਨਹੀਂ ਤਾਂ ਪ੍ਰਭੁੱਤਾ ਦੀ ਮੰਗ ਨਹੀਂ ਹੋ ਸਕਦੀ। ਹਰ ਇਕ ਨੇ ਉਸ ਪਰਮ ਧਨ ਨਾਲ ਝੋਲੀ ਭਰੀ ਸੀ ਨਹੀਂ ਤਾਂ ਜੀਵਨ ਭਰ ਧਨ ਦੀ ਮੰਗ ਨਹੀਂ ਹੋ ਸਕਦੀ। ਹਰ ਇਕ ਨੇ ਉਸ ਪਰਮ ਜੀਵਨ ਨੂੰ ਦੇਖਿਆ ਸੀ ਤਾਂ ਹੀ ਜੀਵਨ ਭਰ ਜੀਵਨ ਦੀ ਲਾਲਸਾ ਹੀ ਬਣਦੀ ਹੈ, ਮੌਤ ਨਹੀਂ ਚਾਹੀਦੀ। ਹੈ ਅਜਿਹਾ ਜੀਵਨ ਜਿਸ ਵਿਚ ਮੌਤ ਨਹੀਂ ਹੈ। ਹੈ ਅਜਿਹਾ ਧਨ ਜੋ ਦਿਨ ਰਾਤ ਵੱਧਦਾ ਹੈ।

*ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨਾ ਘਾਟਿ॥*

(ਅੰਗ ੩੦੦)

ਘੱਟਦਾ ਨਹੀਂ। ਹੈ ਅਜਿਹੀ ਖ਼ੁਸ਼ੀ ਜੋ ਕਦੀ ਗ਼ਮ ਵਿਚ ਨਹੀਂ ਬਦਲਦੀ। ਅਜਿਹੇ ਜੀਵਨ ਦਾ ਰੱਸ ਇਹ ਮਨੁੱਖ ਮਾਣ ਚੁੱਕਿਆ ਹੈ। ਹਰ ਜੀਵ ਨੇ ਕਹਿਣਾ ਹੈ ਨਹੀਂ, ਅਜਿਹਾ

ਸੁੱਖ, ਅਜਿਹਾ ਪ੍ਰਕਾਸ਼, ਅਜਿਹੀ ਸਮਾਧੀ, ਅਜਿਹਾ ਆਨੰਦ, ਅਜਿਹੀ ਸਤ੍ਹਾ ਜੋ ਕਦੀ ਖੋਹੀ ਨਾ ਜਾਵੇ, ਅਜਿਹਾ ਧਨ ਜੋ ਕਦੀ ਘਟੇ ਨਾ, ਅਜਿਹਾ ਜੀਵਨ ਜਿਸ ਵਿਚ ਮੌਤ ਹੋਵੇ ਹੀ ਨਾ, ਅਜਿਹਾ ਤਾਂ ਪ੍ਰਾਪਤ ਨਹੀਂ ਹੋਇਆ। ਪਰ ਅਜਿਹਾ ਪ੍ਰਾਪਤ ਹੋ ਚੁੱਕਿਆ ਹੈ।

ਅਜਿਹੀ ਅਵਸਥਾ ਬਣ ਚੁੱਕੀ ਹੈ। ਕਿੱਥੇ ਬਣੀ ਹੈ? ਮਾਤਾ ਦੇ ਗਰਭ ਵਿਚ। ਇਕ ਨਾਮ ਅਭਿਆਸੀ ਸਮਾਧੀ ਵਿਚ ਜੋ ਅਨੁਭਵ ਕਰਦਾ ਹੈ, ਉਸਦਾ ਸਾਰਾ ਰੱਸ ਇਹ ਬੱਚਾ ਮਾਣਦਾ ਹੈ। ਸਮਾਧੀ ਵਿਚ ਜੁੜੀ ਹੋਈ ਚੇਤਨਾ ਜੋ ਆਨੰਦ ਵਿਭੋਰ ਹੁੰਦੀ ਹੈ, ਉਸ ਆਨੰਦ ਦੀ ਝਲਕ ਇਹ ਬੱਚਾ ਦੇਖ ਚੁੱਕਿਆ ਹੈ। ਸਮਾਧੀ ਵਿਚ ਜੋ ਪਰਮ ਪ੍ਰਭੁੱਤਾ ਇਸਨੂੰ ਪ੍ਰਾਪਤ ਹੁੰਦੀ ਹੈ, ਉਸਦੀ ਖੇਡ ਇਹ ਖੇਡ ਚੁੱਕਿਆ ਹੈ। ਗੁਰਬਾਣੀ ਤਾਂ ਇਹ ਕਹਿੰਦੀ ਹੈ ਕਿ ਉਸੇ ਆਨੰਦ, ਉਸੇ ਰੱਸ ਦੇ ਸਦਕਾ ਇਹ ਜੱਠਰ ਅਗਨ ਵਿਚ ਜਲਿਆ ਨਹੀਂ। ਨਹੀਂ ਤਾਂ ਕੰਠ ਤੋਂ ਥੱਲੇ ਜਿਹੜੀ ਵੀ ਕੋਮਲ ਚੀਜ਼ ਚਲੀ ਜਾਂਦੀ ਹੈ, ਪੱਚ ਜਾਂਦੀ ਹੈ। ਆਖ਼ਿਰ ਦੁਨੀਆਂ ਵਿਚ ਮਾਸਾਹਾਰੀ ਵੀ ਹਨ। ਇਹ ਮਾਸ ਖਾਂਦੇ ਹਨ ਤੇ ਮਾਸ ਪੱਚ ਜਾਂਦਾ ਹੈ। ਮਨੁੱਖੀ ਬੱਚਾ ਮਾਸ ਦਾ ਟੁੱਕੜਾ ਹੀ ਤਾਂ ਸੀ ਅੰਦਰ, ਇਹ ਤਾਂ ਪੱਲਦਾ ਰਿਹਾ, ਇਹ ਤਾਂ ਨਹੀਂ ਗਲਿਆ। ਇਹ ਤਾਂ ਵੱਧਦਾ ਗਿਆ, ਖ਼ਤਮ ਨਹੀਂ ਹੋਇਆ। ਜੱਠਰ ਅਗਨੀ ਸਭ ਕੁਝ ਨੂੰ ਖ਼ਤਮ ਕਰ ਦਿੰਦੀ ਹੈ। ਭਾਵੇਂ ਸਾਇੰਸ ਕੁਝ ਵੀ ਆਖੇ।

ਜਿਹੜੀਆਂ ਜਿਹੜੀਆਂ ਗੱਲਾਂ ਤੋਂ ਇਹ ਸਾਇੰਟਿਸਟ ਕੱਲ ਤੱਕ ਇਨਕਾਰ ਕਰਦੇ ਸਨ, ਅੱਜ ਮੰਨਣ ਲੱਗ ਪਏ ਹਨ। ਜਿਵੇਂ ਕੁਝ ਵਿਗਿਆਨਕ ਕਹਿੰਦੇ ਹਨ ਕਿ ਅਜਿਹਾ ਲੱਗਦਾ ਹੈ ਕਿ ਪਦਾਰਥ ਸੁੱਕੜ ਕੇ, ਅਤਿਅੰਤ ਸੂਖਸ਼ਮ ਹੋ ਕੇ ਮੇਰਾ ਮਨ ਬਣ ਗਿਆ। ਗੁਰਬਾਣੀ ਅਤੇ ਭਾਰਤ ਦੇ ਸਾਰੇ ਰਿਸ਼ੀ ਮੁਨੀ ਕਹਿੰਦੇ ਹਨ ਕਿ ਅਜਿਹਾ ਮਹਿਸੂਸ ਹੁੰਦਾ ਹੈ ਕਿ ਸਾਡਾ ਮਨ ਹੀ ਫੈਲਦਿਆਂ ਫੈਲਦਿਆਂ ਸੰਸਾਰ ਬਣ ਗਿਆ। ਇਹ ਵਿਕਸਿਤ ਮਨ ਪਸ਼ੂ ਕੋਲ ਨਹੀਂ ਹੈ ਤਾਂ ਇਹ ਪਰਿਵਾਰ ਵੀ ਨਹੀਂ ਹੈ। ਠੀਕ ਹੈ, ਅੱਜ ਉਲਟੇ ਢੰਗ ਨਾਲ ਮੰਨਦੇ ਪਏ ਹਨ, ਕੱਲ ਸਿੱਧੇ ਢੰਗ ਨਾਲ ਵੀ ਮੰਨ ਲੈਣਗੇ। ਕੱਲ ਤੱਕ ਸੰਸਾਰ ਦੀ ਉਤਪਤੀ ਵਿਚ ਹੋਰ ਹੋਰ ਕਾਰਨ ਦੱਸਦੇ ਸਨ ਤੇ ਅੱਜ ਇੱਕੋ ਹੀ ਜ਼ਬਾਨ ਹੋ ਕੇ ਕਹਿ ਰਹੇ ਹਨ ਕਿ ਇਕ ਧਮਾਕਾ ਹੋਇਆ ਹੈ ਬ੍ਰਹਿਮੰਡ ਵਿਚ। ਉਸ ਤੋਂ ਹੀ ਅਰਬਾਂ ਖਰਬਾਂ ਸੂਰਜ ਪ੍ਰਗਟ ਹੋਏ। ਉਸੇ ਤੋਂ ਇਹ ਜੀਵਨ ਚੱਲਿਆ। ਗੁਰਬਾਣੀ ਤਾਂ ਪਹਿਲੇ ਤੋਂ ਕਹਿ ਰਹੀ ਹੈ-

*ਕੀਤਾ ਪਸਾਉ ਏਕੋ ਕਵਾਉ॥*

(ਅੰਗ ੩)

ਇਕ ਧਮਾਕਾ ਹੋਇਆ।

*ਤਿਸ ਤੇ ਹੋਏ ਲਖ ਦਰੀਆਓ॥*

ਇਹ ਲੱਖਾਂ ਜ਼ਿੰਦਗੀ ਦੇ ਦਰਿਆ ਚੱਲ ਪਏ। ਜ਼ਿੰਦਗੀ ਦਾ ਦਰਿਆ ਕੀ ਹੈ? ਸੂਰਜ।

ਹਰ ਪ੍ਰਿਥਵੀ 'ਤੇ ਜ਼ਿੰਦਗੀ ਚੱਲਦੀ ਹੈ ਸੂਰਜ ਕਰਕੇ। ਜੇਕਰ ਸੂਰਜ ਠੰਢਾ ਪੈ ਜਾਏ ਤਾਂ ਸਭ ਕੁਝ ਠੰਢਾ ਹੋ ਜਾਵੇਗਾ। ਇਹ ਜੋ ਪ੍ਰਕਿਰਤੀ ਇੰਨੇ ਭੇਸ ਬਦਲਦੀ ਹੈ।

*ਸੂਰਜੁ ਏਕੋ ਰੁਤਿ ਅਨੇਕ॥ ਨਾਨਕ ਕਰਤੇ ਕੇ ਕੇਤੇ ਵੇਸ॥*

(ਅੰਗ ੧੨)

ਉਸੇ ਇਕ ਸ਼ਬਦ ਤੋਂ ਅਰਬਾਂ ਖਰਬਾਂ ਸੂਰਜ ਬਣ ਗਏ। ਸੂਰਜ ਜ਼ਿੰਦਗੀ ਦਾ ਦਰਿਆ ਹੈ। ਜ਼ਿੰਦਗੀ ਨੂੰ ਚਲਾਉਣ ਵਾਲਾ ਹੈ। ਰੁੱਤਾਂ ਚੱਲਦੀਆਂ ਹਨ, ਵਾਰ ਚੱਲਦੇ ਹਨ, ਮਹੀਨੇ ਚੱਲਦੇ ਹਨ, ਮੌਸਮ ਬਦਲਦੇ ਹਨ ਅਤੇ ਜੀਵਨ ਚੱਲਦਾ ਹੈ।

ਧੰਨ ਗੁਰੂ ਅਮਰਦਾਸ ਜੀ ਮਹਾਰਾਜ ਫ਼ੁਰਮਾਣ ਕਰਦੇ ਹਨ-

*ਉਤਪਤਿ ਪਰਲਉ ਸਬਦੇ ਹੋਵੈ॥ ਸਬਦੇ ਹੀ ਫਿਰਿ ਓਪਤ ਹੋਵੈ॥*

(ਅੰਗ ੧੧੭)

ਅਰਬਾਂ ਖਰਬਾਂ ਸੂਰਜ ਪ੍ਰਗਟ ਹੁੰਦੇ ਹਨ ਇਕ ਧਮਾਕੇ ਤੋਂ, ਸ਼ਬਦ ਤੋਂ ਅਤੇ ਇਸ ਸ਼ਬਦ ਦੇ ਰਾਹੀਂ ਸੰਸਾਰ ਦੀ ਵਾਪਸੀ ਹੈ। ਇਸ ਵਾਸਤੇ ਸ਼ਬਦ ਨੂੰ ਦਰ ਮੰਨ ਲਿਆ ਗਿਆ ਹੈ। ਜੇਕਰ ਸ਼ਬਦ ਗੁਰੂ ਹੈ ਤਾਂ ਸ਼ਬਦ ਦਰਵਾਜ਼ਾ ਹੈ। ਦਰਵਾਜ਼ਾ ਆਉਣ ਜਾਣ ਵਾਸਤੇ ਹੁੰਦਾ ਹੈ। ਉੱਤਪਤੀ ਵੀ ਇਸੇ ਤੋਂ ਹੋਈ ਹੈ, ਪਰਲੈ ਵੀ ਇਸੇ ਤੋਂ ਹੋਵੇਗੀ। ਹੇ ਪ੍ਰਭੂ! ਜਿਸ ਦਰਵਾਜ਼ੇ ਤੋਂ ਆਉਣ ਹੋਇਆ ਹੈ, ਸਾਡੀ ਵਾਪਸੀ ਕਰ ਉਸ ਦਰਵਾਜ਼ੇ ਤੋਂ। ਵਾਪਸੀ ਸ਼ਬਦ ਤੋਂ ਹੋਵੇਗੀ। ਜਿੰਨੇ ਚਿਰ ਤੱਕ ਸੁਰਤ ਸ਼ਬਦ ਨਾਲ ਨਹੀਂ ਜੁੜਦੀ, ਵਾਪਸੀ ਨਹੀਂ ਹੋਵੇਗੀ। ਇਹ ਜੰਮਦਾ ਰਹੇਗਾ, ਮਰਦਾ ਰਹੇਗਾ। ਵਾਪਸੀ ਕਦੋਂ ਹੋਵੇਗੀ? ਸੁਰਤ ਸ਼ਬਦ ਨਾਲ ਜੁੜੇ। ਸੁਨਣ ਨੂੰ ਸੁਰਤ ਕਹਿੰਦੇ ਹਨ। ਸੁਰਤ ਦੇ ਤਿੰਨ ਅਰਥ ਹਨ - ਸੁਰਤ ਸੁਨਣਾ, ਸੁਰਤ ਸਮਝਣਾ, ਸੁਰਤ ਜੁੜਨਾ। ਇਹ ਤਾਂ ਸੌਤਾ ਹੈ। ਇਹ ਸੁਣ ਰਿਹਾ ਹੈ। ਜੇਕਰ ਸੁਣ ਰਿਹਾ ਹੈ ਤਾਂ ਸੁਰਤ ਆ ਜਾਏਗੀ। ਹੁਣ ਸੁਰਤ ਦੇ ਅਰਥ ਹਨ ਸਮਝ, ਇਸਨੂੰ ਸਮਝ ਆ ਜਾਏਗੀ।

ਗੁਰੂ ਦੇਖਣ ਦਾ ਵਿਸ਼ਾ ਨਹੀਂ ਹੈ, ਕੰਨਾਂ ਦਾ ਵਿਸ਼ਾ ਹੈ। ਜਿਹੜਾ ਸਫਲ ਹੋ ਜਾਂਦਾ ਹੈ ਗੁਰੂ ਨੂੰ ਸੁਨਣ ਵਿਚ, ਉਹ ਸਫਲ ਹੋ ਜਾਂਦਾ ਹੈ ਪ੍ਰਮਾਤਮਾ ਨੂੰ ਦੇਖਣ ਵਿਚ। ਅੱਖਾਂ ਖੁੱਲ੍ਹਣਗੀਆਂ ਸ਼ਬਦ ਦੀ ਚੋਟ ਨਾਲ। ਹੁਣ ਤਾਂ ਵਿਗਿਆਨ ਵੀ ਮੰਨਣ ਲੱਗ ਪਿਆ ਹੈ ਕਿ ਮਨੁੱਖ ਵੱਧ ਤੋਂ ਵੱਧ 10 ਫ਼ੀਸਦੀ ਜਾਗਿਆ ਹੋਇਆ ਹੈ। 90 ਫ਼ੀਸਦੀ ਮਨੁੱਖ ਦੀ ਜੀਵਨ ਚੇਤਨਾ ਸੁੱਤੀ ਪਈ ਹੈ। ਇੰਝ ਕਹਿ ਲਉ ਕਿ 90 ਫ਼ੀਸਦੀ ਸਾਡਾ ਉਸ ਨਾਲ ਕੋਈ ਸੰਬੰਧ ਨਹੀਂ। ਜਿੰਨਾ ਜਾਗਾਂਗੇ, ਉੱਨੀ ਦੁਨੀਆਂ। ਪਸ਼ੂ ਪੂਰਾ ਸੁੱਤਾ ਹੋਇਆ ਹੈ ਤਾਂ ਸੁੱਖ ਦੇ ਵਿਚ ਹੈ। ਇਕ ਸੰਤ ਪੂਰਾ ਜਾਗਿਆ ਹੋਇਆ ਹੈ, ਆਨੰਦ ਦੇ ਵਿਚ ਹੈ। ਸਮੱਸਿਆਵਾਂ ਪਸ਼ੂ ਨੂੰ ਵੀ ਨਹੀਂ ਹਨ, ਸੰਤ ਨੂੰ ਵੀ ਨਹੀਂ ਹਨ, ਸਿਰਫ਼ ਮਨੁੱਖ ਨੂੰ ਹੀ ਹਨ। ਸੰਤ ਤਾਂ ਤੱਤੀ ਤਵੀ 'ਤੇ ਬੈਠ ਕੇ ਵੀ ਮੁਸਕੁਰਾਉਂਦਾ ਹੈ। ਮਨੁੱਖ ਫੁੱਲਾਂ ਦੇ ਸੇਜ 'ਤੇ ਵੀ ਰੋਂਦਾ ਹੈ। ਸੰਤ ਚਾਰ ਦਿਨ ਦਾ ਭੁੱਖਾ

ਵੀ ਆਨੰਦਿਤ ਹੈ, ਪਰ ਮਨੁੱਖ ਤਾਂ ਪੇਟ ਭਰਿਆ ਹੋਇਆ ਹੈ ਤਾਂ ਵੀ ਭੁੱਖਾ ਤੇ ਕੰਗਾਲ ਹੈ। ਦੂਜੇ ਦੇ ਮੂੰਹ ਦੀਆਂ ਬੁਰਕੀਆਂ ਖੋਂਹਦਾ ਹੈ।

ਇਕ ਪੂਰਾ ਸੁੱਤਾ ਹੋਇਆ ਹੈ, ਇਕ ਪੂਰਾ ਜਾਗਿਆ ਹੋਇਆ ਹੈ। ਇਕ ਦੀ ਸਮੱਸਿਆ ਹੈ ਇਸ ਕਰਕੇ ਕਿ ਨਹੀਂ ਹੈ, ਸਮੱਸਿਆ ਦੇ ਪ੍ਰਤੀ ਸੁੱਤਾ ਹੋਇਆ ਹੈ। ਸਮਾਜਿਕ, ਰਾਜਨੀਤਿਕ, ਧਾਰਮਿਕ ਜ਼ਿੰਮੇਵਾਰੀਆਂ ਪਸ਼ੂ ਦੀਆਂ ਨਹੀਂ ਹਨ। ਉਹ ਸਮਝਦਾ ਹੀ ਨਹੀਂ ਹੈ। ਇਹਨਾਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਸੰਤ ਅੱਗੇ ਚਲਾ ਗਿਆ। ਇਹਨਾਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਪਸ਼ੂ ਥੱਲੇ ਹੈ। ਮਨੁੱਖ ਇਹਨਾਂ ਜ਼ਿੰਮੇਵਾਰੀਆਂ ਦੇ ਵਿਚ ਹੈ। ਇਸ 'ਤੇ ਸਮਾਜਿਕ ਜ਼ਿੰਮੇਵਾਰੀਆਂ ਹਨ, ਰਾਜਨੀਤਿਕ ਜ਼ਿੰਮੇਵਾਰੀਆਂ ਹਨ, ਧਾਰਮਿਕ ਜ਼ਿੰਮੇਵਾਰੀਆਂ ਵੀ ਹਨ ਤਾਂ ਸਮੱਸਿਆਵਾਂ ਹੋਣਗੀਆਂ। ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਦੇਖਿਆ, ਉਹਨਾਂ ਨੇ ਕਿਹਾ ਕਿ ਇਹ ਤਾਂ ਭੂਤਨਾ ਹੈ, ਬੇਤਾਲਾ ਹੈ, ਕੁਲ ਨੂੰ ਡੋਬਣ ਵਾਲਾ ਹੈ।

ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਸੁਣਿਆ, ਉਹਨਾਂ ਨੇ ਕਿਹਾ ਕਿ ਇਹ ਤਾਂ ਸਾਰੇ ਜਹਾਨ ਨੂੰ ਤਾਰਨ ਵਾਲਾ ਹੈ। ਜਿਨ੍ਹਾਂ ਨੇ ਦੇਖਿਆ ਗੁਰੂ ਅੰਗਦ ਦੇਵ ਜੀ ਮਹਾਰਾਜ ਨੂੰ, ਵੇਖਣ ਵਾਲਿਆਂ ਨੇ ਤਾਂ ਆਪਣੇ ਪਿੰਡ 'ਚੋਂ ਵੀ ਕੱਢ ਦਿੱਤਾ ਸੀ ਕਿ ਮੀਂਹ ਪਾਉ ਜਾਂ ਸਾਡਾ ਨਗਰ ਛੱਡ ਜਾਉ। ਸਤਿਗੁਰੂ ਕਹਿਣ ਲੱਗੇ ਕਿ ਮੀਂਹ ਕਰਤਾਰ ਦੇ ਹੱਥ ਵਿਚ ਹੈ, ਨਗਰੀ ਤੁਹਾਡੀ ਛੱਡ ਦਿੰਦੇ ਹਾਂ। ਜਿਨ੍ਹਾਂ ਨੇ ਵੇਖਿਆ ਧੰਨ ਗੁਰੂ ਅਮਰਦਾਸ ਜੀ ਨੂੰ, ਉਹਨਾਂ ਨੇ ਕਹਿ ਦਿੱਤਾ ਕਿ ਇਹ ਉਹੀ ਅਮਰੂ ਨਿਥਾਵਾਂ ਹੈ। ਕੀ ਹੋਇਆ ਸਿੰਘਾਸਨ 'ਤੇ ਬੈਠ ਗਿਆ? ਅੱਧੀ ਅੱਧੀ ਰਾਤ ਨੂੰ ਜੋ ਭਟਕਦਾ ਸੀ, ਮੋਢੇ 'ਤੇ ਗਾਗਰ ਚੁੱਕ ਕੇ ਜੋ ਚੱਲਦਾ ਸੀ, ਤੱਪੜ ਝਾੜਦਾ ਸੀ, ਕੁੜਮਾਂ ਦੇ ਘਰ ਆ ਕੇ ਰਹਿੰਦਾ ਸੀ। ਪਰ ਜਿਨ੍ਹਾਂ ਨੇ ਸੁਣਿਆ, ਉਹਨਾਂ ਨੇ ਇਕ ਜ਼ਬਾਨ ਹੋ ਕੇ ਕਹਿ ਦਿੱਤਾ ਕਿ ਨਿਥਾਵਿਆਂ ਦੀ ਥਾਂ ਗੁਰੂ ਅਮਰਦਾਸ, ਨਿਮਾਣਿਆਂ ਦੇ ਮਾਣ ਗੁਰੂ ਅਮਰਦਾਸ, ਨਿਓਟਿਆਂ ਦੀ ਓਟ ਗੁਰੂ ਅਮਰਦਾਸ, ਨਿਧਿਰਿਆਂ ਦੀ ਧਿਰ ਗੁਰੂ ਅਮਰਦਾਸ। ਜਿਨ੍ਹਾਂ ਨੇ ਸਿਰਫ਼ ਦੇਖਿਆ, ਪੰਜਵੀ ਮੂਰਤੀ ਨੂੰ ਤੱਤੀ ਤਵੀ 'ਤੇ ਬਿਠਾਇਆ, ਜਿਨ੍ਹਾਂ ਨੇ ਸੁਣਿਆ, ਉਹੀ ਸੱਦਕੇ ਗਏ। ਜ਼ਿਆਦਾ ਗਿਣਤੀ ਦੇਖਣ ਵਾਲਿਆਂ ਦੀ ਸੀ। ਕਿਉਂ? ਸੁਣਨਾ ਔਖਾ ਹੈ। ਚਾਰ ਘੰਟੇ ਕੀਰਤਨ ਸੁਣਾਉਣ ਵਾਲੇ ਚਾਰ ਮਿੰਟ ਸੁਣ ਨਹੀਂ ਸਕਦੇ, ਕਿਉਂਕਿ ਔਖਾ ਹੈ। ਛੇ-ਛੇ ਘੰਟੇ ਗੁਰਬਾਣੀ ਦਾ ਪਾਠ ਕਰਨ ਵਾਲੇ ਛੇ ਮਿੰਟ ਸੁਣ ਨਹੀਂ ਸਕਦੇ। ਸੁਣਨਾ ਗੁਰੂ ਨਾਲ ਜੁੜਨਾ ਹੈ। ਇਸ ਵਾਸਤੇ ਜਿਸਨੂੰ ਗੁਰੂ ਕੋਲ ਬੈਠਣ ਦੀ ਜਾਚ ਨਹੀਂ ਆਈ, ਗੁਰੂ ਨੂੰ ਵੇਖਣ ਦੀ ਜਾਚ ਨਹੀਂ ਆਈ, ਪ੍ਰਮਾਤਮਾ ਨੂੰ ਨਹੀਂ ਦੇਖ ਸਕੇਗਾ। ਗੁਰੂ ਨੂੰ ਦੇਖਣਾ ਕੀ ਹੈ? ਸੁਣਨਾ। ਬਾਕੀ ਕੰਮ ਆਪੇ ਹੀ ਹੋ ਜਾਏਗਾ। ਇਹ ਗੁਰੂ ਤੱਕ ਪਹੁੰਚੇ, ਪ੍ਰਮਾਤਮਾ ਤੱਕ ਪਹੁੰਚਣ ਦੀ ਲੋੜ ਨਹੀਂ। ਉਹ ਗੁਰੂ ਨੇ ਹੀ ਮਿਲਾ ਦੇਣਾ ਹੈ, ਸ਼ਬਦ ਨੇ ਹੀ ਕਪਾਟ ਖੋਲ੍ਹ ਦੇਣੇ ਹਨ। ਅੱਖਾਂ ਖੋਲ੍ਹ ਦੇਣੀਆਂ ਹਨ, ਸਭ ਕੁਝ ਦਿੱਸ ਪਵੇਗਾ।

*ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀਂ ਕੋਈ॥*

(ਅੰਗ ੪੮੫)

ਮਨੁੱਖ ਦੀ ਜਿਹੜੀ ਮਿਹਨਤ ਹੈ, ਉਹ ਹੈ ਗੁਰੂ ਤੱਕ ਪਹੁੰਚਣ ਦੀ। ਸੰਗਤ ਵਿਚ ਆਉਣ ਨਾਲ ਮਨੁੱਖ ਬਦਲ ਜਾਏਗਾ। ਇਹ ਜਿਸ ਤਰ੍ਹਾਂ ਗੁਰਦੁਆਰੇ ਆਏਗਾ ਉਸੇ ਤਰ੍ਹਾਂ ਵਾਪਿਸ ਨਹੀਂ ਜਾਏਗਾ, ਕੁਝ ਹੋਰ ਹੋ ਕੇ ਜਾਏਗਾ। ਕਿਸੇ ਦਾ ਸੁੱਤ ਬਣ ਕੇ ਇਹ ਗੁਰਦੁਆਰੇ ਆਇਆ ਸੀ, ਇਹ ਸੰਤ ਬਣ ਕੇ ਇਥੋਂ ਵਾਪਿਸ ਜਾਏਗਾ। ਇਹ ਬ੍ਰਹਮ ਗਿਆਨੀ ਬਣ ਕੇ ਇਥੋਂ ਵਾਪਿਸ ਜਾਏਗਾ, ਇਹ ਭਗਤ ਬਣ ਕੇ ਇਥੋਂ ਵਾਪਿਸ ਜਾਏਗਾ। ਮਨਮੁਖ ਦੀ ਤਰ੍ਹਾਂ ਆਇਆ ਸੀ, ਮਨੁੱਖ ਦੀ ਤਰ੍ਹਾਂ ਚਲਾ ਗਿਆ। ਇਸਨੇ ਹਾਜ਼ਰੀ ਭਰੀ ਹੈ, ਗੁਰੂ ਦੀ ਹਜ਼ੂਰੀ ਵਿਚ ਨਹੀਂ ਆਇਆ। ਹਜ਼ੂਰੀ ਵਿਚ ਤਾਂ ਸੁਰਤ ਜਾਣੀ ਸੀ। ਅਨੰਤ ਜਨਮ ਸਾਡੇ ਹੋ ਚੁੱਕੇ ਹਨ।

ਮੈਂ ਅਰਜ਼ ਕਰਾਂ, ਇਕ ਜ਼ਿੰਦਗੀ ਅਜਿਹੀ ਹੈ ਜੋ ਪੂਰੀ ਸੁੱਤੀ ਹੋਈ ਹੈ, ਉਹ ਹੈ ਪੱਥਰ ਦੀ, ਬਨਸਪਤੀ ਦੀ, ਪਸ਼ੂਆਂ ਦੀ। ਇਕ ਜ਼ਿੰਦਗੀ ਅਜਿਹੀ ਹੈ ਪੂਰੀ ਜਾਗੀ ਹੋਈ ਹੈ, ਉਹ ਹੈ ਜੋਗੀ ਦੀ, ਬ੍ਰਹਮ ਗਿਆਨੀ ਦੀ, ਭਗਤ ਦੀ, ਗੁਰਮੁਖ ਦੀ, ਬਾਕੀ ਜੀਵਨ ਅਰਧ ਜਾਗ੍ਰਿਤ ਹੈ। ਪਸ਼ੂ ਪੂਰੀ ਤਰ੍ਹਾਂ ਸੁੱਤੇ ਹੁੰਦੇ ਹਨ, ਉਹਨਾਂ ਨੂੰ ਕਿਸੇ ਦੀ ਸਮਝ ਨਹੀਂ। ਜੋ ਪਰਿਵਾਰ ਨੂੰ ਨਹੀਂ ਸਮਝ ਸਕਿਆ, ਨਿਰੰਕਾਰ ਨੂੰ ਕਿਸ ਤਰ੍ਹਾਂ ਸਮਝੇਗਾ? ਜੋ ਸਰੀਰਕ ਮਾਂ-ਬਾਪ ਨਹੀ ਸਮਝ ਸਕਿਆ, ਉਹ ਸਾਰੇ ਜਗਤ ਦੇ ਪਿਤਾ ਨੂੰ ਕਿਸ ਤਰ੍ਹਾਂ ਸਮਝੇਗਾ? ਉਹ ਸਾਰੇ ਜਗਤ ਦੀ ਮਾਤਾ ਨੂੰ ਕਿਸ ਤਰ੍ਹਾਂ ਸਮਝੇਗਾ?

ਸਮੱਸਿਆਵਾਂ ਬੋਝ ਬਣਦੀਆਂ ਹਨ। ਦਿਨ ਇਕ ਹੁੰਦਾ ਹੈ। ਕਈ ਵਾਰੀ ਇਕ ਦਿਨ ਹੀ ਕਈ ਸਮੱਸਿਆਵਾਂ ਖੜੀਆਂ ਕਰ ਦਿੰਦਾ ਹੈ। ਕਈ ਵਾਰੀ ਇਕ ਦਿਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਾਰੀ ਜ਼ਿੰਦਗੀ ਲੱਗ ਜਾਂਦੀ ਹੈ। ਇਕ ਸੂਫ਼ੀ ਕਹਿੰਦਾ ਹੈ-

*ਜੋ ਹੰਸ ਰਹਾ ਹੈ ਸੋ ਹੰਸ ਕੇ ਰਹੇਗਾ। ਜੋ ਰੋ ਰਹਾ ਹੈ ਸੋ ਰੋ ਕੇ ਰਹੇਗਾ।*
*ਸਕੂਨੇ ਕਲਬ ਸੇ ਖ਼ੁਦਾ ਖ਼ੁਦਾ ਕਰ, ਜੋ ਕੁਛ ਭੀ ਹੋਨਾ ਹੈ ਸੋ ਹੋ ਕੇ ਰਹੇਗਾ।*

ਜਗਤ ਦੇ ਵਿਚ ਜੋ ਹੋਣਹਾਰ ਹੈ, ਉਹ ਤਾਂ ਹੁੰਦਾ ਹੈ, ਅਸੀਂ ਕਬੂਲ ਕਰ ਲਿਆ ਹੈ। ਕੋਈ ਸਮੱਸਿਆ ਉਸਦੇ ਮਨ ਨੂੰ ਖਿੰਡਾਉਣ ਵਿਚ ਸਫਲ ਨਹੀਂ ਹੁੰਦੀ। ਕਿਉਂ? ਮਨ ਤੋਂ ਪਾਰ ਚਲਾ ਗਿਆ ਹੈ। ਸਮੱਸਿਆਵਾਂ ਮਨੁੱਖੀ ਜਗਤ ਵਿਚ ਹਨ। ਮਨੁੱਖ ਦੀ ਦੁਨੀਆਂ ਵਿਚ ਸਭ ਤੋਂ ਵੱਡੀ ਸਮੱਸਿਆ ਧਰਮ ਦੀ ਹੈ। ਕਿਤੇ ਇਹ ਇਕ ਸਮੱਸਿਆ ਹੱਲ ਹੋ ਜਾਏ ਤਾਂ ਸਮਾਜਿਕ ਸਮੱਸਿਆ, ਰਾਜਨੀਤਿਕ ਸਮੱਸਿਆ ਆਪਣੇ ਆਪ ਹੱਲ ਹੋ ਜਾਏਗੀ। ਇਸ ਵਾਸਤੇ ਮੂਲ ਧਰਮ ਹੈ। ਜੇਕਰ ਧਰਮ ਰਾਜਨੀਤੀ ਨਾਲ ਜੁੜ ਜਾਏ ਤਾਂ ਰਾਜਨੀਤੀ ਪਵਿੱਤਰ ਹੋ ਜਾਂਦੀ ਹੈ। ਕਿਸੇ ਦੇ ਸਿਰ ਦਾ ਬੋਝ ਨਹੀਂ ਬਣਦੀ, ਸਗੋਂ ਲੋਕਾਂ ਦੇ ਸਿਰ ਦਾ ਬੋਝ ਲਾਹੁੰਦੀ ਹੈ। ਕਿਸੇ ਦੇ ਰਸਤੇ ਦਾ ਰੋੜਾ ਨਹੀਂ ਬਣਦੀ ਰਾਜਨੀਤੀ, ਸਗੋਂ ਰਸਤੇ ਦਾ ਫੁੱਲ ਬਣ ਜਾਂਦੀ ਹੈ।

ਇਕ ਆਲਮ ਦਾ ਕਹਿਣਾ ਹੈ ਕਿ ਰਸਤੇ ਵਿਚ ਇਸ ਢੰਗ ਨਾਲ ਚੱਲ ਕਿ ਤੈਨੂੰ ਕੋਈ ਮਜਬੂਰ ਹੋ ਕੇ ਸਲਾਮ ਕਰੇ। ਤੇਰੀ ਆਕੜ, ਤੇਰਾ ਘੂਰਨਾ, ਤੇਰੇ ਕਦਮਾਂ ਦੀ ਚਾਲ, ਤੇਰੀ ਇਹ ਸਖ਼ਤੀ ਅਜਿਹਾ ਨਾ ਹੋਵੇ ਕਿ ਕਮਜ਼ੋਰ ਨੂੰ, ਲਾਚਾਰ ਨੂੰ ਝੁਕਣਾ ਪੈ ਜਾਏ। ਕਠੋਰ ਤੇ ਜ਼ਾਲਿਮ ਮਨੁੱਖ ਨੂੰ ਜਦੋਂ ਦਇਆਲੂ ਆਖਣਾ ਪੈਂਦਾ ਹੈ, ਤਾਂ ਇਕਬਾਲ ਕਹਿੰਦਾ ਹੈ ਉਸ ਸਮੇਂ ਐ ਖ਼ੁਦਾ! ਬੰਦੇ ਦੇ ਦਿਲ 'ਤੇ ਕੀ ਗੁਜ਼ਰਦੀ ਹੈ, ਨਾ ਪੁੱਛ। ਸਮਾਧੀ-ਲੀਨ ਹੋਇਆ ਇਕ ਦਿਨ ਸ਼ੇਖ਼ ਸਾਅਦੀ। ਅਲਹਾਮ ਹੋਈਆ ਕਿ ਰੋਜ਼ ਤੂੰ ਪ੍ਰਾਰਥਨਾ ਕਰਦਾ ਸੀ। ਤੇਰੀ ਪ੍ਰਾਰਥਨਾ ਵਿਚ ਹਮੇਸ਼ਾ ਕੋਈ ਮੰਗ ਹੁੰਦੀ ਸੀ। ਅੱਜ ਤੇਰੀ ਪ੍ਰਾਰਥਨਾ ਵਿਚ ਕੋਈ ਮੰਗ ਨਹੀਂ ਸੀ। ਕੁਝ ਮੰਗ ਲੈ। ਸਾਅਦੀ ਕਹਿੰਦਾ ਹੈ, ਅੱਜ ਪ੍ਰਾਰਥਨਾ ਵਿਚ ਕੋਈ ਮੰਗ ਨਹੀਂ ਸੀ ਤਾਂ ਹੀ ਤੂੰ ਪ੍ਰਗਟ ਹੋਇਆ ਹੈਂ। ਰੋਜ਼ ਮੈਂ ਮੰਗਦਾ ਸੀ, ਇਹ ਵੀ ਪਰਦਾ ਬਣ ਜਾਂਦਾ ਸੀ। ਚਲੋ ਪਰਦਾ ਹੱਟ ਗਿਆ। ਪਰ ਮੈਂ ਹੁਣ ਆਪ ਕਹਿ ਰਿਹਾ ਹਾਂ ਤੂੰ ਕੁਝ ਮੰਗ ਲੈ। ਸਾਅਦੀ ਕਹਿੰਦਾ ਹੈ, ਸੰਸਾਰੀ ਜੋ ਮੰਗਦਾ ਹੈ, ਕਾਮਨਾਵਾਂ ਦੇ ਵੱਸ ਹੋ ਕੇ ਪੂਜਾ ਪਾਠ ਕਰਦੇ ਹਨ, ਤੀਰਥ ਯਾਤਰਾ ਕਰਦੇ ਹਨ, ਤੂੰ ਪੂਰੀਆਂ ਕਰ ਦਿੰਦਾ ਹੈਂ, ਪਰ ਜਿਸਨੇ ਤੈਨੂੰ ਦੇਖ ਲਿਆ ਹੈ, ਉਹ ਜਦੋਂ ਕੁਝ ਮੰਗਦਾ ਹੈ, ਤੂੰ ਨਹੀਂ ਦਿੰਦਾ। ਹੇ ਖ਼ੁਦਾ! ਇਹ ਫ਼ਕੀਰ ਲੋਕ, ਇਹ ਗੁਰਮੁਖ ਲੋਕ, ਇਹ ਸੰਤ ਜਨ ਤੇਰੇ ਸੁਭਾਅ ਤੋਂ ਵਾਕਿਫ਼ ਹਨ। ਸੰਸਾਰੀ ਜੋ ਮੰਗਦੇ ਹਨ, ਤੂੰ ਦੇ ਦਿੰਦਾ ਹੈਂ, ਭਗਤ ਜੋ ਮੰਗਦੇ ਹਨ, ਨਹੀਂ ਦਿੰਦਾ। ਖ਼ੁਦਾ ਨੇ ਆਖਿਆ ਫ਼ਕੀਰਾ! ਹੱਦ ਹੋ ਗਈ। ਜ਼ੁਲਮ ਤਾਂ ਮੈਂ ਕੀਤਾ ਨਹੀਂ, ਇਲਜ਼ਾਮ ਪਹਿਲਾਂ ਲਗਾ ਦਿੱਤਾ ਹੈ ਤੂੰ। ਤੂੰ ਅਜੇ ਮੰਗਿਆ ਤਾਂ ਨਹੀਂ ਤੇ ਜੇ ਤੂੰ ਮੰਗੇਂ, ਮੈਂ ਨਾ ਦੇਵਾਂ ਤਾਂ ਤੂੰ ਇਲਜ਼ਾਮ ਲਗਾ। ਤੂੰ ਮੰਗ, ਦੇਵਾਂਗਾ।

ਸ਼ੇਖ਼ ਸਾਅਦੀ ਇਕ ਹੋਰ ਕੀਮਤੀ ਗੱਲ ਕਰਦਾ ਹੈ। ਐ ਖ਼ੁਦਾ! ਇੰਝ ਹੋਵੇ, ਮੈਂ ਮੰਗਾਂ, ਮੈਨੂੰ ਨਾ ਮਿਲੇ ਤੇ ਮੈਂ ਸ਼ਰਮਸਾਰ ਹੋਵਾਂ। ਮੈਂ ਮੰਗਾਂ, ਤੂੰ ਨਾ ਦੇਵੇਂ ਤੇ ਫਿਰ ਤੂੰ ਸ਼ਰਮਸਾਰ ਹੋਵੇਂ। ਯਕੀਨ ਜਾਣੋ, ਮਹਾਨ ਦਾਤਾ ਵੀ ਉਦੋਂ ਸ਼ਰਮਸਾਰ ਹੋ ਜਾਂਦਾ ਹੈ, ਦੇਣਾ ਚਾਹੁੰਦਾ ਹੈ ਪਰ ਦੇਣ ਦੀ ਸਮਰੱਥਾ ਨਹੀਂ। ਜਾਂ ਸਮਰੱਥਾ ਹੈ, ਉਸਦੀ ਮੌਜ ਹੈ, ਨਹੀਂ ਦਿੰਦਾ। ਮੰਗ ਤਾਂ ਸਹੀ। ਪਤਾ ਹੈ ਇਸ ਫ਼ਕੀਰ ਨੇ ਕੀ ਮੰਗਿਆ? ਅਣਖ ਵਾਲਾ, ਛੋਟੀ ਅਕਲ ਵਾਲਾ, ਬੇਗ਼ੈਰਤ ਅਤੇ ਜ਼ਾਲਮ ਤੇ ਦੁਸ਼ਟ, ਇਸਦੇ ਹੱਥਾਂ ਵਿਚ ਕੋਈ ਸ਼ਕਤੀ ਨਾ ਦੇਈਂ। ਜੋ ਰਸਤਿਆਂ ਦੇ ਵਿਚ ਫੁੱਲ ਬਿਛਾਉਂਦਾ ਹੈ, ਇਸਦੇ ਹੱਥ ਕਦੀ ਫੁੱਲਾਂ ਤੋਂ ਖ਼ਾਲੀ ਨਾ ਕਰੀਂ। ਇਸਨੂੰ ਕਦੀ ਇੰਨਾ ਕਮਜ਼ੋਰ ਨਾ ਬਣਾਈਂ ਕਿ ਫੁੱਲ ਬਿਛਾਉਣਾ ਚਾਹੇ ਤੇ ਫੁੱਲ ਉਸਨੂੰ ਮਿਲਣ ਨਾ। ਉਸਨੂੰ ਇੰਨਾ ਤਾਕਤਵਾਰ ਨਾ ਬਣਾਈਂ ਕਿ ਰਸਤੇ ਦਾ ਰੋੜਾ ਬਣੇ ਤੇ ਕੰਢੇ ਵਿਛਾਏ।

ਸ਼ੇਖ਼ ਸਾਅਦੀ ਨੇ ਭਾਵੇਂ ਮਜ਼ਾਕ ਵਿਚ ਕਿਹਾ, ਭਾਵੇਂ ਜੋ ਕੁਝ ਆਖਿਆ ਹੈ, ਕਹਿੰਦਾ ਹੈ ਮੈਂ ਉਦੋਂ ਦਾ ਉਡੀਕਦਾ ਪਿਆ ਹਾਂ, ਖ਼ੁਦਾ ਨੇ ਤੇ ਬੂਹਾ ਹੀ ਬੰਦ ਕਰ ਛੱਡਿਆ ਹੈ।

*ਮੂਰਖ ਮੂਰਖ ਰਾਜਾ ਕੀਨੇ ਪੰਡਿਤ ਫਿਰਤ ਭਿਖਾਰੀ॥*

ਇਹ ਤਾਂ ਸੂਰਦਾਸ ਵੀ ਕਹਿੰਦੇ ਹਨ।

ਖ਼ੈਰ! ਮੈਂ ਅਰਜ਼ ਕਰਾਂ, ਗੁਰਬਾਣੀ ਕਹਿੰਦੀ ਹੈ ਕਿ ਉਸ ਨਾਮ ਦੀ ਰੌਸ਼ਨੀ ਨਾਲ, ਉਸ ਨਾਮ ਦੇ ਰੱਸ ਨਾਲ, ਉਸ ਮਨ ਦੀ ਇਕਾਗਰਤਾ ਵਿਚ ਜੱਠਰ ਅਗਨੀ ਵਿਚ ਬਚਿਆ ਰਹਿੰਦਾ ਹੈ। ਜਿਵੇਂ ਮਾਤਾ ਦੀ ਕੁੱਖ ਤੋਂ ਜ਼ਮੀਨ ਦੀ ਗੋਦ ਵਿਚ ਆਉਂਦਾ ਹੈ ਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ-

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*

(ਅੰਗ ੯੨੧)

ਇਸੇ ਨੂੰ ਭਾਈ ਗੁਰਦਾਸ ਜੀ ਕਹਿੰਦੇ ਹਨ- *ਰੋਵੇ ਰਤਨ ਗਵਾਏ ਕੇ।* ਹੱਦ ਹੋ ਗਈ, ਜ਼ਮੀਨ 'ਤੇ ਆਉਂਦਿਆਂ ਹੀ ਚੀਕ ਨਿਕਲ ਗਈ। ਜੇਕਰ ਜਨਮ ਖ਼ੁਸ਼ੀ ਹੈ ਤਾਂ ਇਸਨੂੰ ਹੱਸਦੇ ਹੋਏ ਆਉਣਾ ਚਾਹੀਦਾ ਸੀ। ਇਹ ਜਨਮ ਦੁੱਖ ਹੈ। ਇਸਦਾ ਵੀ ਅਨੁਭਵ ਹੈ। ਇਸ ਲਈ ਜੀਵਨ ਭਰ ਇਕ ਅਭਿਆਸੀ ਕਹਿੰਦਾ ਹੈ-

*ਪ੍ਰਭ ਜਨਮ ਮਰਨ ਨਿਵਾਰਿ॥ ਹਾਰਿ ਪਰਿਓ ਦੁਆਰਿ॥*

(ਅੰਗ ੮੩੭)

ਉਹ ਮਹਾਂ ਰੱਸ, ਮਹਾਂ ਪ੍ਰਕਾਸ਼, ਮਹਾਂ ਸਿੰਘਾਸਣ, ਮਹਾਂ ਆਨੰਦ, ਮਹਾਨ ਇਕਾਗਰਤਾ ਭੰਗ ਹੋ ਗਈ। ਸੁਰਤ ਬਿਖਰ ਗਈ। ਇਹ ਗੁਫਾ ਵਿਚ ਜੋ ਸਮਾਧੀਲੀਨ ਸੀ, ਇਹ ਸੰਸਾਰ ਵਿਚ ਆਉਂਦਿਆਂ ਆਪਣੀ ਸਮਾਧੀ ਬਿਖੇਰ ਬੈਠਾ। ਉਹ ਜਿਹੜੀ ਇਸਦੇ ਕੋਲ ਸਮਾਧੀ ਸੀ, ਪ੍ਰਭੂ ਦੀ ਦੇਣ ਸੀ। ਹੁਣ ਤੂੰ ਮਿਹਨਤ ਕਰ, ਜੱਪ ਤੱਪ ਕਰ, ਸਤਿਸੰਗ ਕਰ, ਫਿਰ ਉਸ ਅਵਸਥਾ ਨੂੰ ਪ੍ਰਾਪਤ ਕਰ। ਭਾਵੇਂ ਘਰ ਦੇ ਵਿਚ ਲੱਡੂ ਪਏ ਵੰਡਦੇ ਹਨ, ਮੁੰਡੇ ਦਾ ਜਨਮ ਹੋਇਆ ਹੈ, ਪਰ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਉਸ ਮੁੰਡੇ ਤੋਂ ਵੀ ਪੁੱਛ ਲਉ, ਇਹ ਰੋਂਦਾ ਪਿਆ ਹੈ। ਉਸਦੀ ਤਾਂ ਸਮਾਧੀ ਭੰਗ ਹੋ ਗਈ। ਉਸਦੀ ਦੁਨੀਆਂ ਵਿਚ ਤਾਂ ਹਨੇਰਾ ਆ ਗਿਆ, ਮਹਾਂ-ਪ੍ਰਕਾਸ਼ ਤਾਂ ਚਲਾ ਗਿਆ। ਉਸਦੀ ਦੁਨੀਆਂ ਤਾਂ ਦੁੱਖੀ ਹੋ ਗਈ, ਮਹਾਂ ਸੁੱਖ ਤਾਂ ਚਲਾ ਗਿਆ। ਉਥੇ ਜੱਠਰ ਅਗਨੀ ਸੀ, ਇਥੇ ਤ੍ਰਿਸ਼ਨਾ ਦੀ ਅਗਨ ਹੈ। ਉਥੇ ਸਿਮਰਨ ਕਰਕੇ ਸਮਾਧੀਲੀਨ ਹੋ ਕੇ ਜੱਠਰ ਅਗਨੀ ਤੋਂ ਬਚਿਆ ਰਿਹਾ, ਪਰ ਕਿਉਂਕਿ ਇਥੇ ਸਿਮਰਨ ਨਾ ਕੀਤਾ, ਸਾਰੀ ਜ਼ਿੰਦਗੀ ਸ਼ਮਸ਼ਾਨ ਘਾਟ ਹੀ ਬਣਿਆ ਰਿਹਾ। ਸ਼ਮਸ਼ਾਨ ਘਾਟ ਵਿਚ ਮੁਰਦੇ ਜੱਲਦੇ ਹਨ, ਇਹ ਜ਼ਿੰਦਾ ਹੀ ਜੱਲਦਾ ਰਿਹਾ।

ਮਹਾਰਾਜ ਕਹਿੰਦੇ ਹਨ ਕਿ ਪੰਜ ਤਰ੍ਹਾਂ ਦੀਆਂ ਅਗਨੀਆਂ ਹਨ। ਇਹਨਾਂ ਨੂੰ ਜਲਾ ਕੇ ਰੱਖਿਆ ਹੋਇਆ ਹੈ ਅਤੇ ਹਰ ਸਮੇਂ ਭਾਂਬੜ ਬੱਲਦੇ ਪਏ ਹਨ। ਜੇਕਰ ਇਹ ਜੱਠਰ ਅਗਨੀ ਵਿਚ ਬੱਚ ਕੇ ਰਹਿ ਸਕਦਾ ਹੈ ਤਾਂ ਤ੍ਰਿਸ਼ਨਾ ਦੀ ਅਗਨੀ ਵਿਚ ਵੀ ਬੱਚ ਕੇ ਰਹਿ ਸਕਦਾ ਹੈ। ਜੇਕਰ ਇਹ ਜੱਠਰ ਅਗਨੀ ਵਿਚ ਸਮਾਧੀਲੀਨ ਹੋ ਸਕਦਾ ਹੈ ਤਾਂ ਇਸ ਮਾਇਆ ਦੀ ਅਗਨੀ ਵਿਚ ਵੀ ਸਮਾਧੀਲੀਨ ਹੋ ਸਕਦਾ ਹੈ। ਕਿਵੇਂ ਹੋ ਸਕਦਾ ਹੈ? ਜਿਵੇਂ ਗੁਰੂ ਅਰਜਨ ਦੇਵ ਜੀ

ਇਸ ਸ਼ਬਦ ਵਿਚ ਦੱਸਦੇ ਹਨ। ਭਾਈ ਨੰਦ ਲਾਲ ਜੀ ਕਹਿੰਦੇ ਹਨ- ਮੇਰੇ ਹੱਥਾਂ ਨੂੰ ਦੇਖੋਗੇ, ਪੈਰਾਂ ਨੂੰ ਦੇਖੋਗੇ, ਕੰਮ ਕਾਰ ਨਾਲ ਜੁੜੇ ਹੋਏ ਹਨ, ਪਰ ਮੇਰਾ ਮਨ ਦੇਖੋਗੇ ਆਪਣੇ ਕਲਗੀਧਰ ਨਾਲ, ਆਪਣੇ ਯਾਰ ਨਾਲ ਜੁੜਿਆ ਹੋਇਆ ਹੈ। ਕੋਈ ਕਾਰੋਬਾਰ ਨਹੀਂ ਰੋਕਦਾ, ਕੋਈ ਰਾਜਨੀਤੀ ਨਹੀਂ ਰੋਕਦੀ, ਕੋਈ ਪਰਿਵਾਰ ਦੀਆਂ ਸਮੱਸਿਆਵਾਂ ਨਹੀਂ ਰੋਕਦੀਆਂ, ਕੋਈ ਆਰਥਿਕ ਔਕੜਾਂ ਨਹੀਂ ਰੋਕਦੀਆਂ। ਮਨੁੱਖ ਜੱਪ ਕਰਨਾ ਆਰੰਭ ਕਰ ਦੇਵੇ, ਇਸ ਮਾਇਆ ਦੀ ਅਗਨੀ ਵਿਚ ਵੀ ਸਮਾਧੀਲੀਨ ਹੋ ਸਕਦਾ ਹੈ, ਇਸ ਤਰ੍ਹਾਂ ਜਿਵੇਂ ਜੱਠਰ ਅਗਨੀ ਵਿਚ ਸਮਾਧੀਲੀਨ ਸੀ। ਆਪ ਸਰਵਨ ਕਰੋ।

ਬਿਲਾਵਲੁ ਮਹਲਾ ੫ ॥

ਬਿਲਾਵਲੁ ਰਾਗ ਸਵੇਰੇ ਦਾ ਰਾਗ ਹੈ ਅਤੇ ਇਸਦੇ ਅਰਥ ਹਨ ਖ਼ੁਸ਼ੀ ਦਾ ਰਾਗ।

*ਮਾਤ ਗਰਭ ਮਹਿ ਹਾਥ ਦੇ ਰਾਖਿਆ॥*

ਮਾਤਾ ਦੇ ਗਰਭ ਵਿਚ, ਜੱਠਰ ਅਗਨੀ ਵਿਚ ਪ੍ਰਭੂ ਨੇ ਆਪਣਾ ਹੱਥ ਦੇ ਕੇ ਤੈਨੂੰ ਉਸ ਵਿਚ ਸੜਨ ਨਹੀਂ ਦਿੱਤਾ। ਤੇਰੀ ਰੱਖਿਆ ਕੀਤੀ।

*ਹਰਿ ਰਸੁ ਛੋਡਿ ਬਿਖਿਆ ਫਲੁ ਚਾਖਿਆ॥ ੧॥*

ਪਰ ਜਿਵੇਂ ਹੀ ਤੂੰ ਧਰਤੀ ਦੀ ਗੋਦ ਵਿਚ ਆਇਆ, ਉਹ ਮਹਾਂ ਰੱਸ ਜਿਸਨੇ ਤੇਰੀ ਜੱਠਰ ਅਗਨੀ ਵਿਚ ਰੱਖਿਆ ਕੀਤੀ ਸੀ, ਤੂੰ ਜ਼ਹਿਰ ਵਿਕਾਰਾਂ ਵਿਚ ਪੈ ਗਿਆ। ਤੂੰ ਆਪਣੇ ਮਨ ਵਿਚ ਤਰ੍ਹਾਂ ਤਰ੍ਹਾਂ ਦੀ ਵਾਸ਼ਨਾ ਨੂੰ ਜਨਮ ਦੇ ਦਿੱਤਾ ਤੇ ਉਸ ਮਹਾਂ ਰੱਸ ਨੂੰ ਛੱਡ ਦਿੱਤਾ।

*ਭਜੁ ਗੋਬਿੰਦ ਸਭ ਛੋਡਿ ਜੰਜਾਲ॥*

ਪ੍ਰਭੂ ਦਾ ਭਜਨ ਕਰ। ਇਹਨਾਂ ਸਾਰੇ ਜੰਜਾਲਾਂ ਨੂੰ ਇਕ ਪਾਸੇ ਕਰ।

*ਜਬ ਜਮੁ ਆਇ ਸੰਘਾਰੈ ਮੂੜੇ ਤਬ ਤਨੁ ਬਿਨਸਿ ਜਾਇ ਬੇਹਾਲ॥ ੧॥ ਰਹਾਉ॥*

ਉਦੋਂ ਸਭ ਕੁਝ ਤੇਰਾ ਨਾਸ਼ ਹੋ ਜਾਵੇਗਾ, ਜਿਸਦੇ ਵਿਚ ਤੂੰ ਭੱਜਦਾ ਫਿਰਦਾ ਹੈਂ। ਜਦੋਂ ਮੌਤ ਨੇ ਆ ਕੇ ਤੇਰੇ ਕੇਸ ਫੜੇ ਤਾਂ ਸੰਬੰਧ ਟੁੱਟ ਜਾਣਗੇ। ਜਿਨ੍ਹਾਂ ਸੰਬੰਧਾਂ ਕਰਕੇ ਤੂੰ ਪ੍ਰਮਾਤਮਾ ਦਾ ਸੰਬੰਧ ਤੋੜਿਆ ਹੈ, ਇਹ ਸੰਬੰਧ ਤਾਂ ਸਾਰੇ ਹੀ ਛੁੱਟ ਜਾਣਗੇ।

*ਤਨੁ ਮਨੁ ਧਨੁ ਅਪਨਾ ਕਰਿ ਥਾਪਿਆ॥*

ਜਿਸ ਤਨ ਨੂੰ, ਜਿਸ ਮਨ ਨੂੰ, ਜਿਸ ਧਨ ਨੂੰ ਤੂੰ ਕਹਿੰਦਾ ਹੈਂ ਮੇਰਾ ਹੈ।

*ਕਰਨਹਾਰੁ ਇਕ ਨਿਮਖ ਨ ਜਾਪਿਆ॥ ੨॥*

ਇਸ ਤਨ, ਮਨ ਨੂੰ ਬਣਾਉਣ ਵਾਲਾ, ਇਸ ਧਨ ਨੂੰ ਦੇਣ ਵਾਲਾ ਉਹ ਜੋ ਕਰਤਾ ਪੁਰਖ ਹੈ, ਉਸਨੂੰ ਤੂੰ ਇਕ ਨਿਮਖ ਮਾਤਰ ਵੀ ਮਨ ਦੇ ਵਿਚ ਥਾਂ ਨਾ ਦਿੱਤੀ, ਜਿਸਦੀ ਇਹ ਦੇਣ ਹੈ।

*ਮਹਾ ਮੋਹ ਅੰਧ ਕੂਪ ਪਰਿਆ॥*

ਮਹਾਂ ਮੋਹ, ਅਤਿਅੰਤ ਮੋਹ ਦੀ ਖੂਹੀ ਦੇ ਵਿਚ ਤੂੰ ਡਿੱਗਿਆ ਪਿਆ ਹੈਂ। ਹਨੇਰੇ ਵਿਚ ਭਟਕ ਰਿਹਾ ਹੈਂ।

*ਪਾਰਬ੍ਰਹਮੁ ਮਾਇਆ ਪਟਲਿ ਬਿਸਰਿਆ॥ ੩॥*

ਇਹ ਜੋ ਮਾਇਆ ਦਾ ਪਰਦਾ ਹੈ, ਤੇਰੀ ਜ਼ਿੰਦਗੀ ਵਿਚ ਇਸਨੇ ਇੰਨਾ ਹਨੇਰਾ ਕਰ ਦਿੱਤਾ ਹੈ ਕਿ ਪਰਮ ਪ੍ਰਕਾਸ਼ ਨਾਲ ਤੂੰ ਸੰਬੰਧ ਤੋੜ ਦਿੱਤਾ ਹੈ। ਤੇਰੀਆਂ ਅੱਖਾਂ ਹੀ ਬੰਦ ਹੋ ਗਈਆਂ ਹਨ।

*ਵਡੈ ਭਾਗਿ ਪ੍ਰਭ ਕੀਰਤਨੁ ਗਾਇਆ॥*

ਕੋਈ ਪੂਰਬਲੇ ਸੰਸਕਾਰ ਹਨ, ਵੱਡੇ ਭਾਗ ਹਨ, ਜਿਸ ਕਰਕੇ ਪ੍ਰਭੂ ਦੇ ਗੁਣਾਂ ਨੂੰ ਗਾਇਨ ਕਰਕੇ ਉਸ ਪਰੀਪੂਰਨ ਪ੍ਰਮਾਤਮਾ ਦੀ ਪ੍ਰਾਪਤੀ ਕਰ ਲਈ। ਜੀਵਨ ਦੀ ਸਫਲਤਾ ਇਸ ਗੱਲ ਵਿਚ ਹੈ ਕਿ ਜਿਸ ਤੋਂ ਵਿਛੜੇ ਹਾਂ, ਉਸਨੂੰ ਪ੍ਰਾਪਤ ਕਰ ਲਵੇ। ਜੋ ਗਵਾ ਬੈਠੇ ਹਾਂ, ਉਸਨੂੰ ਪ੍ਰਾਪਤ ਕਰ ਲਵੇ। ਨਹੀਂ ਤਾਂ ਕਬੀਰ ਕਹਿੰਦੇ ਹਨ-

*ਚਲੇ ਜੁਆਰੀ ਦੁਇ ਹਥ ਝਾਰਿ॥*

(ਅੰਗ ੧੧੫੮)

ਜੋ ਕੁਝ ਕੋਲ ਸੀ, ਜਿਸਦਾ ਮਨ ਕਰ ਰਿਹਾ ਸੀ, ਉਹ ਤਾਂ ਸਭ ਕੁਝ ਛੱਡ ਕੇ ਜਾ ਰਿਹਾ ਹੈ।

ਸਾਹਿਬ ਰਹਿਮਤ ਕਰਨ। ਭੁੱਲਾਂ ਚੁੱਕਾਂ ਦੀ ਮੁਆਫ਼ੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਗਿਆਨੀ ਸਰੂਪ ਸਿੰਘ ਕੜਿਆਣਾ * ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)
ਮੋਬਾਇਲ 98150-03075

# ਮੁਠੀ ਰੋਵੈ ਕੰਤ ਵਿਸਾਰੀ

ਵਡਹੰਸੁ ਮਹਲਾ ੩ ॥

*ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰਿ॥*
*ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ॥*
*ਰੋਵੈ ਕੰਤ ਸੰਮਾਲਿ ਸਦਾ ਗੁਣ ਸਾਰਿ ਨਾ ਪਿਰੁ ਮਰੈ ਨ ਜਾਏ॥*
*ਗੁਰਮੁਖਿ ਜਾਤਾ ਸਬਦਿ ਪਛਾਤਾ ਸਾਚੈ ਪ੍ਰੇਮਿ ਸਮਾਏ॥*
*ਜਿਨਿ ਅਪਣਾ ਪਿਰੁ ਨਹੀ ਜਾਤਾ ਕਰਮ ਬਿਧਾਤਾ ਕੂੜਿ ਮੁਠੀ ਕੂੜਿਆਰੇ॥*
*ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰੇ॥ ੧॥*
*ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰਾ॥*
*ਮਾਇਆ ਮੋਹੁ ਖੁਆਇਅਨੁ ਮਰਿ ਜੰਮੈ ਵਾਰੋ ਵਾਰਾ॥*
*ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ ਗਿਆਨ ਵਿਹੂਣੀ ਮੂਠੀ॥*
*ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ ਰੋਵੈ ਅਵਗੁਣਿਆਰੀ ਝੂਠੀ॥*
*ਪਿਰੁ ਜਗਜੀਵਨੁ ਕਿਸ ਨੋ ਰੋਈਐ ਰੋਵੈ ਕੰਤੁ ਵਿਸਾਰੇ॥*
*ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰੇ॥ ੨॥*
*ਸੋ ਪਿਰੁ ਸਚਾ ਸਦ ਹੀ ਸਾਚਾ ਹੈ ਨਾ ਓਹੁ ਮਰੈ ਨ ਜਾਏ॥*
*ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਏ॥*
*ਰੰਡ ਬੈਠੀ ਦੂਜੈ ਭਾਏ ਮਾਇਆ ਮੋਹਿ ਦੁਖੁ ਪਾਏ ਆਵ ਘਟੈ ਤਨੁ ਛੀਜੈ॥*
*ਜੋ ਕਿਛੁ ਆਇਆ ਸਭੁ ਕਿਛੁ ਜਾਸੀ ਦੁਖੁ ਲਾਗਾ ਭਾਇ ਦੂਜੈ॥*
*ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ ਲਬਿ ਲੋਭਿ ਚਿਤੁ ਲਾਏ॥*
*ਸੋ ਪਿਰੁ ਸਾਚਾ ਸਦ ਹੀ ਸਾਚਾ ਨਾ ਓਹੁ ਮਰੈ ਨ ਜਾਏ॥ ੩॥*
*ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨਾ ਜਾਣੈ ਪਿਰੁ ਨਾਲੇ॥*
*ਗੁਰ ਪਰਸਾਦੀ ਸਾਚਾ ਪਿਰੁ ਮਿਲੈ ਅੰਤਰਿ ਸਦਾ ਸਮਾਲੇ॥*

*ਪਿਰੁ ਅੰਤਰਿ ਸਮਾਲੇ ਸਦਾ ਹੈ ਨਾਲੇ ਮਨਮੁਖਿ ਜਾਤਾ ਦੂਰੇ॥*
*ਇਹੁ ਤਨੁ ਰੁਲੈ ਰੁਲਾਇਆ ਕਾਮਿ ਨ ਆਇਆ ਜਿਨਿ ਖਸਮੁ ਨ ਜਾਤਾ ਹਦੂਰੇ॥*
*ਨਾਨਕ ਸਾ ਧਨ ਮਿਲੈ ਮਿਲਾਈ ਪਿਰੁ ਅੰਤਰਿ ਸਦਾ ਸਮਾਲੇ॥*
*ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨ ਜਾਣੈ ਪਿਰੁ ਹੈ ਨਾਲੇ॥੪॥੨॥*

(ਅੰਗ ੫੮੩)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸਨਮਾਨ ਯੋਗ ਸਾਧਸੰਗਤਿ ਜੀਉ!

ਵਡਹੰਸੁ ਰਾਗ ਵਿਚ ਤੀਸਰੇ ਗੁਰੂ ਨਾਨਕ ਬਿਰਧ ਬਾਬਾ ਧੰਨ ਗੁਰੂ ਅਮਰਦਾਸ ਮਹਾਰਾਜ ਜੀ ਦਾ ਇਹ ਮਹਾਂਵਾਕ ਹੈ-

*ਸੁਣਿਅਹੁ ਕੰਤ ਮਹੇਲੀਹੋ*

ਮੇਹੀਲੇਹੋ-ਮਹਿਲਾ। ਮਹਿਲ-ਇਸਤਰੀ। ਹੇ ਪ੍ਰਮਾਤਮਾ ਰੂਪੀ ਕੰਤ ਦੀ ਇਸਤਰੀਓ! ਗੁਰੂ ਦੇ ਸ਼ਬਦ ਦੁਆਰਾ ਸੱਚ ਦੀ ਵਿਚਾਰ ਕਰੋ। ਇਸਤਰੀ ਜੇਕਰ ਸਹੀ ਢੰਗ ਨਾਲ ਜੱਪ ਕਰੇ, ਧਿਆਨ-ਸਾਧਨਾ ਕਰੇ, ਤਾਂ ਇਸਤਰੀ ਉਹੀ ਹੈ ਤੇ ਇਸਤਰੀ ਦਾ ਸੁਭਾਅ ਵੀ ਉਸਦੇ ਅੰਦਰ ਹੈ। ਪੁਰਸ਼ ਵੀ ਉਸਦੇ ਅੰਦਰ ਹੈ, ਪਰ ਅਧੂਰਾ। ਸਰੀਰਕ ਤੱਲ 'ਤੇ ਵੀ, ਮਾਨਸਿਕ ਤੱਲ 'ਤੇ ਵੀ। ਜੱਪ ਦੇ ਨਾਲ ਪੂਰਨ ਹੋ ਜਾਏਗੀ। ਇਸ ਤਰ੍ਹਾਂ ਪੂਰਨ ਹੋਵੇਗੀ। ਉਸਦੇ ਅੰਦਰ ਜੋ ਅਧੂਰਾ ਪੁਰਸ਼ ਬੈਠਾ ਹੈ ਸੰਪੂਰਨ ਹੋ ਜਾਏਗਾ। ਪੁਰਸ਼ ਦੀ ਇਹ ਮਹਾਨ ਆਭਾ ਉਸਦੇ ਚਿਹਰੇ 'ਤੇ ਪ੍ਰਗਟ ਹੋਵੇਗੀ ਅਤੇ ਉਹ ਆਭਾ ਪ੍ਰਭਾਵਿਤ ਕਰੇਗੀ। ਰਾਵਣ ਕਈ ਵਾਰੀ ਬਦਨੀਅਤੀ ਨਾਲ ਸੀਤਾ ਕੋਲ ਆਇਆ ਹੈ, ਪਰ ਸੀਤਾ ਦੀ ਆਭਾ ਇਸ ਤਰ੍ਹਾਂ ਪ੍ਰਭਾਵ ਪਾਉਂਦੀ ਸੀ ਕਿ ਮਨ ਬਦਲ ਜਾਂਦਾ ਸੀ। ਬੀਆਬਾਨ ਜੰਗਲਾਂ ਵਿਚ ਭਟਕਦੀ ਰਹੀ ਮੀਰਾ। ਕਿਤੇ ਵੀ ਅਜਿਹਾ ਨਹੀਂ ਦਿੱਸਦਾ ਕਿ ਕਿਸੇ ਪੁਰਸ਼ ਨੇ ਉਸ ਨਾਲ ਵਧੀਕੀ ਕੀਤੀ ਹੋਵੇ, ਕਾਰਨ? ਉਸਦੀ ਆਭਾ ਦਾ ਪ੍ਰਭਾਵ। ਅਜਿਹੀ ਇਸਤਰੀ ਨੂੰ ਸਾਰੇ ਦਾ ਸਾਰਾ ਸੰਸਾਰ ਪੁਰਸ਼ ਰੂਪ ਦਿਖਾਈ ਦੇਵੇਗਾ। ਪ੍ਰਮਾਤਮਾ ਪੁਰਸ਼। ਪੁਰਸ਼ ਦੇ ਅੰਦਰ ਸਰੀਰਕ ਤੌਰ 'ਤੇ ਅਤੇ ਮਾਨਸਿਕ ਤੌਰ 'ਤੇ ਇਸਤਰੀ ਅਧੂਰੀ ਹੈ। ਜਪ ਕਿਉਂਕਿ ਮਨ ਦੀ ਸਾਧਨਾ ਹੈ ਤੇ ਮਨ ਨੂੰ ਪੂਰਾ ਕਰਨਾ ਹੈ। ਜਿਸ ਦਿਨ ਪੁਰਸ਼ ਦੇ ਅੰਦਰ ਇਹ ਇਸਤਰੀ ਪੂਰਨ ਹੋ ਜਾਂਦੀ ਹੈ, ਉਸਦੇ ਬੋਲਾਂ ਵਿਚ ਕੋਮਲਤਾ ਆ ਜਾਂਦੀ ਹੈ। ਉਸਦੇ ਚਿਹਰੇ ਦੀ ਆਭਾ ਵੀ ਕਿਸੇ ਹੱਦ ਤੱਕ ਇਸਤਰੀ ਦੀ ਛਾਪ ਪੇਸ਼ ਕਰਦੀ ਹੈ।

ਮੈਂ ਪੜ੍ਹ ਰਿਹਾ ਸੀ ਇਕ ਮਹਾਨ ਨਾਸਤਿਕ ਨੀਤੀਸ਼ੇ ਨੂੰ। ਉਹ ਕਹਿੰਦਾ ਹੈ ਭਾਰਤ ਦੇ ਇਹ ਸੰਤ, ਇਹ ਅਵਤਾਰ ਇਸਤਰੀ ਵਰਗੇ ਲੱਗਦੇ ਹਨ। ਅਹਿੰਸਾ, ਪਰਮੋ ਧਰਮ, ਦਇਆ ਦੀ ਗੱਲ ਕਰਦੇ ਹਨ, ਇਹ ਤਾਂ ਇਸਤਰੀ ਦੇ ਲੱਛਣ ਹਨ। ਇਹ ਜੋ ਚਿੱਤ੍ਰਕਾਰਾਂ ਨੇ ਰਾਮ ਦੀਆਂ, ਕ੍ਰਿਸ਼ਨ ਦੀਆਂ ਤਸਵੀਰਾਂ ਬਣਾਈਆਂ ਹਨ, ਦਾੜ੍ਹੀ ਤੋਂ ਬਿਨਾਂ, ਸਿਰ 'ਤੇ ਜੂੜਾ ਤਾਂ

ਦੱਸ ਦਿੱਤਾ ਹੈ ਰਾਮ ਦੇ, ਪਰ ਦਾੜ੍ਹਾ ਨਹੀਂ ਦੱਸਿਆ, ਕੀ ਇਹਨਾਂ ਨੂੰ ਦਾੜ੍ਹੀ ਨਹੀਂ ਆਉਂਦੀ ਸੀ? ਜਾਂ ਇਹ ਦਾੜ੍ਹੀ ਮੁੰਨਦੇ ਸਨ? ਕਦੀ ਨਹੀਂ, ਇਹ ਦਾੜ੍ਹੀ ਨਹੀਂ ਮੁੰਨਦੇ ਸਨ। ਕਿਸੇ ਦੀ ਦਾੜ੍ਹੀ ਨਹੀਂ ਦਿਖਾਉਂਦੇ। ਨਾ ਵਿਸ਼ਨੂੰ ਦੀ, ਨਾ ਸ਼ਿਵ ਜੀ ਦੀ, ਨਾ ਰਾਮ ਦੀ, ਨਾ ਕ੍ਰਿਸ਼ਨ ਦੀ। ਨਹੀਂ, ਇਹ ਪੁਰਾਣੇ ਚਿੱਤਰਕਾਰਾਂ ਦਾ ਖ਼ਿਆਲ ਸੀ ਕਿ ਇਹਨਾਂ ਦੇ ਅੰਦਰ ਇਸਤਰੀ ਪੂਰੀ ਹੋ ਗਈ ਹੈ। ਪੁਰਸ਼ ਤਾਂ ਪੂਰੇ ਸਨ। ਉਹ ਜੋ ਅਧੂਰੀ ਇਸਤਰੀ ਸੀ ਇਹਨਾਂ ਦੇ ਅੰਦਰ, ਉਹ ਪੂਰੀ ਹੋ ਗਈ ਹੈ। ਪੁਰਸ਼ ਦੇ ਅੰਦਰ ਭਾਵਨਾ, ਪ੍ਰੇਮ, ਭਗਤੀ ਅਧੂਰੀ ਹੁੰਦੀ ਹੈ। ਇਹ ਉਹ ਪੁਰਸ਼ ਹਨ ਜਿਨ੍ਹਾਂ ਦੇ ਅੰਦਰ ਭਗਤੀ ਪੂਰੀ ਹੋ ਗਈ ਹੈ।

*ਨਿਜ ਭਗਤੀ ਸੀਲਵੰਤੀ ਨਾਰਿ॥*

ਇਹ ਜੋ ਭਗਤੀ ਹੈ, ਇਹ ਵੀ ਸਾਡੀ ਪਤਨੀ ਹੈ। ਅਤਿਅੰਤ, ਸ਼ੀਲ, ਸੰਜਮ ਵਾਲੀ।

*ਰੂਪਿ ਅਨੂਪ ਪੂਰੀ ਆਚਾਰਿ॥*

(ਅੰਗ ੩੭੦)

ਬੜੀ ਸੁੰਦਰ, ਬੜੀ ਗੁਣਵਾਨ, ਬੜੀ ਸੰਜਮੀ, ਬੜੇ ਸ਼ੀਲ ਵਾਲੀ, ਆਚਰਣ ਵਾਲੀ ਇਹ ਭਗਤੀ ਇਹ ਸਾਡੀ ਨਿੱਜ-ਨਾਰੀ ਹੈ। ਇਸ ਤਰ੍ਹਾਂ ਦੀ ਨਾਰੀ ਜਦੋਂ ਕਿਸੇ ਅੰਦਰ ਪ੍ਰਗਟ ਹੁੰਦੀ ਹੈ, ਉਸਦੇ ਚਿਹਰੇ ਉੱਤੇ ਆਭਾ ਵੀ ਉਸਦੀ ਪ੍ਰਗਟ ਹੁੰਦੀ ਹੈ। ਸਰੀਰ ਸਤਿਗੁਰਾਂ ਕੋਲ ਪੁਰਸ਼ ਦਾ ਹੈ ਤੇ ਸਾਰਾ ਜਗਤ ਜੇਕਰ ਇਸਤਰੀ ਦਾ ਰੂਪ ਦਿਖਾਈ ਦਿੰਦਾ ਹੈ ਤਾਂ ਇਥੋਂ ਗੱਲ ਸਪੱਸ਼ਟ ਹੋ ਗਈ ਕਿ ਗੁਰੂ ਨਾਨਕ ਪੂਰਨ ਪੁਰਸ਼ ਹਨ, ਗੁਰੂ ਅਮਰਦਾਸ ਪੂਰਨ ਪੁਰਸ਼ ਹਨ। ਅਧੂਰਾ ਕੌਣ ਹੈ? ਪੁਰਸ਼ ਰੂਪ ਵਿਚ ਪੂਰਾ, ਇਸਤਰੀ ਰੂਪ ਵਿਚ ਅਧੂਰਾ ਹੈ। ਇਸਤਰੀ ਅਧੂਰੀ ਕੌਣ ਹੈ? ਇਸਤਰੀ ਰੂਪ ਵਿਚ ਪੂਰੀ ਹੈ, ਪੁਰਸ਼ ਰੂਪ ਵਿਚ ਅਧੂਰੀ ਹੈ। ਭਾਵਨਾ ਤਾਂ ਹੈ, ਸ਼ਰਧਾ ਤਾਂ ਹੈ, ਮਾੜੀ ਮੋਟੀ ਭਗਤੀ ਹੈ, ਤਰਕ ਨਹੀਂ ਹੈ, ਵਿਚਾਰ ਨਹੀਂ ਹੈ। ਪੂਰਨ ਪੁਰਸ਼ ਨੂੰ ਬਾਹਰ ਇਸਤਰੀਆਂ ਦੀ ਕਸ਼ਿਸ਼ ਨਹੀਂ ਰਹਿ ਜਾਏਗੀ, ਖਿੱਚ ਨਹੀਂ ਰਹਿ ਜਾਏਗੀ। ਜੇਕਰ ਖਿੱਚ ਹੈ, ਇਸ ਦੇ ਅੰਦਰ ਇਸਤਰੀ ਅਧੂਰੀ ਹੈ। ਇਹ ਧਾਰਮਿਕ ਮਨੋਵਿਗਿਆਨ ਮੈਂ ਆਪ ਜੀ ਦੇ ਸਾਹਮਣੇ ਰਖਿਆ ਹੈ। ਬਹੁਤ ਸਾਰੇ ਸਾਧੂ ਸੰਤਾਂ ਦੇ ਡੇਰੇ ਇਸਤਰੀਆਂ ਕਰਕੇ ਚੱਲਦੇ ਹਨ। ਜੇਕਰ ਇਸਤਰੀ ਦੇ ਅੰਦਰ ਪੁਰਸ਼ ਤੱਤ ਸੰਪੂਰਨ ਹੋ ਜਾਣ, ਬਹੁਤ ਸਾਰੇ ਪਾਖੰਡ ਦੇ ਅਸਥਾਨ ਅੱਜ ਵੀ ਬੰਦ ਹੋ ਜਾਣ। ਇਹ ਮੈਂ ਇਸ ਵਾਸਤੇ ਕਿਹਾ ਹੈ ਕਿਉਂਕਿ ਹੁਣ ਸਾਰੇ ਸੰਸਾਰ ਨੂੰ ਗੁਰੂ ਅਮਰਦਾਸ ਜੀ ਮਹਾਰਾਜ ਕਹਿੰਦੇ ਹਨ-

*ਸੁਣਿਅਹੁ ਕੰਤ ਮਹੇਲੀਹੋ*

ਹੇ ਪ੍ਰਭੂ ਕੰਤ ਦੀ ਇਸਤਰੀਓ! ਜੇ ਕੋਈ ਪੁਰਸ਼ ਕਹਿ ਬੈਠੇ ਗੁਰੂ ਅਮਰਦਾਸ ਜੀ ਨੂੰ ਅਸੀਂ ਇਸਤਰੀ ਨਹੀਂ ਹਾਂ, ਇਹ ਤੁਹਾਡਾ ਸ਼ਬਦ ਸਿਰਫ਼ ਇਸਤਰੀਆਂ ਵਾਸਤੇ ਹੈ, ਪੁਰਸ਼ਾਂ ਵਾਸਤੇ ਨਹੀਂ ਹੈ। ਇਸਤਰੀ ਬੋਲ ਪ੍ਰਗਟ ਹੋ ਰਹੇ ਹਨ, ਇਥੋਂ ਹੀ ਪਤਾ ਚੱਲ ਰਿਹਾ ਹੈ, ਪੂਰਨ ਪੁਰਖ

ਹਨ। ਪ੍ਰੇਮ ਪੂਰਨ ਹੈ, ਸ਼ਰਧਾ ਪੂਰਨ ਹੈ। ਮਿਸਰ ਦੇ ਵਿਚ ਰਾਬੀਆ ਦੇ ਉੱਤੇ ਕਾਫ਼ਰ ਹੋਣ ਦਾ ਇਲਜ਼ਾਮ ਲੱਗਿਆ ਹੈ। ਕਿਉਂ? ਕੁਰਾਨ ਵਿਚ ਕੋਈ ਆਇਤ ਹੈ ਕਿ ਸ਼ੈਤਾਨ ਨੂੰ ਨਫ਼ਰਤ ਕਰੋ। ਸਿਆਹੀ ਲੈ ਕੇ ਕੁਰਾਨ ਦੀ ਇਹ ਆਇਤ ਉਸਨੇ ਕੱਟ ਦਿੱਤੀ ਅਤੇ ਇਸ ਆਇਤ ਤੋਂ ਬਿਨਾਂ ਕੁਰਾਨ ਪੜ੍ਹਦੀ ਸੀ। ਪਤਾ ਚੱਲ ਗਿਆ ਲੋਕਾਂ ਨੂੰ। ਮੌਲਵੀਆਂ ਤੱਕ ਗੱਲ ਪਹੁੰਚੀ। ਮੌਲਵੀ ਆਏ ਤੇ ਕਹਿਣ ਲੱਗੇ ਸੁਣਿਆ ਹੈ ਤੂੰ ਇਸ ਆਇਤ ਤੋਂ ਬਿਨਾਂ ਕੁਰਾਨ ਦੀ ਤਲਾਵਤ ਕਰਦੀ ਹੈਂ। ਕਹਿਣ ਲੱਗੀ, ਹਾਂ। ਅਤੇ ਸੁਣਿਆ ਹੈ ਤੂੰ ਕੁਰਾਨ ਸ਼ਰੀਫ਼ ਵਿਚ ਹੜਤਾਲ ਫੇਰ ਦਿੱਤੀ ਹੈ। ਹਾਂ, ਫੇਰ ਦਿੱਤੀ ਹੈ। ਕਿਉਂ? ਤੈਨੂੰ ਇਹ ਵਾਕ ਅਧੂਰਾ ਲੱਗਦਾ ਹੈ? ਰਾਬੀਆ ਕਹਿੰਦੀ ਹੈ ਕਿ ਇਹ ਜਗਤ ਲਈ ਪੂਰਾ ਹੋਵੇਗਾ, ਮੈਨੂੰ ਇਸਦੀ ਲੋੜ ਨਹੀਂ। ਕਿਉਂ? ਸ਼ੈਤਾਨ ਨਾਲ ਨਫ਼ਰਤ ਕਰੋ ਤੇ ਨਫ਼ਰਤ ਤਾਂ ਮੈਂ ਤਾਂ ਕਰਾਂ ਜੇ ਅੰਦਰ ਨਫ਼ਰਤ ਹੋਵੇ। ਜੋ ਮੈਂ ਕਰ ਨਹੀਂ ਸਕਦੀ, ਜੋ ਨਫ਼ਰਤ ਮੈਂ ਦੇ ਨਹੀਂ ਸਕਦੀ, ਫਿਰ ਉਹ ਮੈਂ ਪੜ੍ਹ ਨਹੀਂ ਸਕਦੀ।

ਕਹਿੰਦੇ ਹਨ ਦਰੋਣਾਚਾਰੀਆ ਵਿਦਿਆਰਥੀਆਂ ਨੂੰ ਪੜ੍ਹਾ ਰਹੇ ਸਨ ਤੇ ਵਿਦਿਆਰਥੀਆਂ ਵਿਚ ਯੁਧਿਸ਼ਟਰ ਵੀ ਸੀ। ਯੁਧਿਸ਼ਟਰ ਆਖ਼ਿਰ ਬੜਾ ਪ੍ਰਤੀਭਾਸ਼ਾਲੀ ਪੁਰਸ਼ ਸੀ, ਬੜਾ ਸਿਆਣਾ ਸੀ। ਕ੍ਰੋਧ ਦੇ ਉੱਤੇ ਲੰਮੀ ਚੌੜੀ ਵਿਆਖਿਆ ਕੀਤੀ ਦਰੋਣਾਚਾਰੀਆਂ ਨੇ ਤੇ ਕ੍ਰੋਧ 'ਤੇ ਉਸ ਦਿਨ ਲਿਖਵਾਇਆ-ਕ੍ਰੋਧ ਚੰਡਾਲ ਹੈ, ਕ੍ਰੋਧ ਪਾਪ ਹੈ। ਕ੍ਰੋਧ ਨਹੀਂ ਕਰਨਾ ਚਾਹੀਦਾ, ਕ੍ਰੋਧ ਪਾਗ਼ਲ ਹੈ। ਦਰੋਣਾਚਾਰੀਆਂ ਨੇ ਕਿਹਾ ਸਾਰੇ ਵਿਦਿਆਰਥੀਆਂ ਨੂੰ ਕਿ ਯਾਦ ਕਰਨਾ ਅਤੇ ਕੱਲ ਮੈਂ ਸੁਣਾਂਗਾ। ਇਕ ਇਕ ਵਿਦਿਆਰਥੀ ਕੋਲੋਂ ਸੁਣਿਆ। ਸਾਰਿਆਂ ਨੇ ਠੀਕ ਸੁਣਾ ਦਿੱਤਾ। ਵਾਰੀ ਆਈ ਯੁਧਿਸ਼ਟਰ ਦੀ। "ਤੂੰ ਦੱਸ, ਕੱਲ ਮੈਂ ਕੀ ਪੜ੍ਹਾਇਆ ਸੀ?" ਯੁਧਿਸ਼ਟਰ ਕਹਿੰਦੇ ਹਨ, "ਅੱਖਰਾਂ ਦੀ ਸਿਮਰਤੀ ਹੈ, ਸਮਝ ਨਹੀਂ।" ਉਸ ਦਿਨ ਤਾਂ ਦਰੋਣਚਾਰੀਆ ਨੇ ਛੱਡ ਦਿੱਤਾ। ਦੂਜੇ ਦਿਨ ਫਿਰ ਪੁੱਛਿਆ, "ਹੁਣ ਦੱਸ ਮੈਂ ਕੀ ਪੜ੍ਹਾਇਆ ਸੀ?" ਯੁਧਿਸ਼ਟਰ ਕਹਿੰਦੇ ਹਨ-"ਅੱਖਰਾਂ ਦੀ ਸਿਮਰਤੀ ਤਾਂ ਹੈ, ਸਮਝ ਨਹੀਂ ਹੈ।" ਇਸ ਬੋਲ ਨਾਲ ਥੋੜ੍ਹਾ ਜਿਹਾ ਕ੍ਰੋਧ ਚੜ੍ਹਿਆ ਦਰੋਣਾਚਾਰੀਆਂ ਨੂੰ ਕਿ ਮੈਂ ਇਸਨੂੰ ਸਿਆਣਾ ਵਿਦਿਆਰਥੀ ਮੰਨਦਾ ਹਾਂ। ਇਹ ਚੰਗਾ ਵਿਦਿਆਰਥੀ ਹੈ, ਇਹ ਦੂਜੇ ਦਿਨ ਵੀ ਚੁੱਪ ਹੈ। ਤੀਜੇ ਦਿਨ ਪੁੱਛਿਆ ਹੈ, "ਮੈਂ ਕੀ ਪੜ੍ਹਾਇਆ ਸੀ?" ਯੁਧਿਸ਼ਟਰ ਕਹਿੰਦੇ ਹਨ, "ਅੱਖਰ ਤਾਂ ਸਾਰੇ ਯਾਦ ਹਨ, ਸਮਝ ਵਿਚ ਨਹੀਂ।" ਦਰੋਣਾਚਾਰੀਆਂ ਕ੍ਰੋਧ ਨਾਲ ਉਭਰ ਗਏ, ਖਿੱਚ ਕੇ ਥੱਪੜ ਮਾਰਿਆ। "ਕਦੋਂ ਤੈਨੂੰ ਸਮਝ ਆਵੇਗੀ?" ਯੁਧਿਸ਼ਟਰ ਕਹਿੰਦੇ ਹਨ "ਸਮਝ ਆ ਗਈ ਹੈ। ਤੁਸੀਂ ਪੜਾਇਆ ਸੀ ਕ੍ਰੋਧ ਚੰਡਾਲ ਹੁੰਦਾ ਹੈ। ਤੁਸੀਂ ਪੜਾਇਆ ਸੀ- ਕ੍ਰੋਧ ਪਾਗ਼ਲਪਨ ਹੁੰਦਾ ਹੈ"। "ਤੈਨੂੰ ਤਿੰਨ ਦਿਨਾਂ ਵਿਚ ਯਾਦ ਹੋਇਆ ਹੈ?" "ਨਹੀਂ, ਅੱਖਰ ਤਾਂ ਉਸੇ ਸਮੇਂ ਯਾਦ ਆਏ ਸਨ, ਸਮਝ ਅੱਜ ਆਈ ਹੈ।" "ਕਿਸ ਤਰ੍ਹਾਂ ਆਈ ਹੈ?" "ਤੁਹਾਨੂੰ ਵੇਖ ਕੇ। ਤੁਹਾਡੀਆਂ ਅੱਖਾਂ ਵੇਖਕੇ। ਕ੍ਰੋਧ ਵਿਚ ਜਦੋਂ ਤੁਸੀਂ ਮੈਨੂੰ ਥੱਪੜ ਮਾਰਿਆ ਹੈ, ਪਤਾ ਚੱਲ ਗਿਆ ਹੈ।" ਦਰੋਣਾਚਾਰੀਆ ਵੀ ਸ਼ਰਮਸਾਰ ਹੋਇਆ। ਮੰਨ ਗਿਆ, "ਤੂੰ ਪ੍ਰਤੀਭਾਸ਼ਾਲੀ ਹੈਂ। ਤੇ ਤੂੰ

ਸਿਰਫ਼ ਅੱਖਰੀ ਗਿਆਨੀ ਨਹੀਂ ਹੈਂ। ਜਿੰਨੇ ਚਿਰ ਤੱਕ ਅੱਖਰ ਤੇਰਾ ਸੁਭਾਅ ਨਾ ਬਣਨ, ਅਨੁਭਵ ਨਾ ਬਣਨ, ਤੂੰ ਕੋਰੀ ਸਿਮਰਤੀ ਨੂੰ ਨਹੀਂ ਮੰਨਦਾ।'' ਰਾਬੀਆ ਉਹਨਾਂ ਵਿਚੋਂ ਹੈ, ਨਫ਼ਰਤ ਤਾਂ ਅੰਦਰ ਰਹੀ ਨਹੀਂ। ਪ੍ਰੇਮ ਹੀ ਪ੍ਰੇਮ ਹੈ। ਮੌਲਵੀਆਂ ਨੇ ਕਿਹਾ ਇਹ ਪਾਗ਼ਲ ਹੈ। ਕੁਝ ਅੰਨ੍ਹੇ ਅਜਿਹੇ ਹਨ ਜਿਹੜੇ ਸੂਰਜ ਦੀ ਰੋਸ਼ਨੀ ਤੋਂ ਵਾਂਝੇ ਰਹਿ ਜਾਂਦੇ ਹਨ। ਬਹੁਤੇ ਅੰਨ੍ਹੇ ਅਜਿਹੇ ਹਨ ਜਿਹੜੇ ਮਹਾਂਪੁਰਸ਼ਾਂ ਦੇ ਪ੍ਰਕਾਸ਼ ਤੋਂ ਵਾਂਝੇ ਰਹਿ ਜਾਂਦੇ ਹਨ। ਧੰਨ ਗੁਰੂ ਅਮਰਦਾਸ ਜੀ ਦਾ ਇਹ ਵਾਕ ਆਪ ਸਰਵਨ ਕਰੋ।

ਵਡਹੰਸੁ ਮਹਲਾ ੩ ॥

*ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰਿ॥*

ਗੁਰੂ ਦੇ ਸ਼ਬਦ ਦੁਆਰਾ ਪਰੀਪੂਰਨ ਪ੍ਰਮਾਤਮਾ ਦਾ ਚਿੰਤਨ ਕਰੋ, ਸੇਵਾ ਕਰੋ। ਉਸੇ ਦੀ ਯਾਦ ਵਿਚ ਰਹੋ ਕਿਉਂਕਿ ਤੁਸੀਂ ਉਸੇ ਦੀ ਇਸਤਰੀ ਹੋ।

*ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ॥*

ਔਗੁਣਾਂ ਦੀ ਮੁੱਠੀ ਹੋਈ, ਔਗੁਣਾਂ ਦੀ ਠੱਗੀ ਹੋਈ ਪ੍ਰਮਾਤਮਾ ਨੂੰ ਨਹੀਂ ਜਾਣਦੀ। ਜਿੰਨੇ ਔਗੁਣ ਹਨ, ਓਨਾ ਹੀ ਦੂਰ ਹੈ। ਜਿੰਨੇ ਗੁਣ ਹਨ ਓਨਾ ਹੀ ਨੇੜੇ ਹੈ। ਦੂਰ ਸ਼ਬਦ ਫ਼ਾਰਸੀ ਦਾ ਹੈ ਤੇ ਪਰ ਸ਼ਬਦ ਸੰਸਕ੍ਰਿਤ ਦਾ ਹੈ। ਇਹ ਤਾਂ ਪਰ ਹੈ ਪਰਾਇਆ ਹੈ, ਪਰਾਇਆ ਦੂਰ ਹੈ। ਪਰੀਪੂਰਨ ਪ੍ਰਮਾਤਮਾ ਉਹ ਜੋ ਦੂਰ ਤੱਕ ਪੂਰਿਆ ਹੋਇਆ ਹੈ। ਜਿਸਨੂੰ ਦੂਰੀ ਕਹਿੰਦੇ ਹਾਂ, ਉਸਦੇ ਵਿਚ ਵੀ ਪ੍ਰਮਾਤਮਾ ਹੈ। ਮੇਰੇ ਤੋਂ ਦੂਰ ਹੋਵੇਗਾ, ਉਸਤੋਂ ਦੂਰ ਨਹੀਂ। ਜੋ ਮੇਰੇ ਤੱਲ 'ਤੇ ਪਰਾਇਆ ਹੈ, ਉਹ ਉਸਦੇ ਵਿਚ ਰੰਮਿਆ ਹੋਇਆ ਹੈ। ਇਹ ਜੋ ਦੂਰੀਆਂ ਦਿਖਾਈ ਦਿੰਦੀਆਂ ਹਨ, ਓੁਸਦੇ ਵਿਚ ਉਹ ਪੂਰਨ ਹੈ। ਉਹ ਜੋ ਸੂਰਜ, ਚੰਦ, ਤਾਰੇ ਦਿਖਾਈ ਦਿੰਦੇ ਹਨ, ਬੜੀ ਦੂਰ, ਪਰਾਏ ਦਿਖਾਈ ਦਿੰਦੇ ਹਨ। ਉਹਨਾਂ ਵਿਚ ਵੀ ਉਹ ਪੂਰਨ ਹੈ। ਔਗੁਣ ਦੂਰ ਕਰ ਦਿੰਦੇ ਹਨ। ਇਕ ਦੂਰੀ ਬਾਹਰ ਦੀ ਹੈ ਜਿਸਨੂੰ ਸਥਾਨਿਕ ਕਹਿੰਦੇ ਹਨ। ਇਕ ਦੂਰੀ ਹਿਰਦੇ ਦੇ ਤੱਲ ਦੀ ਹੈ। ਜਿੰਨੇ ਔਗੁਣ ਹੋਣਗੇ, ਨੇੜੇ ਹੋ ਜਾਏਗਾ! ਬੰਦਾ ਕਿਸੇ ਲਾਭ ਵੱਸ ਹੋ ਕੇ ਔਗੁਣ ਨੂੰ ਗ੍ਰਹਿਣ ਕਰਦਾ ਹੈ। ਲੋਭ ਵੱਸ ਹੋ ਕੇ ਲਾਭ ਕਰਕੇ ਬੇਈਮਾਨੀ ਕਰ ਰਿਹਾ ਹੈ, ਪਰ ਬੇਈਮਾਨ ਇਹ ਸੋਚਦਾ ਹੈ ਕਿ ਮੈਂ ਦੂਜੇ ਨੂੰ ਠੱਗਿਆ ਨਹੀਂ, ਬੇਈਮਾਨੀ ਨੇ ਇਸਨੂੰ ਠੱਗ ਲੈਣਾ ਹੈ। ਬੜੇ ਆਤਮ ਤੱਤ ਤੋਂ ਵਾਂਝਾ ਰਹਿ ਜਾਏਗਾ। ਪਰਮ ਰੱਸ ਤੋਂ ਵਾਂਝਾ ਰਹਿ ਜਾਏਗਾ। ਅੱਜ ਤੱਕ ਕਿਸੇ ਇਕ ਮਨੁੱਖ ਨੇ ਵੀ ਨਹੀਂ ਆਖਿਆ ਕਿ ਮੈਨੂੰ ਬੇਈਮਾਨੀ ਨਾਲ ਬੜਾ ਆਨੰਦ ਆਇਆ ਹੈ। ਮੈਨੂੰ ਕ੍ਰੋਧ ਕਰਕੇ ਬੜਾ ਆਨੰਦ ਹੈ। ਆਨੰਦ ਨਹੀਂ ਆਉਂਦਾ, ਸਿਵਾਏ ਪਛਤਾਵੇਂ ਦੇ ਪੱਲੇ ਹੋਰ ਕੁਝ ਨਹੀਂ ਪੈਂਦਾ। ਦੁੱਖ ਸੁੱਖ ਤੋਂ ਬਿਨਾਂ ਹੋਰ ਕੁਝ ਵੀ ਪੱਲੇ ਨਹੀਂ ਪੈਂਦਾ। ਗੁਣ ਪ੍ਰਕਾਸ਼ ਹੈ, ਔਗੁਣ ਹਨੇਰਾ ਹੈ।

*ਰੋਵੈ ਕੰਤ ਸੰਮਾਲਿ ਸਦਾ ਗੁਣ ਸਾਰਿ ਨਾ ਪਿਰੁ ਮਰੈ ਨ ਜਾਏ॥*

ਤੂੰ ਹਿਰਦੇ ਵਿਚ ਬੈਰਾਗ ਧਾਰਨ ਕਰ, ਵਿਛੋੜੇ ਨੂੰ ਮਹਿਸੂਸ ਕਰ। ਉਹ ਜੋ ਪਰੀਪੂਰਨ ਪ੍ਰਮਾਤਮਾ ਹੈ, ਤੇਰੇ ਨਾਲ ਹੈ। ਉਸਦੀ ਸੰਭਾਲ ਕਰ, ਜੋ ਨਾ ਕਦੀ ਜੰਮਦਾ ਹੈ ਨਾ ਮਰਦਾ ਹੈ। ਅਜਿਹਾ ਸਦੀਵੀ ਸੁਹਾਗ ਤੈਨੂੰ ਨਸੀਬ ਹੋ ਜਾਵੇਗਾ।

*ਗੁਰਮੁਖਿ ਜਾਤਾ ਸਬਦਿ ਪਛਾਤਾ ਸਾਚੈ ਪ੍ਰੇਮਿ ਸਮਾਏ॥*

ਗੁਰੂ ਦੇ ਸ਼ਬਦ ਦੁਆਰਾ ਹੀ ਉਸਦੀ ਜਾਣ ਪਛਾਣ ਹੋਵੇਗੀ। ਉਸ ਨਾਲ ਸੰਬੰਧ ਜੁੜੇਗਾ ਅਤੇ ਉਸ ਵਿਚ ਲੀਨਤਾ ਹੋਵੇਗੀ।

*ਜਿਨਿ ਅਪਣਾ ਪਿਰੁ ਨਹੀ ਜਾਤਾ ਕਰਮ ਬਿਧਾਤਾ ਕੂੜਿ ਮੁਠੀ ਕੂੜਿਆਰੇ॥*

ਜਿਸਨੂੰ ਕੂੜ ਨੇ ਠੱਗ ਲਿਆ ਹੈ, ਝੂਠ ਨੇ ਠੱਗ ਲਿਆ ਹੈ ਤੇ ਝੂਠ ਦੀ ਮੁੱਠੀ ਹੋਈ ਹੈ, ਉਸਨੇ ਨਹੀਂ ਸਮਝਿਆ ਉਸਨੂੰ। ਕਿਸਨੂੰ? ਜੋ ਕਰਮਾਂ ਦਾ ਬਿਧਾਤਾ ਹੈ। ਵਿਧਾਨ ਕੀ ਬਣਾਇਆ ਹੈ? ਜੋ ਕਰੋਗੇ ਉਹ ਭੋਗੋਗੇ। ਪ੍ਰਮਾਤਮਾ ਦੇ ਦਰਬਾਰ ਵਿਚ ਸਾਡਾ ਮਜ਼ਬ ਨਹੀਂ ਦੇਖਿਆ ਜਾਂਦਾ। ਕਿਉਂ? ਉਸਦਾ ਆਪਣਾ ਹੀ ਮਜ਼ਬ ਨਹੀਂ ਹੈ।

*ਨਮਸਤੰ ਅਮਜਬੇ॥ ਨਮਸਤੱਸਤੁ ਅਜਬੇ॥*

(ਜਾਪੁ ਸਾਹਿਬ)

ਨਮਸ਼ਕਾਰ ਹੈ ਪ੍ਰਭੂ ਤੈਨੂੰ, ਤੇਰਾ ਕੋਈ ਮਜ਼ਬ ਨਹੀਂ। ਸਾਡੀ ਜਾਤ ਦੀ ਵਿਚਾਰ ਵੀ ਨਹੀਂ ਹੁੰਦੀ ਉਸਦੇ ਦਰਬਾਰ ਵਿਚ। ਕਿਉਂ? ਉਸਦੀ ਆਪਣੀ ਕੋਈ ਜਾਤ ਨਹੀਂ ਹੈ।

*ਨ ਤਾਤੈ ਨ ਮਾਤੈ॥ ਨ ਜਾਤੈ ਨ ਪਾਤੈ॥*

ਸਾਡੇ ਰੰਗ ਰੂਪ ਦੀ ਵੀ ਉਸਦੇ ਦਰਬਾਰ ਵਿਚ ਵਿਚਾਰ ਨਹੀਂ ਹੁੰਦੀ। ਕਿਉਂ? ਉਸਦਾ ਆਪਣਾ ਕੋਈ ਰੰਗ ਰੂਪ ਨਹੀਂ ਹੈ। ਸਾਡੀ ਭਾਸ਼ਾ ਦੀ ਵੀ ਵਿਚਾਰ ਨਹੀਂ ਹੁੰਦੀ। ਇਲਾਕੇ ਦੀ ਵੀ ਵਿਚਾਰ ਨਹੀਂ ਹੁੰਦੀ।

*ਅਨਾਮ ਹੈਂ॥ ਅਕਾਮ ਹੈਂ॥*

ਉਸਦਾ ਆਪਣਾ ਕੋਈ ਨਿਸ਼ਚਿਤ ਠਿਕਾਣਾ ਨਹੀਂ। ਉਹ ਤਾਂ ਵਿਆਪਕ ਹੈ। ਫਿਰ ਕੁਝ ਨਾ ਕੁਝ ਤਾਂ ਵਿਚਾਰ ਹੁੰਦੀ ਹੋਵੇਗੀ ਉਸਦੇ ਦਰਬਾਰ ਵਿਚ। ਵਿਧਾਤਾ ਵਿਧੀ ਬਣਾਉਣ ਵਾਲਾ ਹੈ। ਇਸ ਵਾਸਤੇ ਉਸਦੇ ਦਰਬਾਰ ਵਿਚ

*ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥*

(ਜਪੁਜੀ ਸਾਹਿਬ)

ਉਸਨੇ ਸਾਨੂੰ ਸੁਤੰਤਰ ਵੀ ਬਣਾਇਆ ਹੈ, ਪਤੰਤਰ ਵੀ ਬਣਾਇਆ ਹੈ। ਅੱਧੇ ਅਸੀਂ ਸੁਤੰਤਰ ਹਾਂ ਕਰਮ ਕਰਨ ਵਿਚ। ਅੱਧੇ ਅਸੀਂ ਪਤੰਤਰ ਹਾਂ ਫਲ ਭੋਗਣ ਵਿਚ। ਜਿਵੇਂ ਮੈਂ ਕਿੱਕਰ ਦਾ ਬੂਟਾ ਲਾ ਦਿੱਤਾ ਹੈ ਤੇ ਬਾਅਦ ਵਿਚ ਮੈਨੂੰ ਖ਼ਿਆਲ ਆਵੇ ਕਿ ਐਵੇਂ ਫ਼ਜ਼ੂਲ ਮੈਂ

ਮਿਹਨਤ ਕੀਤੀ ਹੈ, ਖਾਦ ਪਾਈ ਹੈ, ਪਾਣੀ ਦਿੱਤਾ ਹੈ, ਇਹ ਤਾਂ ਵੱਡਾ ਹੋ ਕੇ ਕੰਡੇ ਪਿਆ ਦਿੰਦਾ ਹੈ। ਹੁਣ ਮੈਂ ਆਖਾਂ ਕਿੱਕਰ, ਤੂੰ ਅੰਗੂਰ ਦੇ ਮੈਨੂੰ। ਪਤਾ ਹੈ ਬਾਬਾ ਫ਼ਰੀਦ ਕੀ ਕਹਿੰਦੇ ਹਨ?

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥*

(ਅੰਗ ੧੩੭੯)

ਜੱਟ ਬੀਜਦਾ ਤਾਂ ਕਿੱਕਰ ਹੈ ਪਰ ਮੰਗਦਾ ਹੈ ਅੰਗੂਰ। ਬਿਜੌਰੀ ਦਾਖ। ਪਠਾਣੀ ਇਲਾਕੇ ਵਿਚ ਇਕ ਨਿੱਕਾ ਜਿਹਾ ਟੁੱਕੜਾ ਉਸਨੂੰ ਬਿਜੌਰੀ ਕਹਿੰਦੇ ਹਨ! ਬਾਬਾ ਫ਼ਰੀਦ ਜੀ ਵੀ ਆਏ ਤਾਂ ਅਫ਼ਗਾਨਿਸਤਾਨ ਤੋਂ ਸਨ, ਇਸ ਲਈ ਉਸ ਇਲਾਕੇ ਦੀ ਪੂਰੀ ਸਮਝ ਸੀ। ਮੰਗਦਾ ਹੈ ਬਿਜੌਰੀ ਦੇ ਅੰਗੂਰ ਪਰ ਬੀਜਦਾ ਕਿੱਕਰ ਹੈ। ਕੰਡੇ ਹੀ ਝੋਲੀ ਵਿਚ ਪੈਣਗੇ, ਅੰਗੂਰ ਨਹੀਂ। ਮੰਗਦਾ ਸੁੱਖ ਹੈ, ਪਰ ਕਰਮ ਉਹ ਕਰਦਾ ਹੈ ਜਿਸ ਤੋਂ ਦੁੱਖ ਨਿਕਲਦਾ ਹੈ। ਭਗਤ ਕਬੀਰ ਕਹਿੰਦੇ ਹਨ।

*ਅਹਿਰਖ ਵਾਦੁ ਨ ਕੀਜੈ ਰੇ ਮਨ॥ ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ॥*

(ਅੰਗ ੪੭੯)

ਸੁਭ ਕਰਮ ਕਰਕੇ ਤੂੰ ਸਭ ਕੁਝ ਪ੍ਰਾਪਤ ਕਰ। ਮੰਗ ਤਕਰੀਬਨ ਸਾਰਿਆਂ ਦੀ ਠੀਕ ਹੈ, ਪਰ ਕਰਮ ਠੀਕ ਨਹੀਂ। ਸਤਿਸੰਗ ਇਸ ਵਾਸਤੇ ਹੈ ਤਾਂ ਕਿ ਬੰਦੇ ਦੇ ਕਰਮ ਠੀਕ ਹੋ ਜਾਣ। ਜੀਵਨ ਵਿਚ ਆਪਣਾ ਬੀਜਿਆ ਆਪ ਹੀ ਖਾਣਾ ਪੈਂਦਾ ਹੈ। ਬਾਹਰ ਤਾਂ ਇਸ ਤਰ੍ਹਾਂ ਹੋ ਸਕਦਾ ਹੈ ਕਿ ਮੈਂ ਬੀਜਾਂ, ਖਾਵੇ ਕੋਈ ਹੋਰ। ਜੀਵਨ ਵਿਚ ਅਜਿਹਾ ਨਹੀਂ ਹੁੰਦਾ। ਮੇਰੇ ਪਿਤਾ ਨੇ ਜੋ ਬੀਜਿਆ ਹੈ, ਉਹ ਖਾਵੇਗਾ। ਇਕ ਦੀ ਥਾਂ 'ਤੇ ਦੂਜਾ ਨਹੀਂ ਪਕੜਿਆ ਜਾਂਦਾ। ਉਹੀ ਕਸੂਰਵਾਰ ਹੈ। ਜੇਕਰ ਜੀਵਨ ਵਿਚ ਦੁੱਖ ਪ੍ਰਗਟ ਹੋ ਰਹੇ ਹਨ ਤਾਂ ਇਕ ਗੱਲ਼ ਸਮਝ ਲੈਣੀ ਚਾਹੀਦੀ ਹੈ ਕਿ ਬੀਜ ਕੁਝ ਗ਼ਲਤ ਬੋਏ ਜਾ ਰਹੇ ਹਨ। ਗੁਰੂ ਅਮਰਦਾਸ ਜੀ ਮਹਾਰਾਜ ਕਹਿੰਦੇ ਹਨ - ਹੇ ਜੀਵ-ਇਸਤਰੀ ! ਉਸ ਕਰਮ ਬਿਧਾਤੇ ਨੂੰ ਸਮਝ। ਉਹ ਕਰਮਾਂ ਦਾ ਵਿਧਾਨ ਬਣਾਉਣ ਵਾਲਾ ਹੈ। ਇਸ ਵਾਸਤੇ ਆਪਣੇ ਦੁੱਖਾਂ ਲਈ ਕਦੀ ਕਿਸੇ ਨੂੰ ਕਸੂਰਵਾਰ ਨਾ ਠਹਿਰਾਈਂ। ਤੇਰੇ ਕਰਮਾਂ ਨੇ ਹੀ ਤੈਨੂੰ ਦੁੱਖ ਦਿੱਤਾ ਹੈ। ਦੁੱਖ ਤਾਂ ਬਾਹਰੋਂ ਮਿਲੇਗਾ ਹੀ। ਪੁੱਤਰ ਤੋਂ ਮਿਲੇਗਾ, ਮਿੱਤਰ ਤੋਂ ਮਿਲੇਗਾ। ਜੇਕਰ ਮਿਲ ਰਿਹਾ ਹੈ ਤਾਂ ਮੇਰੇ ਕਰਮਾਂ ਮੁਤਾਬਿਕ। ਮੈਨੂੰ ਬਾਹਰੋਂ ਹਰ ਕਿਸੇ ਤੋਂ ਸੁੱਖ ਮਿਲ ਰਿਹਾ ਹੈ, ਖੇਡ ਤਾਂ ਕਰਮਾਂ ਦੀ ਹੈ।

*ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰੇ॥ ੧॥*

ਹੇ ਕੰਤ ਦੀ ਇਸਤਰੀਓ! ਉਸ ਪਰੀਪੂਰਨ ਪ੍ਰਮਾਤਮਾ ਦੀ ਸੇਵਾ ਕਰੋ ਭਾਵ ਚਿੰਤਨ ਕਰੋ ਗੁਰੂ ਸ਼ਬਦ ਵੀ ਵਿਚਾਰ ਦੁਆਰਾ।

*ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰਾ॥*

ਇਹ ਸਾਰਾ ਸੰਸਾਰ ਉਸ ਪਰੀਪੂਰਨ ਪ੍ਰਮਾਤਮਾ ਨੇ ਆਪ ਬਣਾਇਆ ਹੈ, ਜਿਸਦੇ ਵਿਚ ਆਉਣਾ ਹੈ, ਜਾਣਾ ਹੈ, ਜਨਮ ਹੈ, ਮਰਨ ਹੈ।

*ਮਾਇਆ ਮੋਹੁ ਖੁਆਇਅਨੁ ਮਰਿ ਜੰਮੈ ਵਾਰੋ ਵਾਰਾ॥*

ਇਕ ਤਾਂ ਉਹ ਆਪ ਹੈ, ਇਕ ਉਸਦੀ ਛਾਇਆ ਹੈ। ਛਾਇਆ ਹੀ ਮਾਇਆ ਹੈ। ਛਾਇਆ ਵਿਚ ਥੋੜਾ ਜਿਹਾ ਆਰਾਮ ਤਾਂ ਹੋ ਸਕਦਾ ਹੈ। ਧੁੱਪ ਦਾ ਸਤਾਇਆ ਹੋਇਆ ਬੰਦਾ ਛਾਇਆ ਵਿਚ ਬੈਠ ਕੇ ਆਰਾਮ ਤਾਂ ਕਰ ਸਕਦਾ ਹੈ। ਥੋੜਾ ਜਿਹਾ ਸੁੱਖ ਮਾਣ ਸਕਦਾ ਹੈ, ਪਰ ਹੁਣ ਇਹ ਆਖੇ ਕਿ ਛਾਇਆ ਨੂੰ ਮੈਂ ਸੰਦੂਕ ਵਿਚ ਪਾ ਲਵਾਂ, ਭਰਕੇ ਰੱਖ ਦੇਵਾਂ, ਇਹ ਨਹੀਂ ਹੋ ਸਕੇਗਾ। ਲੋਕੀਂ ਛਾਇਆ ਨੂੰ ਫੜਨ ਦੀ ਕੋਸ਼ਿਸ਼ ਕਰਦੇ ਹਨ। ਜਵਾਨੀ ਹੈ ਛਾਇਆ ਦੀ ਤਰ੍ਹਾਂ, ਇਸਨੂੰ ਫੜਨ ਦੀ ਕੋਸ਼ਿਸ਼ ਕਰਦੇ ਹਨ। ਸੰਬੰਧ ਛਾਇਆ ਦੀ ਤਰ੍ਹਾਂ ਹਨ, ਇਸੇ ਨੂੰ ਪਕੜਨ ਦੀ ਕੋਸ਼ਿਸ਼ ਕਰਦੇ ਹਨ। ਥੋੜਾ ਜਿਹਾ ਸੁੱਖ ਤਾਂ ਮਿਲਦਾ ਹੈ ਸਨਬੰਧ ਦਾ, ਪਰ ਹੁਣ ਆਖੇ ਬਸ ਛਾਇਆ ਵਾਸਤੇ ਹੀ ਹਾਂ ਆਪਾਂ। ਨਹੀਂ, ਦਰੱਖ਼ਤ ਦੇ ਫਲ ਵੀ ਹਨ। ਛਾਇਆ ਜ਼ਮੀਨ 'ਤੇ ਮਿਲੇਗੀ, ਫਲ ਜ਼ਮੀਨ 'ਤੇ ਨਹੀਂ ਮਿਲਣਗੇ। ਦਰੱਖ਼ਤ ਦੇ ਫਲ ਭਾਵੇਂ ਜ਼ਮੀਨ 'ਤੇ ਵੀ ਮਿਲ ਜਾਣ, ਪਰ ਨਾਮ ਦਾ ਫਲ ਜ਼ਮੀਨ 'ਤੇ ਨਹੀਂ ਮਿਲੇਗਾ। ਜ਼ਮੀਨ 'ਤੇ ਛਾਇਆ ਹੀ ਮਿਲੇਗੀ। ਮਾਇਆ ਲਈ ਕੋਈ ਉਚੀ ਸੁਰਤ ਕਰਨ ਦੀ ਲੋੜ ਨਹੀਂ। ਮਾਇਆ ਦੁਸ਼ਟ ਕੋਲ ਵੀ ਹੁੰਦੀ ਹੈ। ਜ਼ਿਆਦਾ ਵੱਡਾ ਬੇਈਮਾਨ ਹੋਵੇ, ਹੋ ਸਕਦਾ ਹੈ ਉਸਦੇ ਕੋਲ ਜ਼ਿਆਦਾ ਮਾਇਆ ਹੋਵੇ।

*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥*

(ਅੰਗ ੪੧੭)

ਛਾਇਆ ਲਈ ਜੀਵਨ ਉੱਚਾ ਕਰਨ ਦੀ ਲੋੜ ਨਹੀਂ। ਅੰਮ੍ਰਿਤ ਵੇਲੇ ਉੱਠਣ ਦੀ ਲੋੜ ਨਹੀਂ। ਜੱਪ ਤੱਪ ਕਰਨ ਦੀ ਲੋੜ ਨਹੀਂ। ਛਾਇਆ ਤਾਂ ਮੂਰਖਾਂ ਨੂੰ ਵੀ ਮਿਲ ਜਾਂਦੀ ਹੈ। ਇਹ ਕੋਈ ਬਹੁਤ ਵੱਡੀ ਗੱਲ ਨਹੀਂ। ਛਾਇਆ ਵਿਚ ਪਸ਼ੂ ਵੀ ਬੈਠ ਸਕਦੇ ਹਨ। ਸੰਸਾਰ ਦਾ ਕੁਝ ਸੁੱਖ ਤਾਂ ਪਸ਼ੂ ਵੀ ਮਾਣਦੇ ਹਨ। ਦਰੱਖ਼ਤਾਂ ਦੀ ਛਾਂ ਥੱਲੇ ਪਸ਼ੂ ਵੀ ਬੈਠਦੇ ਹਨ। ਪੰਛੀ ਵੀ ਬੈਠਦੇ ਹਨ। ਨਾਮ ਧਨ ਨਾਲ ਨਹੀਂ ਮਿਲੇਗਾ। ਜੇਕਰ ਧਨ ਨਾਲ ਮਿਲ ਜਾਏਗਾ ਤਾਂ ਨਾਮ ਜ਼ਮੀਨ 'ਤੇ ਹੀ ਮਿਲ ਗਿਆ। ਕੁਝ ਵੀ ਕਰਨ ਦੀ ਲੋੜ ਨਹੀਂ। ਜੱਪਿਆ ਜਪਾਇਆ ਲੋਕੀਂ ਨਾਮ ਖ਼ਰੀਦਦੇ ਪਏ ਹਨ। ਕਰਿਆ ਕਰਾਇਆ ਲੋਕੀਂ ਪਾਠ ਖ਼ਰੀਦਦੇ ਪਏ ਹਨ। ਆਪ ਕਰ, ਥੋੜਾ ਬਹੁਤਾ ਤਾਂ ਕਰ। ਕਰ ਨਹੀਂ ਸਕਦਾ ਤਾਂ ਸੁਣ। ਨਾ ਸੁਣਨਾ ਹੈ, ਨਾ ਕਰਨਾ ਹੈ। ਮੈਂ ਤਾਂ ਕਈ ਸ਼ਹਿਰਾਂ ਵਿਚ ਦੇਖਿਆ ਹੈ ਫ਼ੋਨ 'ਤੇ ਆਖੰਡ ਪਾਠ ਕਰਾਉਂਦੇ ਹਨ, ਫ਼ੋਨ 'ਤੇ ਹੁਕਮਨਾਮਾ ਸੁਣਦੇ ਹਨ।

*ਲੋਗਨ ਰਾਮੁ ਖਿਲਾਉਨਾ ਜਾਨਾਂ॥* (ਅੰਗ ੧੧੫੮)

ਛਾਇਆ ਜ਼ਮੀਨ 'ਤੇ ਮਿਲ ਗਈ ਹੈ। ਇਹਨਾਂ ਦੀ ਇਹ ਵੀ ਉਡੀਕ ਹੈ ਕਿ ਸ਼ਾਇਦ ਫਲ ਵੀ ਜ਼ਮੀਨ 'ਤੇ ਮਿਲ ਜਾਏ। ਦਰੱਖ਼ਤਾਂ ਦਾ ਫਲ ਮਿਲ ਜਾਏਗਾ, ਨਾਮ ਦਾ ਫਲ ਨਹੀਂ ਮਿਲਦਾ। ਆਪਣੇ ਆਪ ਨੂੰ ਥੋੜਾ ਉੱਚਾ ਉਠਾਉਣ ਪਏਗਾ। ਉਸ ਪਰੀਪੂਰਨ ਪ੍ਰਮਾਤਮਾ ਨੇ ਇਹ ਜੋ ਸੰਸਾਰ ਬਣਾਇਆ ਹੈ, ਜਿਸਦੇ ਵਿਚ ਆਉਣਾ ਹੈ, ਜਾਣਾ ਹੈ, ਜਨਮ ਹੈ, ਮਰਨ ਹੈ, ਇਸੇ ਵਿਚ ਗੁਰੂ ਦੀ ਵਿਚਾਰ ਦੁਆਰਾ ਪਰਮ ਆਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ। ਥੋੜੀ ਜਿਹੀ ਸੁਰਤ ਉੱਚੀ ਕਰਕੇ ਨਾਮ ਰੱਸ, ਪਰਮ ਆਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਅਵਸਰ ਉਸਨੇ ਸਾਨੂੰ ਦਿੱਤਾ ਹੈ। ਇਸ ਵਾਸਤੇ ਤੂੰ ਪ੍ਰਮਾਤਮਾ ਨੂੰ ਦੋਸ਼ੀ ਨਹੀਂ ਠਹਿਰਾ ਸਕਦਾ ਤੇ ਮਨੁੱਖ ਭੁਲੇਖੇ ਵਿਚ ਨਾ ਰਹੇ, ਅੱਜ ਤੱਕ ਬੜੇ ਅਵਤਾਰ ਉਸਨੇ ਭੇਜੇ ਹਨ। ਬੜਾ ਗਿਆਨ ਉਸਨੇ ਭੇਜਿਆ ਹੈ। ਪਦਾਰਥ ਦਿੱਸੇ, ਇਸ ਲਈ ਸੂਰਜ ਦੀ ਰੌਸ਼ਨੀ ਨਹੀਂ ਭੇਜੀ ਸਗੋਂ ਜਗਤ ਦੀ ਅਸੀਲਅਤ ਦਿੱਸੇ, ਅਵਤਾਰ ਵੀ ਭੇਜੇ ਹਨ। ਇਕ ਆਲਮ ਕਹਿੰਦਾ ਹੈ-

*ਹਜ਼ਾਰੋਂ ਹਿਜਰ ਪੈਦਾ ਕਰ ਚੁਕੀ ਹੈ ਨਸਲ ਆਦਮ ਕੀ।*
*ਯੇ ਸਭ ਤਸਲੀਮ ਹੈ ਲੇਕਿਨ ਆਦਮੀ ਅਬ ਤੱਕ ਭਟਕਤਾ ਹੈ।*

ਜੀਵ ਅਜੇ ਵੀ ਭਟਕ ਰਿਹਾ ਹੈ। ਅਜੇ ਵੀ ਗੱਲ ਨਹੀਂ ਬਣੀ। ਗੁਰੂ ਸ਼ਬਦ ਦੀ ਵਿਚਾਰ ਦੁਆਰਾ ਇਹ ਆਉਣ ਜਾਣ ਦਾ ਦੁੱਖ, ਇਹ ਸੰਤਾਪ, ਇਹ ਕਲੇਸ਼, ਇਸ ਤੋਂ ਬਚਿਆ ਜਾ ਸਕਦਾ ਹੈ, ਕਿਉਂਕਿ ਪਰੀਪੂਰਨ ਪ੍ਰਮਾਤਮਾ ਕਰਮਾਂ ਦਾ ਬਿਧਾਤਾ ਹੈ।

*ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ ਗਿਆਨ ਵਿਹੂਣੀ ਮੂਠੀ॥*

ਜੋ ਝੂਠ ਵਿਚ ਮੁੱਠੀ ਹੋਈ ਹੈ, ਉਸਨੂੰ ਗਿਆਨ ਤੋਂ ਬਿਨਾਂ ਹਨੇਰੇ ਨੇ ਅਜਿਹਾ ਕਰ ਦਿੱਤਾ ਹੈ। ਬਾਰ ਬਾਰ ਜੰਮਣ ਮਰਨ ਦਾ ਇਹ ਜੀਵ-ਇਸਤਰੀ ਦੁੱਖ ਭੋਗ ਰਹੀ ਹੈ। ਜਨਮ ਹੋ ਗਿਆ ਹੈ ਤਾਂ ਫਿਰ ਤਰ੍ਹਾਂ ਤਰ੍ਹਾਂ ਦੇ ਹੋਰ ਕਲੇਸ਼। ਫਿਰ ਸਭ ਤੋਂ ਵੱਡਾ ਦੁੱਖ ਮਰਨ ਦਾ ਬਾਰ ਬਾਰ ਇਹ ਭੋਗ ਰਹੀ ਹੈ ਗਿਆਨ ਤੋਂ ਬਿਨਾਂ। ਕਿਉਂ? ਝੂਠ ਨੇ ਇਸਨੂੰ ਠੱਗ ਲਿਆ ਹੈ।

*ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ ਰੋਵੈ ਅਵਗੁਣਿਆਰੀ ਝੂਠੀ॥*

ਸ਼ਬਦ ਦੀ ਵਿਚਾਰ ਤੋਂ ਬਿਨਾਂ ਜੀਵਨ ਅਜਾਈਂ ਗਵਾਇਆ ਅਤੇ ਇਹ ਠੱਗੀ ਹੋਈ ਜ਼ਾਰੋ ਜ਼ਾਰ ਰੋ ਰਹੀ ਹੈ, ਕਿਉਂਕਿ ਪੱਲੇ ਕੁਝ ਵੀ ਨਹੀਂ। ਸਿਵਾਏ ਦੁੱਖਾਂ ਦੇ ਹੋਰ ਕੁਝ ਵੀ ਨਹੀਂ।

*ਪਿਰੁ ਜਗਜੀਵਨੁ ਕਿਸ ਨੋ ਰੋਈਐ ਰੋਵੈ ਕੰਤੁ ਵਿਸਾਰੇ॥*

ਦਰਅਸਲ ਜੇਕਰ ਰੋਣਾ ਵੀ ਹੈ, ਵੈਰਾਗ ਕਰਨਾ ਵੀ ਹੈ ਤੇ ਉਸ ਦਾ ਕਰ ਜੋ ਜਗਤ ਦਾ ਜੀਵਨ ਹੈ। ਮਹਿਸੂਸ ਕਰ ਕਿ ਮੈਂ ਉਸ ਤੋਂ ਵਿਛੜੀ ਹੋਈ ਹਾਂ, ਪਰ ਉਸਨੂੰ ਤਾਂ ਵਿਸਾਰਿਆ ਹੈ ਅਤੇ ਜਗਤ ਦੇ ਜੀਵਨ ਨੂੰ ਭੁਲਾਇਆ ਹੈ। ਇਸ ਤਰ੍ਹਾਂ ਜ਼ਾਰੋ ਜ਼ਾਰ ਰੋ ਰਹੀ ਹੈ, ਦੁੱਖੀ ਹੋ ਰਹੀ ਹੈ।

*ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰੇ॥ ੨॥*

ਇਹ ਸਾਰਾ ਜਗਤ ਉਸਨੇ ਬਣਾਇਆ ਹੈ ਤੇ ਉਸ ਦੇ ਵਿਚ ਜਨਮ ਹੈ, ਮਰਨ ਹੈ, ਆਉਣਾ ਹੈ, ਜਾਣਾ ਹੈ, ਕਰਮ ਦੇ ਵਿਧਾਨ ਦੇ ਮੁਤਾਬਿਕ।

*ਸੋ ਪਿਰੁ ਸਚਾ ਸਦ ਹੀ ਸਾਚਾ ਹੈ ਨਾ ਓਹੁ ਮਰੈ ਨ ਜਾਏ॥*

ਉਹ ਪਰੀਪੂਰਨ ਪ੍ਰਮਾਤਮਾ ਟਿੱਕਿਆ ਹੋਇਆ ਹੈ, ਅਮਿੱਟ ਹੈ, ਸੱਚ ਹੈ, ਨਾ ਆਉਂਦਾ ਹੈ, ਨਾ ਜਾਂਦਾ ਹੈ। ਸਾਰਾ ਸੰਸਾਰ ਚੰਚਲ ਹੈ। ਚੰਚਲ ਹੈ, ਚੱਲ ਰਿਹਾ ਹੈ ਤਾਂ ਦੌੜਨਾ ਪਏਗਾ। ਹੱਥ ਦੇ ਉੱਤੇ ਹੱਥ ਰੱਖ ਕੇ ਜਗਤ ਦੇ ਵਿਚ ਕੁਝ ਵੀ ਨਹੀਂ ਮਿਲਦਾ। ਇਸ ਚੱਲਦੇ ਹੋਏ ਜਗਤ ਵਿਚੋਂ ਕੁਝ ਪ੍ਰਾਪਤ ਕਰਨਾ ਹੈ ਤਾਂ ਚੱਲਣਾ ਪਏਗਾ। ਪ੍ਰਮਾਤਮਾ ਨਿਹਚਲ ਨਹੀਂ ਚੱਲਦਾ। ਉਸ ਟਿਕੇ ਹੋਏ ਨਾਲ ਜੁੜਨਾ ਹੈ ਤਾਂ ਮਨ ਨੂੰ ਟਿਕਾਉਣਾ ਪਏਗਾ। ਤਨ ਨੂੰ ਦੌੜਾ ਤਾਂ ਕਿ ਤੈਨੂੰ ਪਦਾਰਥ ਮਿਲਣ। ਮਨ ਨੂੰ ਟਿਕਾਅ ਤਾਂ ਕਿ ਤੈਨੂੰ ਪ੍ਰਮਾਤਮਾ ਮਿਲਣ। ਤਨ ਨੂੰ ਚੰਚਲ ਕਰ ਤਾਂ ਕਿ ਤੈਨੂੰ ਛਾਇਆ ਮਿਲੇ, ਮਨ ਨੂੰ ਨਿਹਚਲ ਕਰ ਤਾਂ ਕਿ ਤੈਨੂੰ ਉਹ ਮਿਲੇ ਜਿਸਦੀ ਇਹ ਛਾਇਆ ਹੈ। ਪਰ ਬੰਦਾ ਭੁੱਲ ਗਿਆ ਹੈ। ਤਨ ਵੀ ਚੰਚਲ, ਮਨ ਵੀ ਚੰਚਲ। ਤਨ ਵੀ ਸੰਸਾਰ ਦਾ ਹਿੱਸਾ ਰਹਿ ਗਿਆ ਹੈ। ਉਹ ਤਾਂ ਹੋਣਾ ਹੀ ਹੈ। ਮਨ ਵੀ ਸੰਸਾਰ ਦਾ ਹਿੱਸਾ ਬਣ ਗਿਆ ਹੈ। ਨਿਰੰਕਾਰ ਨਾਲ ਕੋਈ ਸੰਬੰਧ ਨਾ ਜੁੜਿਆ। ਬੈਠਿਆਂ ਵੀ ਤਨ ਚੱਲ ਰਿਹਾ ਹੈ। ਜੇਕਰ ਇਕ ਜਵਾਨ ਬੈਠਾ ਰਿਹਾ ਤਾਂ ਬੈਠਾ ਬੈਠਾ ਵੀ ਬੁੱਢਾ ਹੋ ਰਿਹਾ ਹੈ। ਇਕ ਬੱਚਾ ਬੈਠਾ ਰਹੇ, ਬੈਠਾ ਬੈਠਾ ਵੀ ਉਹ ਜਵਾਨ ਹੋ ਰਿਹਾ ਹੈ। ਕਾਨ੍ਹਪੁਰ ਦਾ ਇਕ ਬੱਚਾ ਹੁਣ ਤਾਂ ਗੁਜ਼ਰ ਗਿਆ। ਜਨਮ ਤੋਂ ਉਸ ਦੀਆਂ ਲੱਤਾਂ ਟੇਢੀਆਂ, ਬਾਹਾਂ ਟੇਢੀਆਂ, ਗਰਦਨ ਵੀ ਟੇਢੀ। ਹਰ ਸਾਲ ਅਸੀਂ ਉਸ ਕੋਲ ਜਾਂਦੇ ਸਾਂ। ਉਹ ਬੜਾ ਖ਼ੁਸ਼ ਹੁੰਦਾ ਸੀ। ਜ਼ਬਾਨ ਤੋਂ ਉਹ ਕੁਝ ਬੋਲ ਨਹੀਂ ਸਕਦਾ ਸੀ। ਮੇਰੇ ਦੇਖਦਿਆਂ ਦੇਖਿਦਿਆਂ ਉਸ ਦਾ ਦਾੜ੍ਹਾ ਸਫ਼ੇਦ ਹੋ ਗਿਆ। ਕੁਰਸੀ 'ਤੇ ਪਿਆ ਪਿਆ ਵੀ ਜਵਾਨ ਹੋ ਗਿਆ। ਕੁਰਸੀ 'ਤੇ ਪਿਆ ਪਿਆ ਬੁੱਢਾ ਹੋ ਗਿਆ। ਸਰੀਰ ਚੰਚਲ ਹੈ ਤਾਂ ਕਿਧਰੇ ਪਹੁੰਚੇ। ਕਿੱਥੇ ਪਹੁੰਚੇ? ਸ਼ਮਾਸ਼ਾਨ ਤੱਕ ਪਹੁੰਚੇਗਾ, ਹੋਰ ਕਿੱਥੇ।

*ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ॥*

ਗੋਰ ਕਬਰ ਨੂੰ ਕਹਿੰਦੇ ਹਨ। ਇਹ ਨਿਮਾਣੀ ਗੋਰ ਹੇ ਬੰਦੇ! ਤੈਨੂੰ ਅਵਾਜ਼ਾਂ ਮਾਰ ਰਹੀ ਹੈ।

*ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ॥*

(ਅੰਗ ੧੩੮੨)

ਚੱਲ ਚੱਲ ਕੇ ਇਹ ਸਰੀਰ ਸ਼ਮਸ਼ਾਨ ਤੱਕ ਪਹੁੰਚੇਗਾ, ਪਰ ਟਿੱਕ ਕੇ ਮਨ ਪਹੁੰਚੇਗਾ ਭਗਵਾਨ ਤੱਕ। ਭਗਵਾਨ ਨਿਹਚਲ ਹੈ।

*ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਇ॥*

ਪ੍ਰਮਾਤਮਾ ਤੋਂ ਵਿਛੜੀ ਹੋਈ ਇਹ ਰੰਨ, ਇਹ ਇਆਣੀ, ਇਹ ਮੂਰਖ ਜੀਵ-ਇਸਤਰੀ ਪ੍ਰਮਾਤਮਾ ਨੂੰ ਭੁਲਾ ਕੇ ਇੱਧਰ ਉੱਧਰ ਭਟਕ ਰਹੀ ਹੈ। ਜਨਮ ਮਰਨ ਦੇ ਚੱਕਰ ਵਿਚ ਪਈ ਹੋਈ ਹੈ।

*ਰੰਡ ਬੈਠੀ ਦੂਜੈ ਭਾਏ ਮਾਇਆ ਮੋਹਿ ਦੁਖੁ ਪਾਏ ਆਵ ਘਟੈ ਤਨੁ ਛੀਜੈ॥*

ਮਾਇਆ ਦੇ ਵਿਚ ਫੱਸ ਕੇ ਅੰਤ ਇਹ ਛੁੱਟੜ ਇਸਤਰੀ ਅਤਿਅੰਤ ਦੁੱਖ ਪਾ ਰਹੀ ਹੈ।

*ਜੋ ਕਿਛੁ ਆਇਆ ਸਭੁ ਕਿਛੁ ਜਾਸੀ ਦੁਖੁ ਲਾਗਾ ਭਾਇ ਦੂਜੈ॥*

ਜੋ ਕੁਝ ਵੀ ਪ੍ਰਾਪਤ ਹੋਇਆ ਹੈ, ਆਖ਼ਿਰ ਛਾਇਆ ਨਿਹਚਲ ਨਹੀਂ ਹੈ, ਬਦਲ ਜਾਂਦੀ ਹੈ। ਜਵਾਨੀ ਆਈ ਹੈ ਬੜੀ ਖ਼ੁਸ਼ੀ ਹੈ, ਪਰ ਜਾਏਗੀ, ਬੜਾ ਦੁੱਖ ਹੈ। ਇਹ ਕਾਇਆ ਆਈ ਹੈ, ਬੜੀ ਖ਼ੁਸ਼ੀ ਹੈ। ਮਾਂ ਬਾਪ ਜਨਮ ਦਿਨ ਮਨਾਉਂਦੇ ਹਨ। ਜ਼ਰਾ ਵੱਡਾ ਹੋਵੇਗਾ ਆਪ ਮਨਾਏਗਾ। ਭਾਵੇਂ ਜਨਮ ਹੈ, ਪਰ ਮਰਨ ਦਿਨ ਹੋਵੇਗਾ। ਜੋ ਕੁਝ ਆਇਆ ਹੈ ਸਭ ਕੁਝ ਜਾਏਗਾ। ਇਹ ਜੀਵ-ਇਸਤਰੀ ਇਸ ਤਰ੍ਹਾਂ ਮਾਇਆ ਦੀ ਠੱਗੀ ਹੋਈ ਹੈ।

*ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ ਲਬਿ ਲੋਭਿ ਚਿਤੁ ਲਾਏ॥*

ਲੋਭ ਵੱਸ ਹੋ ਕੇ ਮਾਇਆ ਵਿਚ ਚਿੱਤ ਜੋੜਿਆ ਹੋਇਆ ਹੈ। ਜਮਾਂ ਦਾ ਪਤਾ ਨਹੀਂ, ਬਾਰ ਬਾਰ ਦੇ ਜਨਮ ਦਾ ਪਤਾ ਨਹੀਂ, ਮਰਨ ਦਾ ਪਤਾ ਨਹੀਂ। ਇਸੇ ਵਿਚ ਫੱਸੀ ਹੋਈ ਹੈ।

*ਸੋ ਪਿਰੁ ਸਾਚਾ ਸਦ ਹੀ ਸਾਚਾ ਨਾ ਓਹੁ ਮਰੈ ਨ ਜਾਏ॥ ੩॥*

ਪ੍ਰਮਾਤਮਾ ਨਿਹਚਲ ਹੈ। ਉਸਦੀ ਸੂਝ ਬੂਝ ਪ੍ਰਾਪਤ ਕਰ। ਉਹ ਕਦੀ ਜੰਮਦਾ ਨਹੀਂ। ਕਦੀ ਮਰਦਾ ਨਹੀਂ। ਕਦੀ ਉਸਦੇ ਵਿਚ ਦੁੱਖ ਨਹੀਂ, ਉਹ ਪਰਮ ਆਨੰਦ ਸਰੂਪ ਹੈ।

*ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨਾ ਜਾਣੈ ਪਿਰੁ ਨਾਲੇ॥*

ਇਕ ਪ੍ਰਮਾਤਮਾ ਤੋਂ ਵਿਛੜ ਕੇ ਰੋਂਦੀਆਂ ਹਨ, ਦੁੱਖ ਭੋਗਦੀਆਂ ਹਨ, ਪਰ ਅੰਨ੍ਹੀਆਂ ਹਨ, ਜਾਣਦੀਆਂ ਨਹੀਂ ਕਿ ਪ੍ਰਮਾਤਮਾ ਤਾਂ ਕੋਲ ਹੈ। ਇਕ ਨੁਕਤਾ ਮੈਂ ਤੁਹਾਡੇ ਸਾਹਮਣੇ ਰੱਖਾਂ। ਤਨ ਦੇ ਅੰਦਰ ਮਨ ਹੈ। ਤਨ ਨੂੰ ਦੌੜਨ ਲਈ ਅਸਥਾਨ ਚਾਹੀਦਾ ਹੈ। ਚਾਰ ਫੁੱਟ ਦੀ ਜਗ੍ਹਾ ਹੋਵੇ, ਮੈਂ ਕਿੱਥੇ ਭੱਜਾਂਗਾ? ਜੇਲ੍ਹ ਜੇਕਰ ਕੈਦੀਆਂ ਨੂੰ ਔਖਾ ਕਰਦੀ ਹੈ ਤੇ ਮਹਿਜ਼ ਇਕ ਨਿੱਕੀ ਜਿਹੀ ਕੋਠੜੀ ਵਿਚ ਰਿਹਾਂ। ਕਿਸ ਪਾਸੇ ਜਾਏ ਵਿਚਾਰਾ? ਕੰਮ ਧੰਦਾ ਕਰਨ ਲਈ, ਆਪਣੇ ਕੰਮ ਕਾਰ ਦਾ ਪਸਾਰਾ ਕਰਨ ਲਈ ਜਗ੍ਹਾ ਤਾਂ ਜ਼ਿਆਦਾ ਚਾਹੀਦੀ ਹੈ। ਅਸਥਾਨ ਨਹੀਂ ਤਾਂ ਸਰੀਰ ਨੂੰ ਦੌੜਨ ਵਾਸਤੇ ਕੋਈ ਜਗ੍ਹਾ ਨਹੀਂ, ਅਸਥਾਨ ਤਾਂ ਚਾਹੀਦਾ ਹੈ। ਮਨ ਭੱਜਦਾ ਹੈ ਸਮੇਂ ਵਿਚ। ਬੜੀ ਗਹਿਰਾਈ ਨਾਲ ਲੈਣਾ ਇਸ ਨੁਕਤੇ ਨੂੰ। ਮਨ ਨੂੰ ਭੱਜਣ ਦੌੜਨ ਵਾਸਤੇ ਅਸਥਾਨ ਨਹੀਂ ਚਾਹੀਦਾ। ਮਨ ਚਲਾ ਜਾਂਦਾ ਹੈ ਗੁਜ਼ਰੇ ਹੋਏ ਸਮੇਂ ਵਿਚ, ਇਹ ਚਲਾ ਜਾਂਦਾ ਹੈ ਆਉਣ ਵਾਲੇ ਸਮੇਂ ਵਿਚ। ਤਾਂ ਹੀ ਕਹਿੰਦੇ ਹਨ ਪ੍ਰਮਾਤਮਾ ਵਿਚ ਸਮਾਂ ਨਹੀਂ ਹੈ,

ਅਕਾਲ ਹੈ। ਸਮੇਂ ਵਿਚ ਰਹਿਣਾ, ਭੱਜਣਾ ਦੌੜਨਾ ਇਹ ਕਾਲ ਵਿਚ ਭੱਜਣਾ ਦੌੜਨਾ ਹੈ। ਮਨ ਦੌੜਦਾ ਹੈ ਸਮੇਂ ਵਿਚ ਤੇ ਬੜਾ ਖੁੱਲ੍ਹਾ ਸਮਾਂ ਹੈ, ਭੂਤਕਾਲ ਬੜਾ ਲੰਮਾ ਹੈ। ਪਤਾ ਨਹੀਂ ਅਸੀਂ ਕਦੋਂ ਦੇ ਆਏ ਹਾਂ। ਉਹਨਾਂ ਦੀਆਂ ਯਾਦਾਂ ਵਿਚ ਚੱਲਾ ਜਾਂਦਾ ਹੈ। ਯਾਦਾਂ ਵਿਚ ਕੀ ਹੁੰਦਾ ਹੈ? ਕੁਝ ਦੁੱਖ, ਕੁਝ ਸੁੱਖ, । ਗੁਜ਼ਰੇ ਹੋਏ ਸਮੇਂ ਵਿਚ ਕੁਝ ਵਿਛੜਿਆ ਸੀ, ਯਾਦ ਆਉਂਦਾ ਹੈ। ਫਿਰ ਮਨ ਜਾਂਦਾ ਹੈ ਭਵਿੱਖ ਵਿਚ। ਭਵਿੱਖ ਵਿਚ ਮੈਨੂੰ ਸੁੱਖ ਮਿਲੇ; ਦੁੱਖ ਨਾ ਮਿਲੇ। ਮਿਲਾਪ ਹੋਵੇ, ਵਿਛੋੜਾ ਨਾ ਹੋਵੇ। ਇੱਜ਼ਤ ਮਿਲੇ, ਬੇਇੱਜ਼ਤੀ ਨਾ ਹੋਵੇ। ਭੂਤਕਾਲ ਦੀਆਂ ਯਾਦਾਂ, ਭਵਿੱਖ ਦੀ ਚਿੰਤਾ। ਪ੍ਰਮਾਤਮਾ ਤਾਂ ਅਕਾਲ ਹੈ। ਉਸਦੇ ਵਿਚ ਚਲੇ ਜਾਈਏ ਤਾਂ ਭਵਿੱਖ ਖੋ ਗਿਆ, ਭੂਤਕਾਲ ਖੋ ਗਿਆ। ਮਨੁੱਖ ਤਾਂ ਅਕਾਲ ਦਾ ਰੂਪ ਹੋ ਜਾਏਗਾ, ਸਮਾਧੀ ਲੀਨ ਹੋ ਜਾਏਗਾ। ਕਾਲ ਦਾ ਬਹੁਤ ਛੋਟਾ ਜਿਹਾ ਸਮਾਂ ਹੈ ਵਰਤਮਾਨ, ਇਕ ਦਮ। ਸਮੇਂ ਨੂੰ ਦਮਾਂ ਨਾਲ ਨਾਪਾਂਗੇ, ਗੁਜ਼ਰੇ ਹੋਏ ਦਮ, ਆਉਣ ਵਾਲੇ ਦਮ, ਮੂੰਹ ਵਿਚ ਦਮ, ਸਮੇਂ ਨੂੰ ਨਾਪਣ ਦਾ ਇਹ ਢੰਗ ਹੈ। ਧਾਰਮਿਕ ਢੰਗ ਇਹ ਹੈ। ਜਿਹੜਾ ਮੂੰਹ ਵਿਚ ਦਮ ਹੈ ਉਹ ਵਰਤਮਾਨ ਹੈ। ਜੋ ਚਲੇ ਗਿਆ, ਉਹ ਭੂਤਕਾਲ ਹੈ। ਜੋ ਆਉਣ ਵਾਲਾ ਹੈ ਭਵਿੱਖ ਹੈ। ਪਰ ਕੋਲ ਮੇਰੇ ਕੀ ਹੈ? ਜਿਹੜਾ ਦਮ ਹੈ ਵਰਤਮਾਨ, ਜੋ ਚਲੇ ਗਏ ਉਹ ਚਲੇ ਗਏ, ਜੋ ਆਉਣੇ ਹਨ, ਅਜੇ ਹੱਥ ਵਿਚ ਨਹੀਂ ਹਨ। ਇਸ ਵਾਸਤੇ ਜਦੋਂ ਕੋਈ ਇਕ ਦਮ ਵਿਚ ਆ ਜਾਂਦਾ ਹੈ ਤਾਂ ਕਾਲ ਦਾ ਬਹੁਤ ਛੋਟਾ ਭਾਗ ਇਕ ਦਮ ਅਕਾਲ ਦੇ ਨੇੜੇ ਹੈ। ਜਦੋਂ ਕੋਈ ਇਕ ਦਮ ਵਿਚ ਆ ਜਾਂਦਾ ਹੈ ਤਾਂ ਅਕਾਲ ਦੀ ਉਸ 'ਤੇ ਛਾਇਆ ਪੈਂਦੀ ਹੈ। ਜਿਵੇਂ ਕੋਈ ਖਿੜੇ ਹੋਏ ਚਮਨ ਦੇ ਨੇੜੇ ਚਲਾ ਜਾਏ, ਫੁੱਲਾਂ ਦੀ ਮਹਿਕ ਦੂਰੋਂ ਸਵਾਗਤ ਕਰਦੀ ਹੈ। ਅਜੇ ਬਗ਼ੀਚੇ ਤੱਕ ਪਹੁੰਚਿਆ ਨਹੀਂ, ਪਰ ਬਗ਼ੀਚੇ ਦੀ ਮਹਿਕ ਨੇ ਸੁਆਗਤ ਕੀਤਾ ਹੈ। ਅਜੇ ਪ੍ਰਮਾਤਮਾ ਤੱਕ ਪਹੁੰਚਿਆ ਨਹੀਂ, ਪਰ ਵਰਤਮਾਨ ਵਿਚ ਪਹੁੰਚਿਆਂ ਭਗਵਾਨ ਦੇ ਰੱਸ ਦੀ ਛਾਇਆ ਪੈਣ ਲੱਗ ਪੈਂਦੀ ਹੈ। ਆਨੰਦ ਦੀ ਛਾਇਆ ਪੈਣ ਲੱਗ ਪੈਂਦੀ ਹੈ। ਇਹ ਪ੍ਰਭਾਵ ਇਸ ਤਰ੍ਹਾਂ ਖਿੱਚਦਾ ਹੈ ਕਿ ਵਰਤਮਾਨ ਵੀ ਖੋ ਜਾਂਦਾ ਹੈ, ਮਨੁੱਖ ਪ੍ਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ। ਸਾਹਿਬ ਕਹਿੰਦੇ ਹਨ ਕਿ ਇਹ ਅੰਨ੍ਹੀ ਨਹੀਂ ਜਾਣਦੀ ਕਿ ਪ੍ਰਮਾਤਮਾ ਕੋਲ ਹੈ। ਜੇਕਰ ਮਨ ਟਿੱਕ ਜਾਏ ਤਾਂ ਸਭ ਤੋਂ ਪਹਿਲਾਂ ਜਿਹੜੀ ਸੂਝ ਮਿਲੇਗੀ, ਉਹ ਇਹ ਕਿ ਘਰ ਦੇ ਅੰਦਰ ਇੰਨਾ ਆਨੰਦ ਸੀ ਤੇ ਮੈਂ ਬਾਹਰ ਭੱਟਕਦਾ ਰਿਹਾ।

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾਂ ਸਾਦੁ ਨ ਪਾਇਆ॥*
*ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥*

(ਅੰਗ ੬੪੪)

*ਗੁਰ ਪਰਸਾਦੀ ਸਾਚਾ ਪਿਰੁ ਮਿਲੈ ਅੰਤਰਿ ਸਦਾ ਸਮਾਲੇ॥*

ਗੁਰੂ ਦੀ ਬਖ਼ਸ਼ਿਸ਼ ਦੁਆਰਾ ਜੇ ਕਿਤੇ ਉਸ ਸੱਚ ਦੀ ਸਮਝ ਆ ਜਾਏ ਤਾਂ ਫਿਰ ਇਹ ਆਪਣੇ ਅੰਦਰ ਜੋ ਸੱਚ ਬੈਠਾ ਹੈ, ਪਰਮ ਆਨੰਦ ਬੈਠਾ ਹੈ, ਉਸਦੀ ਸੰਭਾਲ ਕਰੇ ਟਿੱਕ ਕੇ।

*ਪਿਰੁ ਅੰਤਰਿ ਸਮਾਲੇ ਸਦਾ ਹੈ ਨਾਲੇ ਮਨਮੁਖਿ ਜਾਤਾ ਦੂਰੇ॥*

ਪਰ ਮਨਮੁਖ ਸਿਰਫ਼ ਮਨ ਦੇ ਅਧੀਨ ਚੱਲਣ ਵਾਲੇ ਨੇ ਅਜਿਹਾ ਸਮਝ ਲਿਆ ਕਿ ਪ੍ਰਮਾਤਮਾ ਦੂਰ ਹੈ ਜਦੋਂ ਕਿ ਉਹ ਪਰਮ ਆਨੰਦ ਸਭ ਤੋਂ ਨੇੜੇ ਹੈ। ਮੈਂ ਇਕ ਅਰਜ਼ ਕਰਦਾ ਹੁੰਦਾ ਹਾਂ ਕਿ ਉਸਦਾ ਨੇੜੇ ਹੋਣਾ ਹੀ ਦੂਰੀ ਹੈ। ਕਿਉਂ? ਜੇ ਮੈਂ ਅੱਖਾਂ ਉੱਤੇ ਕਿਤਾਬ ਰੱਖ ਲਵਾਂ, ਪੜ੍ਹ ਨਹੀਂ ਸਕਾਂਗਾ। ਕੁਝ ਦੂਰੀ ਚਾਹੀਦੀ ਹੈ। ਅੱਖਾਂ ਵਿਚ ਰੜਕ ਪੈ ਜਾਂਦੀ ਹੈ। ਅਸੀਂ ਦੂਜੇ ਨੂੰ ਕਹਿੰਦੇ ਹਾਂ ਵੇਖ ਮੇਰੀ ਅੱਖ ਵਿਚ ਕੀ ਪੈ ਗਿਆ ਹੈ। ਅੱਖਾਂ ਪਹਾੜਾਂ ਨੂੰ ਦੇਖਦੀਆਂ ਹਨ, ਅੱਖਾਂ ਸੂਰਜ ਚੰਦ ਤਾਰੇ ਨੂੰ ਦੇਖਦੀਆਂ ਹਨ, ਇਕ ਨਿੱਕੀ ਜਿਹੀ ਰੜਕ ਅੱਖ ਨਹੀਂ ਦੇਖ ਸਕਦੀ। ਪ੍ਰਮਾਤਮਾ ਇਸ ਵਾਸਤੇ ਨਹੀਂ ਦਿਖਾਈ ਦਿੰਦਾ ਕਿ ਬਹੁਤ ਨੇੜੇ ਹੈ। ਸਾਹਿਬ ਕਹਿੰਦੇ ਹਨ ਕਿ ਹੈ ਤਾਂ ਅੰਦਰ, ਪਰ ਗੁਰੂ ਸ਼ਬਦ ਦੀ ਸੰਭਾਲ ਕੀਤੀ ਜਾਏ ਤਾਂ ਫਿਰ ਪਤਾ ਲੱਗ ਜਾਂਦਾ ਹੈ ਕਿ ਉਹ ਤਾਂ ਅੰਦਰ ਬੈਠਾ ਹੈ, ਬਹੁਤ ਨੇੜੇ ਹੈ।

*ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥*

(ਅੰਗ ੬੫੮)

*ਇਹੁ ਤਨੁ ਰੁਲੈ ਰੁਲਾਇਆ ਕਾਮਿ ਨ ਆਇਆ ਜਿਨਿ ਖਸਮੁ ਨ ਜਾਤਾ ਹਦੂਰੇ॥*

ਜਿਸਨੇ ਪਰੀਪੂਰਨ ਪ੍ਰਮਾਤਮਾ ਨੂੰ ਨੇੜੇ ਨਹੀਂ ਜਾਣਿਆ ਤੇ ਹਮੇਸ਼ਾਂ ਪ੍ਰਮਾਤਮਾ ਤੋਂ ਦੂਰੀ ਬਣੀ ਰਹੀ ਤਾਂ ਸਮਝ ਦੇ ਤੱਲ 'ਤੇ ਅਜਿਹਾ ਤਾਂ ਸਦਾ ਹੀ ਦੁੱਖੀ ਰਹੇਗਾ।

*ਨਾਨਕ ਸਾ ਧਨ ਮਿਲੈ ਮਿਲਾਈ ਪਿਰੁ ਅੰਤਰਿ ਸਦਾ ਸਮਾਲੇ॥*

ਜਿਸਨੇ ਆਪਣੇ ਅੰਦਰ ਸੰਭਾਲ ਕੀਤੀ, ਚਿੰਤਨ ਕੀਤਾ, ਪਰੀਪੂਰਨ ਪ੍ਰਮਾਤਮਾ ਨੇ ਉਸਨੂੰ ਮਿਲਾ ਲਿਆ ਅਤੇ ਸਦੀਵੀ ਜੋੜ ਲਿਆ, ਸਦੀਵੀ ਮਿਲਾ ਲਿਆ।

*ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨ ਜਾਣੈ ਪਿਰੁ ਹੈ ਨਾਲੇ॥੪॥੨॥*

ਜਿਹੜੇ ਮੂਰਖ ਹਨ, ਅਕਲ ਦੇ ਅੰਨ੍ਹੇ ਹਨ, ਉਹ ਰੋਂਦੇ ਹਨ, ਪਰ ਉਹ ਇਹ ਨਹੀਂ ਜਾਣਦੇ ਕਿ ਪਤੀ ਪ੍ਰਮੇਸ਼ਰ ਤਾਂ ਉਹਨਾਂ ਦੇ ਅੰਦਰ ਹੀ ਹੈ। ਸਤਿਗੁਰੂ ਰਹਿਮਤ ਕਰਨ। ਭੁੱਲਾਂ ਚੁੱਕਾਂ ਦੀ ਮੁਆਫੀ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

# ਪਰਮੇਸੁਰਿ ਬਣਤ ਬਣਾਈ

ਸੋਰਠਿ ਮਹਲਾ ੫ ॥

*ਆਗੈ ਸੁਖੁ ਮੇਰੇ ਮੀਤਾ॥ ਪਾਛੇ ਆਨਦੁ ਪ੍ਰਭਿ ਕੀਤਾ॥*
*ਪਰਮੇਸੁਰਿ ਬਣਤ ਬਣਾਈ॥ ਫਿਰਿ ਡੋਲਤ ਕਤਹੂ ਨਾਹੀ॥ ੧ ॥*
*ਸਾਚੇ ਸਾਹਿਬ ਸਿਉ ਮਨੁ ਮਾਨਿਆ॥*
*ਹਰਿ ਸਰਬ ਨਿਰੰਤਰਿ ਜਾਨਿਆ॥ ੧॥ ਰਹਾਉ॥*
*ਸਭ ਜੀਅ ਤੇਰੇ ਦਇਆਲਾ॥ ਅਪਨੇ ਭਗਤ ਕਰਹਿ ਪ੍ਰਤਿਪਾਲਾ॥*
*ਅਚਰਜੁ ਤੇਰੀ ਵਡਿਆਈ॥ ਨਿਤ ਨਾਨਕ ਨਾਮੁ ਧਿਆਈ॥੨॥੨੩॥*

(ਅੰਗ ੬੨੯-੩੦)

ਸਨਮਾਨ ਯੋਗ ਗੁਰੂ ਰੂਪ ਸਾਧ ਸੰਗਤ ਜੀਉ! ਫਤਹਿ ਪ੍ਰਵਾਨ ਕਰਨੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

*ਪਰਮੇਸੁਰਿ ਬਣਤ ਬਣਾਈ॥ ਫਿਰਿ ਡੋਲਤ ਕਤਹੂ ਨਾਹੀ॥ ੧ ॥*

ਸੋਰਠਿ ਰਾਗ ਦਾ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਇਹ ਵਾਕ ਹੈ। ਡੋਲਦਾ ਮਨ ਹੈ। ਡੋਲਨਾ, ਉਸ ਨੂੰ ਕਹਿੰਦੇ ਹਨ ਅੱਗੇ ਜਾਣਾ, ਪਿੱਛੇ ਜਾਣਾ, ਇਸਨੂੰ ਡੋਲਣਾ ਕਹਿੰਦੇ ਹਨ। ਤਨਿ ਅੱਗੇ ਜਾ ਰਿਹਾ ਹੈ, ਪਿੱਛੇ ਨਹੀਂ ਜਾ ਰਿਹਾ। ਬਚਪਨਾ ਜਵਾਨੀ ਦੀ ਤਰਫ਼ ਜਾਏਗਾ। ਜਵਾਨੀ ਬੁਢਾਪੇ ਦੀ ਤਰਫ਼ ਜਾਏਗੀ। ਬੁਢੇਪਾ ਮੌਤ ਦੀ ਤਰਫ਼ ਜਾਏਗਾ। ਸਰੀਰ ਡੋਲਦਾ ਨਹੀਂ ਹੈ। ਸਰੀਰ ਇਕਸਾਰ ਅੱਗੇ ਹੀ ਚੱਲਦਾ ਹੈ। ਜੇਕਰ ਬੁੱਢੇ ਨੂੰ ਕੋਈ ਰਿਵਰਸ ਗੇਅਰ ਨਾਲ ਪਿੱਛੇ ਮੋੜਨਾ ਚਾਹੇ ਤਾਂ ਨਹੀਂ ਮੁੜਦਾ। ਸਰੀਰ ਅੱਗੇ ਹੀ ਜਾਂਦਾ ਹੈ। ਆਤਮਾ ਵਿਆਪਕ ਹੈ। ਰਹਿ ਗਈ ਗੱਲ ਮਨ ਦੀ, ਇਹ ਡੋਲਦਾ ਹੈ। ਮਨ ਕਿਸੇ ਵਕਤ ਭਗਵਾਨ ਦਾ ਰੂਪ ਹੁੰਦਾ ਹੈ, ਕਿਸੇ ਵਕਤ ਸ਼ੈਤਾਨ ਦਾ ਰੂਪ ਹੁੰਦਾ ਹੈ। ਕਿਸੇ ਵਕਤ ਮੂਰਖ ਹੁੰਦਾ ਹੈ, ਕਿਸੇ ਵਕਤ ਸਿਆਣਾ ਹੁੰਦਾ ਹੈ। ਕਹਿੰਦੇ ਹਨ ਸਿਆਣੇ ਤੋਂ ਸਿਆਣਾ ਮਨੁੱਖ ਵੀ ਹਰ ਵਕਤ ਸਿਆਣਾ ਨਹੀਂ ਹੁੰਦਾ। ਮੂਰਖ ਤੋਂ ਮੂਰਖ ਬੰਦਾ ਵੀ ਹਰ ਵਕਤ ਮੂਰਖ ਨਹੀਂ ਹੁੰਦਾ। ਦੁਸ਼ਟ ਤੋਂ ਦੁਸ਼ਟ ਬੰਦਾ ਵੀ ਹਰ ਵਕਤ ਦੁਸ਼ਟ ਨਹੀਂ ਹੁੰਦਾ। ਸੱਜਣ ਤੋਂ ਸੱਜਣ ਮਨੁੱਖ ਵੀ ਹਰ ਵਕਤ

ਸੱਜਣ ਨਹੀਂ ਹੁੰਦਾ। ਮਨ ਡੋਲਦਾ ਹੈ। ਕਿਤਨੇ ਚਿਰ ਤੱਕ ਕੋਈ ਮਨ ਦੇ ਤੱਲ 'ਤੇ ਜਿਊਂਦਾ ਹੈ, ਡੋਲਦਾ ਹੀ ਜਾਏਗਾ, ਡੋਲਦਾ ਹੀ ਜਾਏਗਾ ਅਤੇ ਉਸਦਾ ਕੋਈ ਭਰੋਸਾ ਵੀ ਨਹੀਂ। ਇਹ ਸਤਿਸੰਗ ਦਾ ਕੋਈ ਭਰੋਸਾ ਨਹੀਂ, ਪਤਾ ਨਹੀਂ ਕਿਸ ਵਕਤ ਕੁਸੰਗੀ ਹੋਵੇ। ਉਹ ਡੋਲੇਗਾ। ਕਦੀ ਦਾਨੀ ਹੋਏਗਾ, ਕਦੀ ਬੇਈਮਾਨ ਹੋਏਗਾ। ਸਤਿਸੰਗੀ ਹੋਏਗਾ, ਕੁਸੰਗੀ ਹੋਏਗਾ।

*ਪਰਮੇਸੁਰਿ ਬਣਤ ਬਣਾਈ॥ ਫਿਰਿ ਡੋਲਤ ਕਤਹੂ ਨਾਹੀ॥ ੧॥*

ਹੁਣ ਮਨ ਨਹੀਂ ਡੋਲਦਾ, ਐਸੀ ਪ੍ਰਮੇਸ਼ਰ ਨੇ ਬਣਤ ਬਣਾ ਦਿੱਤੀ ਹੈ। ਤਨਿ ਦੀ ਪਾਲਣਾ ਕਰਨੀ ਹੈ, ਇਹ ਪ੍ਰਭੂ ਵੱਲੋਂ ਹੁਕਮ ਹੈ।

*ਨਾਨਕ ਸੋ ਪ੍ਰਭ ਸਿਮਰੀਐ ਤਿਸ ਦੇਹੀ ਕੋ ਪਾਰ॥*

(ਅੰਗ ੫੫੪)

ਤਨਿ ਨੂੰ ਦੁੱਖੀ ਕਰਨਾ, ਤਨ ਨੂੰ ਭੁੱਖਾ ਰੱਖਣਾ, ਤਨ ਨੂੰ ਮਾਰਨਾ ਪਾਪ ਹੈ। ਆਤਮ ਹੱਤਿਆ ਹੈ। ਜੇ ਕਿਸੇ ਨੂੰ ਭੁੱਖਾ ਮਾਰਨਾ ਪਾਪ ਹੈ ਤਾਂ ਆਪਣੇ ਆਪ ਨੂੰ ਵੀ ਵਰਤ ਰੱਖ ਕੇ ਭੁੱਖਾ ਮਾਰਨਾ ਪਾਪ ਹੈ, ਪੁੰਨ ਨਹੀਂ ਹੈ। ਜੇ ਕਿਸੇ ਨੂੰ ਪਿਆਸਾ ਮਾਰਨਾ ਪਾਪ ਹੈ ਤਾਂ ਆਪਣੇ ਆਪ ਨੂੰ ਵੀ ਪਿਆਸਾ ਰੱਖਣਾ ਪਾਪ ਹੈ। ਕਿਸੇ ਦੇ ਸਰੀਰ ਦੇ ਜੇ ਟੁਕੜੇ ਕਰਨੇ ਪਾਪ ਹੈ, ਤਾਂ ਆਤਮ ਹੱਤਿਆ ਵੀ ਪਾਪ ਹੈ। ਸਰੀਰ ਦੀ ਹੱਤਿਆ ਕਰਨਾ ਪਾਪ ਹੈ। ਆਤਮਾ ਦੀ ਹੱਤਿਆ ਕਰ ਨਹੀਂ ਸਕਦੇ। ਪ੍ਰਮਾਤਮਾ ਦੀ ਅੰਸ ਹੈ। ਮਨ ਦੀ ਹੱਤਿਆ ਕਰਨਾ ਪੁੰਨ ਹੈ। ਮਨ ਨੂੰ ਮਾਰਨਾ ਪੁੰਨ ਹੈ।

*ਮਨੁ ਮਰੈ ਧਾਤੁ ਮਰਿ ਜਾਇ॥*

(ਅੰਗ ੬੬੫)

ਮਨ ਮਰਦਾ ਹੈ, ਵਾਸ਼ਨਾ ਮਰਦੀ ਹੈ, ਉਸ ਤੋਂ ਪਹਿਲੇ ਨਹੀਂ ਮਰਦੀ। ਮਨ ਵਾਸਤਵ ਵਿਚ ਵਾਸ਼ਨਾਵਾਂ ਦਾ ਹੀ ਪੁਤਲਾ ਹੈ। ਵਾਸ਼ਨਾਵਾਂ ਦਾ ਹੀ ਸੰਗ੍ਰਹਿ ਹੈ। ਖ਼ੂਹ ਵੱਡੇ ਤੋਂ ਵੱਡੇ ਦੁਸ਼ਮਣ ਨੂੰ ਵੀ ਮਾਰ ਸਕਦਾ ਹੈ ਪਰ ਮਨ ਨੂੰ ਨਹੀਂ ਮਾਰ ਸਕਦਾ। ਕਹਿੰਦੇ ਹਨ ਕੋਈ ਕਿਸੇ ਦਾ ਦੁਸ਼ਮਣ ਨਹੀਂ, ਆਪਣਾ ਮਨ ਹੀ ਦੁਸ਼ਮਣ ਹੈ। ਇਹ ਵੀ ਮੈਂ ਅਰਜ਼ ਕਰ ਦਿਆਂ। ਮਨ ਦੀ ਬਣਤਰ ਹੀ ਦੁਸ਼ਮਣ ਹੈ। ਭਰਤਰਿਕ ਕਹਿੰਦੇ ਹਨ ਕਿ ਹੇ ਪਰੀਪੂਰਨ ਪ੍ਰਮਾਤਮਾ! ਇਕ ਤਾਂ ਸੰਸਾਰ ਬਣਾਇਆ ਤੂੰ, ਇਕ ਸੰਸਾਰ ਬਣਾਇਆ ਮੈਂ। ਮੇਰੇ ਮਨ ਨੇ ਬਣਾਇਆ। ਅਸੀਂ ਪ੍ਰਮਾਤਮਾ ਦੀ ਦੁਨੀਆਂ ਵਿਚ ਨਹੀਂ ਜਿਊਂਦੇ। ਤੁਸੀਂ ਆਖੋ ਕਿਥੇ ਜਿਊਂਦੇ ਹਾਂ। ਮਨ ਦੀ ਦੁਨੀਆਂ ਵਿਚ ਜਿਊਂਦੇ ਹਾਂ। ਪ੍ਰਮਾਤਮਾ ਦੀ ਦੁਨੀਆਂ ਵਿਚ ਜਿਊਂਦੇ ਹਾਂ। ਜੋ ਜਿਊਂਦਾ ਹੈ ਉਹ ਗੁਰਮੁਖਿ ਹੈ, ਉਹ ਗਿਆਨੀ ਹੈ, ਉਹ ਸੰਤ ਹੈ, ਉਹ ਤਾਂ ਭਗਤ ਹੈ। ਇਹ ਜੋ ਮਨ ਦੀ ਦੁਨੀਆਂ ਵਿਚ ਜਿਊਂਦਾ ਹੈ, ਉਸੇ ਨੂੰ ਮਨਮੁਖ ਕਹਿੰਦੇ ਹਨ, ਹੋਰ ਕਿਸ ਨੂੰ ਕਹਿੰਦੇ ਹਨ? ਹੋਰ ਕੌਣ ਮਨਮੁਖ ਹੁੰਦਾ ਹੈ? ਭਰਤਰਿਕ ਕਹਿੰਦੇ ਹਨ ਹੇ ਪ੍ਰਭੂ! ਤੈਨੂੰ ਲੋਕੀਂ ਘੁਮਿਆਰ ਕਹਿੰਦੇ

ਹਨ। ਵਾਕਿਆ ਹੀ ਤੂੰ ਘੁਮਿਆਰ ਹੈਂ। ਇਹ ਜਿਹੜਾ ਮੇਰਾ ਮਨ ਹੈ, ਇਹਦੇ ਵਿਚ ਤੂੰ ਵਾਸ਼ਨਾ ਦਾ ਪਾਣੀ ਪਾਇਆ ਹੈ। ਤੇ ਮੇਰੇ ਮਨ ਨੂੰ ਗੁੰਨ੍ਹਿਆ ਇਸ ਤਰ੍ਹਾਂ ਜਿਵੇਂ ਘੁਮਿਆਰ ਮਿੱਟੀ ਨੂੰ ਗੁੰਨ੍ਹਦਾ ਹੈ ਪਾਣੀ ਪਾ ਕੇ। ਫਿਰ ਹੇ ਪ੍ਰਭੂ! ਹੇ ਪ੍ਰਮਾਤਮਾ! ਫਿਰ ਤੂੰ ਚਿੰਤਾ ਦੇ ਚੱਕਰ ਉਪਰ ਮੇਰੇ ਗੁੰਨ੍ਹੇ ਹੋਏ ਮਨ ਨੂੰ ਰੱਖ ਦਿੱਤਾ ਹੈ। ਜੋ ਵਾਸ਼ਨਾ ਕਰਕੇ ਗੁੰਨ੍ਹਿਆ ਸੀ। ਫਿਰ ਤੂੰ ਚਿੰਤਾ ਚੱਕਰ ਨੂੰ ਘੁਮਾਇਆ। ਘੁਮਿਆਰ ਚੱਕਰ ਨੂੰ ਘੁਮਾਉਂਦਾ ਹੈ ਸੋਟੇ ਨਾਲ। ਇਹ ਰੂਪ ਅਲੰਕਾਰ ਹੈ। ਕਿਸੇ ਚੀਜ਼ ਦਾ ਰੂਪ ਬਣ ਕੇ ਅਸਲੀਅਤ ਗਿਆਨ ਪੇਸ਼ ਕਰਨਾ, ਇਹਨੂੰ ਰੂਪ ਅਲੰਕਾਰ ਕਹਿੰਦੇ ਹਨ। ਜਿਵੇਂ ਭਾਰਤ ਦਾ ਰੂਪ ਬਣਾ ਕੇ ਬਾਬਰ ਦੇ ਜ਼ੁਲਮ ਦਾ ਗੁਰੂ ਨਾਨਕ ਨੇ ਜ਼ਿਕਰ ਕੀਤਾ।

*ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥*

(ਅੰਗ ੭੨੨)

ਇਹ ਸ਼ਬਦ ਰੂਪ ਅਲੰਕਾਰ ਹੈ। ਭਾਰਤ ਰੂਪ ਬਣਾਇਆ। ਬਾਬਰ ਲਾੜਾ ਬਣਿਆ। ਉਹਦੇ ਸਿਪਾਹੀ ਬਾਰਾਤੀ ਬਣੇ ਹਨ। ਹਿੰਦੁਸਤਾਨ ਨੇਤਾ ਘਰ ਬਣਿਆ। ਇਸ ਤਰ੍ਹਾਂ ਪਾਪੀਆਂ ਦੀ ਜੰਞ ਲੈ ਕੇ ਆਇਆ ਭਾਰਤ ਦੇ ਵਿਚ, ਹਿੰਦੋਸਤਾਨ ਦੇ ਵਿਚ ਬਾਬਰ। ਰੂਪ ਅਲੰਕਾਰ। ਭਰਤਰਿਕ ਨੇ ਘੁਮਿਆਰ ਦਾ ਰੂਪ ਬਿਆਨ ਕਰਕੇ ਬਹੁਤ ਵੱਡਾ ਜਗਤ ਦੇ ਸਾਹਮਣੇ ਰੱਖਿਆ। ਕਿਹਾ ਹੇ ਪ੍ਰਭੂ! ਤੂੰ ਹੈ ਹੀ ਘੁਮਿਆਰ। ਭਾਂਡੇ ਜੋ ਬਣਾਉਂਦਾ ਹੈਂ ਤਰ੍ਹਾਂ ਤਰ੍ਹਾਂ ਦੇ। ਡੰਡਾ ਕੀ ਹੈ। ਜਿਹਦੇ ਨਾਲ ਤੂੰ ਚੱਕਰ ਘੁਮਾਇਆ। ਦੁੱਖ ਦੇ ਵਿਚੋਂ ਹੋਰ ਜਿਹੜਾ ਦੁੱਖ ਪੈਦਾ ਹੁੰਦਾ ਹੈ। ਭਰਤਰਿਕ ਕਹਿੰਦੇ ਹਨ ਦੁੱਖ ਕਦੀ ਇਕੱਲਾ ਨਹੀਂ ਆਉਂਦਾ। ਇਕ ਦੁੱਖ ਦੇ ਪਿੱਛੇ ਦੁੱਖਾਂ ਦੀ ਫ਼ੌਜ ਹੁੰਦੀ ਹੈ। ਇਕ ਸੁੱਖ ਦੇ ਪਿੱਛੇ ਦੂਜਾ ਸੁੱਖ ਨਹੀਂ ਹੁੰਦਾ ਪਰ ਇਕ ਦੁੱਖ ਦੇ ਪਿੱਛੇ ਹਜ਼ਾਰਾਂ ਦੁੱਖ ਖੜੇ ਹੁੰਦੇ ਹਨ। ਤੂੰ ਇਸ ਤਰ੍ਹਾਂ ਘੜਿਆਂ ਨੂੰ ਘੜਿਆ ਹੈ। ਮੇਰੇ ਮਨ ਨੂੰ ਘੜਿਆ ਹੈ। ਮਿੱਤਰ ਬਣਾ ਦਿੱਤੇ, ਕੁਝ ਸ਼ਤਰੂ ਬਣਾ ਦਿੱਤੇ, ਕੁਝ ਆਪਣੇ ਬਣਾ ਦਿੱਤੇ, ਕੁਝ ਬਗਾਨੇ ਬਣਾ ਦਿੱਤੇ। ਇਸ ਤਰ੍ਹਾਂ ਇਹ ਮਨ ਦੀ ਦੁਨੀਆਂ ਹੈ। ਇਹ ਮੇਰੇ ਮਨ ਦਾ ਪਸਾਰਾ ਹੈ। ਕੁਝ ਚੰਗੇ ਲੱਗਦੇ ਹਨ, ਕੁਝ ਨਹੀਂ ਚੰਗੇ ਲੱਗਦੇ। ਕੁਝ ਨਾਲ ਘਿਰਨਾ ਹੈ, ਕੁਝ ਨਾਲ ਪਿਆਰ ਹੈ। ਸੰਸਾਰ ਵਿਚ ਸਾਰੇ ਮਨੁੱਖ ਕਿਸੇ ਇਕ ਨਾਲ ਪਿਆਰ ਨਹੀਂ ਕਰ ਸਕਦੇ। ਹੋ ਸਕਦਾ ਹੈ ਬਹੁਤੇ ਮਨੁੱਖ ਕਿਸੇ ਨਾਲ ਵਧੀਕੀ ਕਰਨ। ਤੇ ਫਿਰ ਸਾਰਕੁਤਾਵਲੀ ਦਾ ਕਰਤਾ ਕਹਿੰਦਾ ਹੈ ਕਿ ਸਭ ਤੋਂ ਵੱਡਾ ਤੱਪ ਕੀ ਹੈ? ਖਿਮਾ ਵੇਖਕੇ ਅਣਡਿੱਠ ਕਰਨਾ। ਅਸੀਂ ਅਰਦਾਸ ਦੇ ਵਿਚ ਸ਼ਬਦ ਐਡ ਕੀਤਾ। ਜਿੰਨ੍ਹਾਂ ਨੇ ਵੇਖ ਕੇ ਅਣਡਿੱਠ ਕੀਤਾ। ਮਨਮੁਖ ਵੇਖਦਾ ਵੀ ਨਹੀਂ ਤੇ ਢੰਡੋਰਾ ਪਿਟਦਾ ਹੈ। ਗੁਰਮੁਖਿ ਵੇਖਦਾ ਵੀ ਹੈ ਤੇ ਚੁੱਪ ਰਹਿੰਦਾ ਹੈ। ਤਾਂ ਭਰਤਰਿਕ ਕਹਿੰਦੇ ਹਨ ਮੇਰੇ ਮਨ ਵਿਚੋਂ ਹੀ ਤੂੰ ਸਾਰੇ ਬਣਾਏ ਹਨ। ਇਹ ਸਾਰਾ ਪਸਾਰਾ ਮੇਰੇ ਮਨ ਦਾ ਹੈ। ਇਹ ਮੇਰੇ ਮਨ ਦੀ ਦੁਨੀਆਂ ਹੈ ਜਿਹਦੇ ਵਿਚ ਮੈਂ ਜੀਅ ਰਿਹਾ ਹਾਂ। ਕੁਝ ਮੇਰੇ ਆਪਣੇ ਹਨ, ਕੁਝ ਮੇਰੇ ਬਗਾਨੇ ਹਨ। ਕੋਈ ਮੁਲਕ ਮੇਰਾ ਆਪਣਾ ਹੈ ਕੋਈ ਮੁਲਕ ਮੇਰਾ ਆਪਣਾ ਨਹੀਂ ਹੈ। ਕੋਈ

ਕੌਮ ਮੇਰੀ ਆਪਣੀ ਹੈ, ਕੋਈ ਕੌਮ ਮੇਰੀ ਆਪਣੀ ਨਹੀਂ ਹੈ। ਪ੍ਰਮਾਤਮਾ ਦੀ ਦੁਨੀਆਂ ਇਸ ਤਰ੍ਹਾਂ ਦੀ ਨਹੀਂ ਹੈ। ਪ੍ਰਮਾਤਮਾ ਇੰਝ ਨਹੀਂ ਆਖਦਾ ਕਿ ਅਮਰੀਕਾ ਮੇਰਾ ਹੈ, ਹਿੰਦੋਸਤਾਨ ਬੇਗਾਨਾ ਹੈ। ਹਿੰਦੋਸਤਾਨ ਮੇਰਾ ਹੈ, ਚੀਨ ਬੇਗਾਨਾ ਹੈ। ਪ੍ਰਮਾਤਮਾ ਦਾ ਇਕੋ ਹੀ ਜਗਤ ਹੈ। ਹਰ ਮਨੁੱਖ ਦੇ ਆਪਣੇ ਆਪਣੇ ਜਗਤ ਹਨ। ਹਰ ਮਨੁੱਖ ਦੀ ਆਪਣੀ ਆਪਣੀ ਦੁਨੀਆਂ ਹੈ। ਹਰ ਮਨੁੱਖ ਆਪਣੇ ਹੀ ਸੰਸਾਰ ਵਿਚ ਜਿਊਂਦਾ ਹੈ, ਪ੍ਰਮਾਤਮਾ ਦੇ ਸੰਸਾਰ ਵਿਚ ਨਹੀਂ ਜਿਊਂਦਾ। ਆਪਾਂ ਏਨੇ ਸਾਰੇ ਬੈਠੇ ਹਾਂ, ਹਰ ਇਕ ਦੀ ਆਪਣੀ ਦੁਨੀਆਂ ਹੈ। ਹਰ ਇਕ ਦਾ ਆਪਣਾ ਸੰਸਾਰ ਹੈ। ਇਸ ਨੂੰ ਵਿਦਵਾਨ ਕਹਿੰਦੇ ਹਨ, ਸੰਸਾਰ ਦੇ ਉੱਤੇ ਸੰਸਾਰ ਅਰੋਪਤ ਕੀਤਾ ਹੋਇਆ ਹੈ। ਪ੍ਰਮਾਤਮਾ ਦੇ ਸੰਸਾਰ ਉੱਤੇ ਮਨੁੱਖ ਨੇ ਮਨ ਦਾ ਸੰਸਾਰ ਥੋਪਿਆ ਹੋਇਆ ਹੈ। ਇਕ ਪ੍ਰਮਾਤਮਾ ਦਾ ਸੰਸਾਰ ਹੈ ਅਤੇ ਇਕ ਮਨੁੱਖ ਦਾ ਸੰਸਾਰ ਹੈ। ਧਰਮ ਕਹਿੰਦਾ ਹੈ ਇਹ ਆਪਣੇ ਮਨ ਦਾ ਸੰਸਾਰ ਮਿਟਾ ਤੇ ਫਿਰ ਤੂੰ ਜੀਅ ਪ੍ਰਮਾਤਮਾ ਦੇ ਸੰਸਾਰ ਵਿਚ। ਮੇਰੇ ਮਨ ਦਾ ਸੰਸਾਰ ਖੜਾ ਹੈ ਮੇਰੀ ਵਾਸ਼ਨਾ 'ਤੇ। ਇਹ ਪ੍ਰਮਾਤਮਾ ਦਾ ਸੰਸਾਰ ਖੜਾ ਹੈ ਭਾਵਨਾ 'ਤੇ, ਪ੍ਰੇਮ 'ਤੇ ਦੋਵਾਂ ਦੀ ਅਧਾਰਸ਼ਿਲਾ ਅਲੱਗ ਅਲੱਗ ਹੈ। ਦੋਵਾਂ ਦੀ ਬੁਨਿਆਦ ਅਲੱਗ ਅਲੱਗ ਹੈ।

*ਪਰਮੇਸੁਰਿ ਬਣਤ ਬਣਾਈ॥ ਫਿਰਿ ਡੋਲਤ ਕਤਹੂ ਨਾਹੀ॥ ੧॥*

ਤਨ ਨਹੀਂ ਡੋਲਦਾ। ਤਨ ਅੱਗੇ ਜਾਂਦਾ ਹੈ। ਸਾਰਿਆਂ ਦੇ ਤਨ ਸ਼ਮਸ਼ਾਨ ਦੀ ਤਰਫ਼ ਜਾਂਦੇ ਹਨ। ਮਨ ਦੀ ਦੁਨੀਆਂ ਪ੍ਰਮਾਤਮਾ ਨਾਲ ਮੇਲ ਨਹੀਂ ਖਾਂਦੀ। ਪ੍ਰਮਾਤਮਾ ਦੀ ਦੁਨੀਆਂ ਸਾਡੇ ਮਨ ਨਾਲ ਮੇਲ ਨਹੀਂ ਖਾਂਦੀ, ਇਸ ਵਾਸਤੇ ਸਾਰੀ ਦੁਨੀਆਂ ਦੇ ਮਹਾਂਪੁਰਸ਼ ਕਹਿੰਦੇ ਹਨ ਕਿ ਮਾਰੋ ਮਨ ਕਦਮ ਕਦਮ 'ਤੇ। ਪ੍ਰਮਾਤਮਾ ਦੀ ਦੁਨੀਆਂ ਭਾਵਨਾ 'ਤੇ ਖੜੀ ਹੈ।

ਕਹਿੰਦੇ ਹਨ ਕ੍ਰੋਧ ਵਿਚ ਆ ਕੇ, ਗੁੱਸੇ ਵਿਚ ਆ ਕੇ ਇਕ ਬੰਦੇ ਨੇ ਮਹਾਤਮਾ ਬੁੱਧ ਦੇ ਉੱਤੇ ਥੁੱਕ ਦਿੱਤਾ। ਇਤਿਹਾਸ ਹੈ ਕੋਲ ਬੈਠੇ ਸ਼ਿਸ਼ ਅਤੇ ਮਹਾਤਮਾ ਬੁੱਧ ਦੇ ਚਚੇਰੇ ਭਰਾ ਅਨੰਦ ਨੂੰ ਬੜਾ ਗੁੱਸਾ ਆਇਆ। ਮੂੰਹ 'ਤੇ ਕਪੜਾ ਫੇਰ ਕੇ ਸਾਫ ਕਰਕੇ ਮਹਾਤਮਾ ਬੁੱਧ ਕਹਿੰਦੇ ਹਨ, ਮਿੱਤਰਾ! ਕੁਝ ਹੋਰ ਕਹਿਣਾ ਹੈ? ਅਨੰਦ ਕਹਿੰਦਾ ਹੈ ਮਹਾਰਾਜ! ਉਹਨੇ ਕਹਿਣਾ ਕੀ ਹੈ। ਉਹਨੇ ਥੁੱਕਿਆ ਹੈ ਤੁਹਾਡੇ 'ਤੇ। ਤਾਂ ਮਹਾਤਮਾ ਬੁੱਧ ਕਹਿੰਦੇ ਹਨ, ਇਹ ਵੀ ਇਕ ਕਹਿਣ ਦਾ ਢੰਗ ਹੈ। ਇਹਨੇ ਕੁਝ ਆਖਿਆ ਹੈ ਭਾਵੇਂ ਥੁੱਕ ਕੇ ਹੀ ਆਖਿਆ, ਪਰ ਆਖਿਆ ਹੈ। ਹਿਰਦਾ ਕ੍ਰੋਧ ਨਾਲ ਭਰ ਜਾਏ ਤਾਂ ਬੋਲਣ ਵਿਚ ਕੁੜੱਤਣ ਆ ਜਾਏਗੀ। ਹੋਰ ਕ੍ਰੋਧ ਨਾਲ ਭਰ ਗਿਆ। ਜ਼ਬਾਨ ਦੀ ਰਾਹੀਂ ਕ੍ਰੋਧ ਨਾ ਨਿਕਲਿਆ ਤਾਂ ਹੱਥ ਉਠ ਜਾਏਗਾ। ਹੋਰ ਕ੍ਰੋਧ ਵੱਧ ਗਿਆ ਤੇ ਹੱਥ ਵਿਚੋਂ ਨਾ ਨਿਕਲ ਸਕੇ ਤਾਂ ਛੁਰਾ ਬੰਦੂਕ ਵਰਤੇਗਾ। ਜਿਤਨੀ ਮਿਕਦਾਰ ਦੇ ਵਿਚ ਕ੍ਰੋਧ ਵਧੇਗਾ, ਹਿੰਸਾ ਉਤਨੀ ਮਿਕਦਾਰ ਵਿਚ ਵੱਧ ਜਾਏਗੀ। ਜ਼ਬਾਨ ਛੋਟੀ ਪੈ ਗਈ। ਬੋਲ ਛੋਟੇ ਪੈ ਗਏ। ਕ੍ਰੋਧ ਵਿਚ ਉਸਨੇ ਥੁੱਕ ਛੱਡਿਆ। ਹੁਣ ਉਸ ਨੂੰ ਇਹ ਨਹੀਂ ਸੀ ਪਤਾ ਕਿ ਮੈਂ ਜਿਸਦੇ ਉੱਤੇ ਥੁੱਕ ਰਿਹਾ ਹਾਂ, ਇਹ ਵਾਸ਼ਨਾ ਦੇ ਜਗਤ ਵਿਚ ਜੀਣ ਵਾਲਾ ਬੰਦਾ ਨਹੀਂ ਹੈ। ਇਹ ਕੋਈ ਭਾਵਨਾ ਦੇ ਤੱਲ 'ਤੇ ਜੀਣ ਵਾਲਾ ਮਨੁੱਖ ਹੈ। ਇਹਦੇ ਮਨ ਦੀ ਦੁਨੀਆਂ ਮਿਟ ਗਈ

ਹੈ। ਇਹ ਤਾਂ ਪ੍ਰਮਾਤਮਾ ਦੀ ਦੁਨੀਆਂ ਵਿਚ ਜੀਅ ਰਿਹਾ ਹੈ। ਫਿਰ ਉਸ ਉੱਤੇ ਥੁੱਕਣਾ ਇੰਝ ਹੈ, ਜਿਵੇਂ ਚੰਦਰਮਾਂ ਉੱਤੇ ਥੁੱਕਣਾ ਹੈ। ਜਿਵੇਂ ਸੂਰਜ ਦੇ ਉੱਤੇ ਥੁੱਕਣਾ ਹੈ। ਪਰਤ ਕੇ ਆਪਣੇ ਹੀ ਮੂੰਹ ਉੱਤੇ ਪੈਣੀ ਹੈ। ਹੋਰ ਕੀ ਹੈ। ਚਲਾ ਗਿਆ। ਘਰ ਜਾ ਕੇ ਪਸ਼ੇਮਾਨ ਬੜਾ ਹੋਇਆ। ਹਮੇਸ਼ਾਂ ਕ੍ਰੋਧੀ ਸ਼ਰਮਿੰਦਾ ਹੋਏਗਾ। ਐਸਾ ਹੋ ਨਹੀਂ ਸਕਦਾ ਕਿ ਕ੍ਰੋਧ ਤੋਂ ਬਾਅਦ ਪਛਤਾਵਾ ਨਾ ਆਵੇ। ਆਏਗਾ, ਲਾਜ਼ਮੀ ਆਏਗਾ। ਪ੍ਰਿਥਮ ਤਾਂ ਕ੍ਰੋਧ ਤੋਂ ਪਹਿਲੇ ਤਪ ਜਾਣਾ ਤੇ ਸੁਚੇਤ ਹੋ ਜਾਣਾ ਕਿ ਇਹ ਕੀ ਕਰਨ ਲਗਾ ਹਾਂ। ਕ੍ਰੋਧ ਕਰਨ ਤੋਂ ਬਾਅਦ ਪਸ਼ਚਾਤਾਪ ਮੂਰਖ ਕਰਦੇ ਹਨ। ਪ੍ਰਥਮ ਤਾਪ ਭਗਤ ਕਰਦੇ ਹਨ। ਸੁਚੇਤ ਹੋ ਜਾਂਦੇ ਹਨ। ਘਰ ਗਿਆ ਪਸ਼ਚਾਤਾਪ ਹੋਇਆ। ਦੂਜੇ ਦਿਨ ਆਇਆ ਤੇ ਹੱਥ ਜੋੜ ਕੇ ਖੜਾ ਹੋ ਗਿਆ ਕਹਿੰਦਾ ਹੈ ਮੈਨੂੰ ਮਾਫ਼ ਕਰੋ। ਮੇਰੇ ਕੋਲੋਂ ਭੁੱਲ ਹੋ ਗਈ ਹੈ। ਮੇਰੇ ਕੋਲੋਂ ਗ਼ਲਤੀ ਹੋ ਗਈ ਹੈ। ਅਨੰਦ ਕੋਲ ਬੈਠਾ ਸੀ। ਮਹਾਤਮਾ ਬੁੱਧ ਕਹਿੰਦੇ ਹਨ ਕਿ ਇਹ ਵੀ ਇਕ ਕਹਿਣ ਦਾ ਢੰਗ ਹੈ। ਉਹ ਵੀ ਇਕ ਕਹਿਣ ਦਾ ਢੰਗ ਸੀ। ਉਹਨੂੰ ਕਹਿੰਦੇ ਹਨ ਮਹਾਤਮਾ ਬੁੱਧ, ਮਿਤਰਾ! ਜਿਸਦੇ ਉਪਰ ਤੂੰ ਥੁੱਕਿਆ ਸੀ, ਉਹ ਮੈਂ ਅੱਜ ਨਹੀਂ ਹਾਂ, ਪਾਣੀ ਵੱਗ ਗਿਆ ਹੈ। ਤੂੰ ਖਿਮਾ ਮੰਗ ਰਿਹਾ ਹੈਂ ਤੇ ਹੱਥ ਜੋੜ ਕੇ ਖੜਾ ਹੈਂ। ਮਹਾਤਮਾ ਬੁੱਧ ਨੇ ਗਲਵੱਕੜੀ ਵਿਚ ਲੈ ਲਿਆ।

ਮੱਕੇ ਦੇ ਅਮਾਮ ਜੀਵਨ ਨੇ ਇਕ ਬੜੀ ਕੌੜੀ ਗਾਲ੍ਹ ਕੱਢੀ ਗੁਰੂ ਨਾਨਕ ਨੂੰ-

*ਕਿਹੜਾ ਸੁੱਤਾ ਕੁਫਰ ਕੁਫਾਰੀ॥*

ਇਹ ਕਾਫ਼ਰਾਂ ਦਾ ਸਿਰਮੌਰ ਕਾਫ਼ਰ। ਕਿਸੇ ਸੁਹਾਗਣ ਨੂੰ ਵੇਸਵਾ ਕਹਿਣਾ ਇਹ ਇਕ ਬਹੁਤ ਵੱਡੀ ਗਾਲ੍ਹ ਹੈ। ਰੱਬ ਨਾਲ ਜੁੜੀ ਹੋਈ ਆਤਮਾ ਨੂੰ ਕਾਫ਼ਰਾਂ ਦਾ ਕਾਫ਼ਰ ਕਹਿਣਾ, ਆਖਿਆ ਉਸਨੇ। ਫਿਰ ਸਿਰਫ਼ ਇਹ ਗਾਲ੍ਹ ਨਹੀਂ ਕੱਢੀ, ਖਿੱਚ ਕੇ ਸੀਨੇ ਵਿਚ ਲੱਤ ਵੀ ਮਾਰੀ।

*ਜੀਵਨ ਮਾਰੀ ਲੱਤ ਦੀ*

ਬੋਲ ਛੋਟੇ ਪੈ ਗਏ। ਕਾਫ਼ਰ ਆਖਿਆ, ਪਰ ਕ੍ਰੋਧ ਨਿਕਲ ਨਹੀਂ ਸਕਿਆ। ਜ਼ਬਾਨ ਵਿਚੋਂ ਨਿਕਲ ਨਹੀਂ ਸਕਿਆ। ਤੇ ਲੱਤ ਮਾਰੀ ਖਿੱਚ ਕੇ ਸੀਨੇ ਵਿਚ। ਵਕਤ ਦਾ ਸਿਰਮੌਰ ਮਨੁੱਖ, ਵਕਤ ਦਾ ਅਵਤਾਰੀ ਪੁਰਸ਼ ਖਿੱਚ ਕੇ ਲੱਤ ਮਾਰੀ ਹੈ ਜੀਵਨ ਨੇ।

*ਜੀਵਨ ਮਾਰੀ ਲਤ ਦੀ ਕਿਹੜਾ ਸੁੱਤਾ ਕੁਫਰ ਕੁਫਾਰੀ।*

ਇਹ ਕੌਣ ਮਹਾਨ ਕਾਫ਼ਰਾਂ ਦਾ ਕਾਫ਼ਰ ਸੁੱਤਾ ਪਿਆ ਹੈ? ਇਕ ਲੱਤ ਮਾਰਦਾ ਹੈ ਤੇ ਗਾਲ੍ਹ ਕੱਢਦਾ ਹੈ। ਬਾਬੇ ਦੇ ਹੱਥ ਜੁੜ ਗਏ ਅਤੇ ਕਿਹਾ, ਜਿਧਰ ਖ਼ੁਦਾ ਦਾ ਘਰ ਨਹੀਂ, ਮੈਨੂੰ ਸਮਝ ਕੋਈ ਨਹੀਂ, ਮੈਨੂੰ ਕੋਈ ਗਿਆਨ ਨਹੀਂ। ਕਿਹੜੇ ਪਾਸੇ ਖ਼ੁਦਾ ਨਹੀਂ ਹੈ, ਮੈਨੂੰ ਕੋਈ ਗਿਆਨ ਨਹੀਂ ਹੈ। ਤੂੰ ਮੇਰੇ ਉਸੇ ਪਾਸੇ ਪੈਰ ਕਰ ਦੇ, ਜਿਸ ਪਾਸੇ ਖ਼ੁਦਾ ਨਹੀਂ ਹੈ। ਬੜੇ ਮਿੱਠੇ ਢੰਗ ਨਾਲ ਆਖਿਆ। ਬੜੀ ਗਹਿਰਾਈ ਵਿਚੋਂ ਆਖਿਆ। ਅੰਦਰ ਵਾਸ਼ਨਾ ਤਾਂ ਹੈ ਨਹੀਂ ਸੀ।

ਭਾਵਨਾ ਹੀ ਭਾਵਨਾ ਸੀ। ਇਹ ਲੱਤ ਮਾਰਨ ਵਾਲਾ ਹੁਣ ਕਦਮਾਂ ਵਿਚ ਝੁਕਦਾ ਹੈ। ਹੁਣ ਸਜਦਾ ਕਰਦਾ ਹੈ, ਹੁਣ ਮਾਫ਼ੀ ਮੰਗਦਾ ਹੈ, ਹੁਣ ਤਰਲੇ ਲੈਂਦਾ ਹੈ। ਇਕ ਪ੍ਰਮਾਤਮਾ ਦਾ ਜਗਤ ਹੈ ਉਹ ਚੋਰਾਂ ਨੂੰ ਵੀ ਬਰਦਾਸ਼ਤ ਕਰੀ ਜਾ ਰਿਹਾ ਹੈ, ਕਿਤਨੇ ਚੋਰ ਹਨ। ਉਹ ਯਾਰਾਂ ਨੂੰ ਵੀ ਬਰਦਾਸ਼ਤ ਕਰੀ ਜ਼ਾ ਰਿਹਾ ਹੈ, ਕਿਤਨੇ ਦੁਰਾਚਾਰੀ ਹਨ, ਕਿਤਨੇ ਠੱਗ ਹਨ, ਕਿਤਨੇ ਬੇਈਮਾਨ ਹਨ। ਕਦੀ ਧਿਆਨ ਦੇਣਾ। ਗੁਰਬਾਣੀ ਗਿਣਤੀ ਕਰਦੀ ਹੈ।

*ਅਸੰਖ ਮੂਰਖ ਅੰਧ ਘੋਰ॥*
*ਅਸੰਖ ਚੋਰ ਹਰਾਮਖੋਰ॥*
*ਅਸੰਖ ਅਮਰ ਕਰਿ ਜਾਹਿ ਜੋਰ॥*

ਹੱਦ ਹੋ ਗਈ।

*ਅਸੰਖ ਗਲ ਵਢ ਹਤਿਆ ਕਮਾਹਿ॥*
*ਅਸੰਖ ਪਾਪੀ ਪਾਪੁ ਕਰਿ ਜਾਹਿ॥*

(ਅੰਗ ੪)

ਬੜਾ ਵੱਡਾ ਜਿਗਰਾ ਹੈ ਉਸ ਰੱਬ ਦਾ। ਪਾਪੀਆਂ ਨੂੰ, ਮੂਰਖਾਂ ਨੂੰ, ਨਿੰਦਕਾਂ ਨੂੰ, ਠੱਗਾਂ ਨੂੰ, ਚੋਰਾਂ ਨੂੰ, ਯਾਰਾਂ ਨੂੰ, ਸਭ ਨੂੰ ਬਰਦਾਸ਼ਤ ਕਰੀ ਜਾ ਰਿਹਾ ਹੈ। ਬਾਬਾ ਨਿਧਾਨ ਸਿੰਘ ਨੂੰ ਕਿਸੇ ਡੇਰੇ ਦੇ ਇਕ ਮਹਾਂਪੁਰਸ਼ ਨੇ ਚਿੱਠੀ ਲਿਖੀ ਕਿ ਸਾਡੇ ਡੇਰੇ ਵਿਚੋਂ ਇਕ ਬੰਦਾ ਭੱਜ ਕੇ ਗਿਆ ਹੈ ਜੋ ਹੁਣ ਤੁਹਾਡੇ ਕੋਲ ਰਹਿੰਦਾ ਪਿਆ ਹੈ। ਅਸੀਂ ਉਸਨੂੰ ਕੱਢਿਆ ਹੈ। ਇਹਦੇ ਵਿਚ ਇਕ ਬੜਾ ਵੱਡਾ ਔਗੁਣ ਹੈ। ਇਹ ਮੱਖਣ ਚੁਰਾ ਕੇ ਖਾ ਲੈਂਦਾ ਹੈ। ਇਹ ਪਿਆ ਹੋਇਆ ਮੱਖਣ ਜਿਧਰ ਵੀ ਪਿਆ ਹੋਵੇ ਬਹੁਤਾ ਖਾ ਜਾਂਦਾ ਹੈ ਅਤੇ ਚੁਰਾ ਕੇ ਖਾ ਜਾਂਦਾ ਹੈ। ਇਸ ਨੂੰ ਕਈ ਦਫ਼ਾ ਮਨ੍ਹਾ ਕੀਤਾ ਪਰ ਨਹੀਂ ਹੋਇਆ ਇਸ ਲਈ ਕੱਢ ਦਿੱਤਾ ਹੈ ਤੇ ਹੁਣ ਪਤਾ ਚੱਲਿਆ ਹੈ ਤੁਸੀਂ ਰੱਖਿਆ ਹੈ। ਅਸੀਂ ਤੁਹਾਨੂੰ ਦੱਸਦੇ ਹਾਂ ਕਿ ਇਹਦੇ ਵਿਚ ਇਕ ਬਹੁਤ ਵੱਡਾ ਔਗੁਣ ਹੈ। ਚਿੱਠੀ ਪੜ੍ਹ ਰਹੇ ਸਨ ਤਾਂ ਰੱਬ ਦੀ ਮਿਹਰ ਨਾਲ ਉਹ ਸਿੰਘ ਵੀ ਸਾਹਮਣੇ ਲੰਘਿਆ ਤਾਂ ਬੁਲਾਇਆ। ਉਸਦੇ ਕਦਮਾਂ 'ਤੇ ਬਾਬਾ ਨਿਧਾਨ ਸਿੰਘ ਮੱਥਾ ਟੇਕਦੇ ਹਨ। ਸੱਜਦਾ ਕਰਦੇ ਹਨ। ਕਹਿੰਦੇ ਹਨ ਮਿੱਤਰਾ! ਚਿੱਠੀ ਆਈ ਹੈ ਤੇਰੇ ਵਿਚ ਇਕ ਹੀ ਔਗੁਣ ਹੈ ਤੇ ਆਪਾਂ ਹਜ਼ਾਰਾਂ ਹੀ ਔਗੁਣਾਂ ਨਾਲ ਭਰੇ ਹੋਏ ਹਾਂ। ਤੈਨੂੰ ਮੱਥਾ ਟੇਕਦੇ ਹਾਂ। ਤੈਨੂੰ ਸੱਜਦਾ ਕਰਦੇ ਹਾਂ। ਜਿਹੜਾ ਇਕ ਔਗੁਣ ਸੀ, ਉਹ ਵੀ ਜਾਂਦਾ ਰਿਹਾ। ਉਹ ਵੀ ਨਹੀਂ ਰਿਹਾ। ਕਾਨੂੰਨ ਮੁਲਜ਼ਿਮ ਨੂੰ ਸਜ਼ਾ ਦੇਂਦਾ ਹੈ ਪਰ ਸੰਤ ਅਗਲੇ ਦਾ ਮਨ ਬਦਲਦਾ ਹੈ। ਇਕ ਬਦਲਦਾ ਹੈ, ਇਕ ਸਜ਼ਾ ਦੇਂਦਾ ਹੈ। ਕਿਸੇ ਸੰਤ ਨੇ ਅੱਜ ਤੱਕ ਕਿਸੇ ਚੋਰ ਨੂੰ ਨਹੀਂ ਮਾਰਿਆ ਹੋਵੇਗਾ ਜਾਂ ਇੰਝ ਕਹਿ ਲਉ ਚੋਰਾਂ ਨੇ ਚੋਰ ਨੂੰ ਮਾਰਿਆ ਹੋਵੇਗਾ। ਜੇਕਰ ਸੰਤ ਨੇ ਵੀ ਮਾਰਿਆ ਹੈ ਤਾਂ ਉਹ ਵੀ ਚੋਰ ਹੋਵੇਗਾ, ਸੰਤ ਨਹੀਂ। ਕਿਸੇ ਸੰਤ ਨੇ ਦੁਰਾਚਾਰੀ ਨੂੰ ਨਹੀਂ ਮਾਰਿਆ, ਠੱਗ ਨੂੰ ਨਹੀਂ ਮਾਰਿਆ। ਮਨੁੱਖ ਦਾ

ਮਨ ਬਦਲਣਾ ਇਹ ਬਹੁਤ ਵੱਡਾ ਪਰਉਪਕਾਰ ਹੈ। ਮਨੁੱਖ ਨੂੰ ਸਜ਼ਾ ਦੇਣੀ ਇਹ ਬਹੁਤ ਵੱਡਾ ਦੁਰਾਚਾਰ ਹੈ। ਕਰੋੜਾਂ ਬੰਦਿਆਂ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੋਏਗੀ ਅਤੇ ਕਰੋੜਾਂ ਬੰਦੇ ਸਾਰੀ ਦੁਨੀਆਂ ਵਿਚ ਜੇਲ੍ਹਾਂ ਵਿਚ ਕੈਦ ਹਨ। ਅਰਬ ਦੇਸ਼ਾਂ ਵਿਚ ਕੋੜਿਆਂ ਦੀ ਸਜ਼ਾ ਹੈ। ਕੋੜੇ ਮਾਰਦੇ ਹਨ। ਸਿੰਗਾਪੁਰ ਵਿਚ ਬੈਂਤ ਮਾਰਨ ਦੀ ਸਜ਼ਾ ਹੈ ਚੋਰ ਨੂੰ, ਹੋਰ ਗ਼ਲਤੀਆਂ ਕਰਨ ਵਾਲਿਆਂ ਨੂੰ। ਸ਼ਾਇਦ ਆਪ ਨੂੰ ਪਤਾ ਹੋਵੇ, ਇਕ 18 ਸਾਲ ਦੇ ਬੱਚੇ ਨੇ ਕਿਧਰੇ ਕਾਰ ਦੇ ਉੱਤੇ ਝਰੀਟ ਮਾਰ ਦਿੱਤੀ। ਰੰਗ ਖ਼ਰਾਬ ਕਰ ਦਿੱਤਾ ਅਤੇ ਸਿੰਗਾਪੁਰ ਵਿਚ ਇਹੀ ਸਜ਼ਾ ਹੈ। ਅਦਾਲਤ ਤੋਂ ਸਜ਼ਾ ਸੁਣਾਈ ਗਈ ਤਿੰਨ ਬੈਂਤ ਮਾਰਨ ਦੀ। ਇਹ ਸਾਲ ਪੁਰਾਣੀ ਗੱਲ ਹੈ। ਕਲਿੰਟਨ ਨੇ ਅਪੀਲ ਕੀਤੀ ਕਿ ਬੈਂਤ ਨਾ ਮਾਰੋ। ਦੋ ਚਾਰ ਮਹੀਨੇ ਜੇਲ੍ਹ ਵਿਚ ਪਾ ਦਿਉ। ਸਿੰਗਾਪੁਰ ਇਕ ਨਿੱਕੀ ਜਿਹੀ ਹਕੂਮਤ ਹੈ। ਇਕ ਛੋਟਾ ਜਿਹਾ ਦੇਸ਼ ਹੈ। ਟੱਸ ਤੋਂ ਮੱਸ ਨਹੀਂ ਹੋਇਆ। ਨਹੀਂ, ਤਿੰਨ ਬੈਂਤ ਹੀ ਮਾਰਾਂਗੇ। ਇਹ ਮਸਲਾ ਤਾਂ ਹੱਲ ਨਹੀਂ ਹੋਇਆ। ਨਾ ਚੋਰ ਖ਼ਤਮ ਹੋਏ ਹਨ ਨਾ ਯਾਰ ਖ਼ਤਮ ਹੋਏ ਹਨ। ਕਿਤਨੇ ਦੀਵੇ ਜਲਾਏ ਹਨ, ਮੱਸਿਆ ਦੀ ਰਾਤ ਤਾਂ ਖ਼ਤਮ ਹੁੰਦੀ ਨਹੀਂ। ਹਨੇਰਾ ਤਾਂ ਖ਼ਤਮ ਹੁੰਦਾ ਨਹੀਂ। ਬਸ ਆਪਣੇ ਘਰ ਵਿਚ ਦੀਵਾ ਜਲਾ ਕੇ ਚਾਨਣੇ ਵਿਚ ਰਹਿ ਜਾਈਏ ਜੰਗਲਾਂ ਦਾ ਹਨੇਰਾ, ਹਿਮਾਲੀਆ ਪਰਬਤ 'ਤੇ ਹਨੇਰਾ, ਸਾਰਾ ਸਾਗਰ ਮੱਸਿਆ ਨੂੰ ਹਨੇਰੇ ਵਿਚ ਡੁੱਬ ਜਾਂਦਾ ਹੈ। ਸਾਰੀ ਦੁਨੀਆਂ ਦਾ ਹਨੇਰਾ ਦੂਰ ਕਰਨ ਵਾਸਤੇ ਜੇ ਤੂੰ ਚੱਲ ਪਿਆ ਹੈਂ ਤਾਂ ਰਸਤੇ ਵਿਚ ਹੀ ਖ਼ਤਮ ਹੋ ਜਾਏਂਗਾ। ਇਹ ਹਨੇਰਾ ਮਿਟਣਾ ਹੀ ਨਹੀਂ। ਇਤਨੀ ਚਿੰਤਨ ਕਰ ਲੈ, ਤੂੰ ਆਪਣਾ ਹੀ ਦੀਵਾ ਜਲਾ ਲੈ।

*ਇਹੁ ਤੇਲੁ ਦੀਵਾ ਇਉ ਜਲੈ॥*
*ਕਰਿ ਚਾਨਣੁ ਸਾਹਿਬ ਤਉ ਮਿਲੈ॥*

(ਅੰਗ ੨੫)

ਆਪਣੇ ਹਿਰਦੇ ਦਾ ਦੀਵਾ ਜਲਾ ਲੈ। ਜਿਥੋਂ ਲੰਘੇਂਗਾ, ਜਿਸ ਨੇ ਚਾਨਣਾ ਲੈਣਾ ਹੋਵੇਗਾ, ਉਹ ਲੈ ਲਏਗਾ। ਜਗਤ ਦਾ ਸੁਧਾਰ, ਜਗਤ ਦਾ ਸੁਧਾਰ ਨਹੀਂ ਹੈ। ਆਪਣਾ ਸੁਧਾਰ ਹੀ ਜਗਤ ਦਾ ਸੁਧਾਰ ਹੈ। ਮੇਰੇ ਹਿਰਦੇ ਦਾ ਦੀਵਾ ਬੁਝਿਆ ਹੋਇਆ ਹੈ, ਮੈਂ ਕਿਸੇ ਦਾ ਕੀ ਜਗਾਣਾ ਹੈ। ਮੇਰਾ ਫੁੱਲ ਹੀ ਨਹੀਂ ਖਿੜਿਆ ਤਾਂ ਮੈਂ ਦੂਜੇ ਦਾ ਫੁੱਲ ਕੀ ਖਿਡਾਣਾ ਹੈ। ਆਪਣੇ ਹਿਰਦੇ ਦਾ ਫੁੱਲ ਖਿੜਾ ਲੈ। ਜਿਸਨੇ ਮਹਿਕ ਲੈਣੀ ਹੋਏਗੀ, ਲੈ ਲਏਗਾ। ਹੇ ਮਨੁੱਖ! ਤੂੰ ਆਪਣੇ ਹਿਰਦੇ ਦੀ ਤਾਰੀਕੀ ਦੂਰ ਕਰ ਲੈ, ਬਾਹਰ ਤਾਂ ਹਨੇਰਾ ਰਹੇਗਾ। ਚੋਰ ਵੀ ਰਹਿਣਗੇ, ਯਾਰ ਵੀ ਰਹਿਣਗੇ, ਡਕੈਤ ਵੀ ਰਹਿਣਗੇ। ਕਿਸੇ ਨੂੰ ਦੇ ਕੇ ਖ਼ੁਸ਼ੀ ਹੈ, ਕਿਸੇ ਨੂੰ ਲੈ ਕੇ ਖ਼ੁਸ਼ੀ ਹੈ। ਜਦ ਕੋਈ ਕਿਸੇ ਦੀ ਜੇਬ ਕੱਟ ਲੈਂਦਾ ਹੈ ਤੇ ਸਫਲ ਹੋ ਜਾਂਦਾ ਹੈ ਤਾਂ ਯਕੀਨ ਜਾਣੋ, ਉਸ ਦਿਨ ਬੜਾ ਖ਼ੁਸ਼ ਹੁੰਦਾ ਹੈ। ਇਹ ਕਮਾਲ ਹੋ ਗਈ, ਵਧੀਆ ਹੋ ਗਿਆ। ਦੁਨੀਆਂ ਵਿਚ ਐਸੇ ਵੀ ਹਨ ਜੋ ਦੇ ਕੇ ਖ਼ੁਸ਼ ਹੋ ਜਾਂਦੇ ਹਨ। ਐਸੇ ਵੀ ਹਨ ਜੋ ਖੋਹ ਕੇ ਖ਼ੁਸ਼ ਹੋ ਜਾਂਦੇ ਹਨ। ਇਸ ਤਰ੍ਹਾਂ ਹੀ ਚਲ ਰਿਹਾ ਹੈ ਜਗਤ ਵਿਚ। ਇਹ ਤੇਰੇ ਮਿਟਾਇਆਂ ਨਹੀਂ ਮਿਟਣਾ, ਹਨੇਰਾ

ਰਹਿਣਾ ਹੀ ਹੈ। ਪਰ ਤੇਰਾ ਆਪਣੇ ਹਿਰਦੇ ਦਾ ਦੀਵਾ ਬੁਝਿਆ ਹੋਇਆ ਹੈ। ਹੁਣ ਕੋਈ ਆਖੇ ਕਿ ਮੈਂ ਸੰਸਾਰ ਦੇ ਵਿਚ ਚਾਨਣਾ ਕਰਨਾ ਹੈ ਤਾਂ ਖ਼ਾਕ ਚਾਨਣਾ ਕਰੇਂਗਾ? ਤੂੰ ਤਾਂ ਆਪ ਹੀ ਅੰਨ੍ਹੇ ਵਾਂਗ ਭਟਕ ਰਿਹਾ ਹੈਂ। ਇਕ ਪ੍ਰਮਾਤਮਾ ਦੀ ਦੁਨੀਆਂ ਇਕ ਮੇਰੇ ਮਨ ਦੀ ਦੁਨੀਆਂ, ਪ੍ਰਮਾਤਮਾ ਨਿਹਚਲ ਹੈ, ਉਹਦੀ ਦੁਨੀਆਂ ਵੀ ਨਿਹਚਲ ਹੈ।

*ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥*

(ਅੰਗ ੪੬੩)

ਪਰ ਕਿਉਂਕਿ ਮੇਰਾ ਮਨ ਡੋਲਦਾ ਹੈ ਤਾਂ ਮੇਰੀ ਦੁਨੀਆਂ ਵੀ ਡੋਲਦੀ ਪਈ ਹੈ। ਮੈਂ ਕਦੀ ਦਾਨੀ ਹੁੰਦਾ ਹਾਂ, ਕਦੀ ਬੇਈਮਾਨ ਹੁੰਦਾ ਹਾਂ।

*ਪਰਮੇਸੁਰਿ ਬਣਤ ਬਣਾਈ॥*

ਉਹ ਪ੍ਰਮੇਸਰ ਜੋ ਅਡੋਲ ਹੈ, ਨਿਹਚਲ ਹੈ। ਉਸਨੇ ਮੇਰੇ ਮਨ ਦੀ ਬਣਤਰ ਐਸੀ ਬਣਾ ਦਿੱਤੀ ਹੈ।

*ਫਿਰਿ ਡੋਲਤ ਕਤਹੂ ਨਾਹੀ॥ ੧॥*

ਥੋੜਾ ਜਿਹਾ ਮੈਂ ਖੁਲਾਸਾ ਹੋਰ ਕਰ ਦਿਆਂ। ਪੰਗਤੀ ਭਾਸ਼ਾ ਦੇ ਲਿਹਾਜ਼ ਨਾਲ ਬੜੀ ਸਰਲ ਹੈ, ਪਰ ਆਪਣੇ ਵਿਚ ਬਹੁਤ ਸਾਰੇ ਰਤਨ ਛੁਪਾਈ ਬੈਠੀ ਹੈ। ਮੇਰੀ ਦੁਨੀਆਂ ਵਾਸ਼ਨਾ 'ਤੇ ਖੜੀ ਹੈ। ਪ੍ਰਮਾਤਮਾ ਦੀ ਦੁਨੀਆਂ ਭਾਵਨਾ 'ਤੇ ਖੜੀ ਹੈ। ਮੇਰੀ ਵਾਸ਼ਨਾ ਦੀ ਦੁਨੀਆਂ ਭਾਵਨਾ ਦੀ ਦੁਨੀਆਂ ਕਿਵੇਂ ਬਣੇ? ਪ੍ਰਾਰਥਨਾ ਨਾਲ ਬਣੇਗੀ, ਅਰਦਾਸ ਨਾਲ ਬਣੇਗੀ, ਉਂਝ ਨਹੀਂ ਬਣੇਗੀ। ਜਿਉਂ ਹੀ ਮੈਂ ਅਰਦਾਸ ਮਈ ਹੋ ਜਾਵਾਂਗਾ ਤੇ ਅਰਦਾਸ ਵਿਚ ਕੀ ਹੋਏਗਾ? ਕੋਈ ਮੈਂ ਮੰਗਦਾ ਹੈ। ਉਹ ਮੰਗਣਾ ਤਾਂ ਵਾਸ਼ਨਾ ਦੀ ਦੁਨੀਆਂ ਹੈ, ਪਰ ਕਿਵੇਂ ਰਜੇਵੇਂ ਦੀ ਗ਼ਲਤ ਵਰਤੋਂ ਕਰਦੇ ਹਨ ਤੇ ਭੁੱਖ ਦੀ ਵੀ ਗ਼ਲਤ ਵਰਤੋਂ ਕਰ ਲੈਂਦੇ ਹਨ। ਜਿਵੇਂ ਕੋਈ ਧਨ ਦੀ ਗ਼ਲਤ ਵਰਤੋਂ ਕਰਦੇ ਹਨ। ਧਰਮ ਦੀ ਵੀ ਗ਼ਲਤ ਵਰਤੋਂ ਕਰਦੇ ਹਨ। ਮੰਦਰਾਂ ਦੀ ਗ਼ਲਤ ਵਰਤੋਂ, ਮਸਜਿਦਾਂ ਦੀ ਗ਼ਲਤ ਵਰਤੋਂ, ਗੁਰਦੁਆਰਿਆਂ ਦੀ ਗ਼ਲਤ ਵਰਤੋਂ। ਇਕ ਨਿੱਕੀ ਜਹੀ ਵਾਸ਼ਨਾ ਸੀ ਕਿ ਹੇ ਪ੍ਰਭੂ! ਤੂੰ ਰਹਿਮਤ ਕੀਤੀ, ਬਖ਼ਸ਼ਿਸ਼ ਕੀਤੀ, ਤੇਰੀ ਭਾਵਨਾ ਦੇ ਹੜ੍ਹ ਵਿਚ ਉਹ ਵੀ ਬਹਿ ਗਈ। ਤੇਰੇ ਜਜ਼ਬਿਆਂ ਦੇ ਹੜ੍ਹ ਵਿਚ ਉਹ ਸ਼ਿਕਵਾ ਵੀ ਬਹਿ ਗਿਆ। ਭਾਵਨਾ ਉਠਦੀ ਹੈ, ਉਹਦਾ ਕੇਂਦਰ ਹੈ ਪ੍ਰਮਾਤਮਾ। ਵਾਸ਼ਨਾ ਕਿਥੋਂ ਉਠਦੀ ਹੈ? ਇਹਦੇ ਤਿੰਨ ਕੇਂਦਰ ਹਨ- ਹੰਕਾਰ ਤੋਂ ਉਠਦੀ ਹੈ, ਲੋਭ ਤੋਂ ਉਠਦੀ ਹੈ, ਕਾਮ ਤੋਂ ਉਠਦੀ ਹੈ ਵਾਸ਼ਨਾ। ਇਹਨੂੰ ਇੰਝ ਕਹਿ ਦੇਣਾ। ਹੰਕਾਰ ਵਾਸ਼ਨਾ, ਲੋਭ ਵਾਸ਼ਨਾ, ਕਾਮ ਵਾਸ਼ਨਾ। ਸੀਮਾ ਵਿਚ ਹੈ ਚੱਲਦਾ ਰਹੇਗਾ ਕੰਮ। ਹੰਕਾਰ ਵਾਸ਼ਨਾ ਅਸੀਮ ਹੋ ਗਈ ਹੈ। ਇਹ ਹਿੰਸਕ ਹੋ ਜਾਏਗਾ, ਕਾਤਲ ਹੋ ਜਾਏਗਾ। ਇਹ ਬੜੇ ਅਨਰਥ ਕਰੇਗਾ। ਹੰਕਾਰ ਦਾ ਮਤਲਬ ਕੀ ਹੈ। ਮੈਂ ਹਾਂ, ਤੂੰ ਕੀ ਹੈਂ, ਤੂੰ ਕੁਝ ਵੀ ਨਹੀਂ। ਤੂੰ ਮੇਰੇ ਸਾਹਮਣੇ, ਮੈਂ ਖ਼ਤਮ ਕਰ ਦਿਆਂਗਾ। ਹੰਕਾਰ ਕਿਸੇ ਨੂੰ ਬਰਬਾਦੀ ਨਹੀਂ ਦੇਂਦਾ। ਹੰਕਾਰ ਹਰ

ਇਕ ਦੇ ਸਿਰ ਉੱਤੇ ਬੈਠਣਾ ਚਾਹੁੰਦਾ ਹੈ। ਤੇ ਕਈ ਦਫ਼ਾ ਵਜ਼ਨ ਵੀ ਇਤਨਾ ਵਧਾ ਲੈਂਦਾ ਹੈ ਕਿ ਅਗਲੇ ਦੀਆਂ ਗਰਦਨਾਂ ਟੁੱਟ ਕੇ ਰਹਿ ਜਾਂਦੀਆਂ ਹਨ। ਹੰਕਾਰ ਵਾਸ਼ਨਾ ਸੀਮਾ ਵਿਚ ਹੋਵੇ ਤਾਂ ਥੋੜ੍ਹਾ ਬਹੁਤਾ ਕੰਮ ਚੱਲਦਾ ਰਹਿੰਦਾ ਹੈ। ਅਸੀਮ ਹੋ ਜਾਏ, ਮਨੁੱਖ ਹਿੰਸਕ ਹੋ ਜਾਂਦਾ ਹੈ। ਲੋਭ ਵਾਸ਼ਨਾ ਸੀਮਾ ਦੇ ਵਿਚ ਹੋਵੇ ਤਾਂ ਠੀਕ ਹੈ, ਚੱਲਦਾ ਰਹਿੰਦਾ ਹੈ। ਅਸੀਮ ਹੋ ਜਾਏ ਤਾਂ ਚੋਟੀ ਦਾ ਠੱਗ ਹੋ ਜਾਂਦਾ ਹੈ। ਡਕੈਤ ਹੋ ਜਾਂਦਾ ਹੈ। ਚੋਰ ਹੋ ਜਾਂਦਾ ਹੈ। ਲੋਭ, ਵਾਸ਼ਨਾ, ਕਾਮ-ਵਾਸ਼ਨਾ, ਸੀਮਾ ਵਿਚ ਹੈ। ਵਿਆਹ ਚੱਲਦਾ ਰਹਿੰਦਾ ਹੈ। ਅਸੀਮ ਹੋ ਜਾਏ ਤਾਂ ਦੁਰਾਚਾਰੀ ਹੋ ਜਾਏਗਾ, ਬਲਾਤਕਾਰੀ ਹੋ ਜਾਏਗਾ। ਬੜੇ ਭਾਰੀ ਅਨਰਥ ਕਰੇਗਾ। ਵਾਸ਼ਨਾ ਇਹਨਾਂ ਤਿੰਨ ਥਾਵਾਂ ਤੋਂ ਪੈਦਾ ਹੁੰਦੀ ਹੈ। ਸੀਮਾ ਤੋਂ ਅੱਗੇ ਚਲਾ ਜਾਏ ਤਾਂ ਹੰਕਾਰ-ਵਾਸ਼ਨਾ, ਲੋਭ-ਵਾਸ਼ਨਾ, ਕਾਮ-ਵਾਸ਼ਨਾ ਅੱਜ ਤੱਕ ਦਾ ਕੀਤਾ ਹੋਇਆ ਸਤਸੰਗਿ, ਜੱਤ ਤਪ, ਦਾਨ ਪੁੰਨ ਸਭ ਡੁੱਬ ਕੇ ਰਹਿ ਜਾਂਦਾ ਹੈ। ਸਭ ਗਰਕ ਹੋ ਜਾਂਦਾ ਹੈ।

*ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ॥*

(ਰਹਰਾਸਿ ਸਾਹਿਬ)

ਸਭ ਕੁਝ ਡੁੱਬ ਜਾਂਦਾ ਹੈ। ਮੈਂ ਇਥੇ ਬਨਾਰਸ ਵਿਚ ਦੇਖਿਆ ਕਿ ਕੋਈ ਸੰਤ ਚਲਾਣਾ ਕਰ ਗਿਆ ਸੀ। ਉਹਦਾ ਸੰਸਕਾਰ ਨਹੀਂ ਕਰਦੇ। ਉਹਨੂੰ ਜਲ ਪਰਵਾਹ ਕਰਦੇ ਹਨ ਤੇ ਜਲ ਪਰਵਾਹ ਕਰਦੇ ਹਨ ਕਿਸੇ ਡੂੰਘੀ ਥਾਂ 'ਤੇ। ਮੁਰਦੇ ਨਾਲ ਪੱਥਰ ਬੰਨ੍ਹਦੇ ਹਨ। ਚਾਰ ਚਾਰ ਵੱਡੇ ਪੱਥਰ ਬੰਨ੍ਹਦੇ ਹਨ, ਕਿਧਰੇ ਤੈਰਨ ਨਾ ਲੱਗ ਪਏ। ਮੁਰਦੇ ਤਾਂ ਤੈਰਦੇ ਹਨ। ਹੁਣ ਪਾਣੀ ਨੂੰ ਪੁੱਛੀਏ ਤੈਨੂੰ ਜਿਊਂਦੇ ਜਾਗਦੇ ਮਨੁੱਖਾਂ ਨਾਲ ਹੀ ਵੈਰ ਹੈ। ਡੋਬ ਦੇਂਦਾ ਹੈਂ ਤੇ ਮੁਰਦੇ ਤੈਰਦੇ ਹਨ ਤੇ ਹਾਲਾਂਕਿ ਲਾਸ਼ ਭਾਰੀ ਹੋ ਜਾਂਦੀ ਹੈ। ਜਿੰਨ੍ਹਾਂ ਦਾ ਅਨੁਭਵ ਹੋਵੇਗਾ, ਉਹਨਾਂ ਨੂੰ ਪਤਾ ਹੋਵੇਗਾ ਕਿ ਮੁਰਦਾ ਭਾਰਾ ਹੋ ਜਾਂਦਾ ਹੈ। ਜੀਊਂਦੇ ਮਨੁੱਖ ਨਾਲੋਂ ਲਾਸ਼ ਵਜ਼ਨੀ ਹੋ ਜਾਂਦੀ ਹੈ। ਮੁਰਦੇ ਤਾਂ ਤੈਰਦੇ ਹਨ। ਜੀਊਂਦੇ ਜਾਗਦੇ ਮਨੁੱਖ ਡੁੱਬਦੇ ਹਨ। ਕਿਉਂ ਮਨੁੱਖ ਨੂੰ ਪਾਣੀ ਨਹੀਂ ਡੋਬਣਾ ਚਾਹੁੰਦਾ। ਜਿਵੇਂ ਉਹ ਹਾਥੀ, ਗਊ ਤੇ ਮੱਝ ਨੂੰ ਨਹੀਂ ਡੋਬਣਾ ਚਾਹੁੰਦਾ ਇਵੇਂ ਮਨੁੱਖ ਨੂੰ ਵੀ ਨਹੀਂ ਡੋਬਣਾ ਚਾਹੁੰਦਾ। ਮਨੁੱਖ ਡੁੱਬ ਜਾਂਦਾ ਹੈ ਆਪਣਾ ਬੈਲੰਸ ਵਿਗਾੜ ਕੇ। ਆਪਣਾ ਸੰਤੁਲਨ ਖੋਹ ਕੇ। ਇਹ ਸੰਸਾਰ ਨਹੀਂ ਡੋਬਦਾ ਮਨੁੱਖ ਨੂੰ, ਪਰਵਾਰ ਨਹੀਂ ਡੋਬਦਾ। ਵਾਸ਼ਨਾ ਅਸੀਮ ਹੋ ਜਾਂਦੀ ਹੈ। ਲੋਭ-ਵਾਸ਼ਨਾ, ਕਾਮ-ਵਾਸ਼ਨਾ, ਹੰਕਾਰ-ਵਾਸ਼ਨਾ, ਇਹ ਸੰਤੁਲਨ ਖੋਹ ਬੈਠਦਾ ਹੈ ਤੇ ਸੰਸਾਰ ਵਿਚ ਡੁੱਬ ਕੇ ਰਹਿ ਜਾਂਦਾ ਹੈ। ਪਰਿਵਾਰ ਵਿਚ ਡੁੱਬ ਕੇ ਰਹਿ ਜਾਂਦਾ ਹੈ। ਰਾਜਨੀਤੀ ਵਿਚ ਡੁੱਬ ਕੇ ਰਹਿ ਜਾਂਦਾ ਹੈ।

ਤੁਹਾਨੂੰ ਰਾਜਨੀਤੀ ਵਿਚ ਜਨਕ ਦੀ ਤਰ੍ਹਾਂ ਤੈਰਦੇ ਕੋਈ ਕੋਈ ਮਿਲਣਗੇ। ਬੜੀ ਮੁਸ਼ਕਿਲ ਨਾਲ ਮਿਲਣਗੇ, ਨਹੀਂ ਤਾਂ ਸਾਰੇ ਡੁੱਬੇ ਹੋਏ ਮਿਲਣਗੇ। ਤੁਹਾਨੂੰ ਪਰਿਵਾਰ ਦੇ ਵਿਚ ਤੈਰਦੇ ਹੋਏ ਇਕੋ ਹੀ ਮਿਲਣਗੇ ਭਗਤ ਕਬੀਰ ਦੀ ਤਰ੍ਹਾਂ। ਨਾਮ ਦੇਵ ਦੀ ਤਰ੍ਹਾਂ, ਨਹੀਂ ਸਾਰੇ ਡੁੱਬੇ ਹੋਏ ਮਿਲਣਗੇ। ਤੁਹਾਨੂੰ ਕਾਰੋਬਾਰ ਦੇ ਵਿਚ ਸਾਰੇ ਹੀ ਡੁੱਬੇ ਮਿਲਣਗੇ। ਕਦੀ ਕਦਾਈਂ

ਕੋਈ ਤਰਲੋਚਨ ਦੀ ਤਰ੍ਹਾਂ ਤੈਰਦਾ ਹੋਇਆ ਮਿਲੇਗਾ। ਬਾਣੀਆ ਸੀ ਤਰਲੋਚਨ। ਕਰਿਆਨੇ ਦੀ ਦੁਕਾਨ ਸੀ। ਬੜੇ ਸੋਹਣੇ ਢੰਗ ਨਾਲ ਚਲਾਉਂਦਾ ਸੀ। ਉਪਜੀਵਕਾ ਚੱਲਦੀ ਸੀ। ਕਾਰੋਬਾਰ ਨਹੀਂ ਡੋਬਦਾ, ਪਰਿਵਾਰ ਵੀ ਨਹੀਂ ਡੋਬਦਾ। ਜਨਕ ਸੋਨੇ ਦੇ ਸਿੰਘਾਸਨ 'ਤੇ ਬੈਠਦਾ ਸੀ। ਸੋਨੇ ਦੇ ਭਾਂਡਿਆਂ ਵਿਚ ਰੋਟੀ ਖਾਂਦਾ ਸੀ ਅਤੇ ਛੱਤੀ ਪ੍ਰਕਾਰ ਦੇ ਭੋਜਨ ਛੱਕਦਾ ਸੀ। ਰਾਜਾ ਹੈ, ਬੜੇ ਕੀਮਤੀ ਮਹਿਲ ਹਨ, ਡੁੱਬਿਆ ਹੀ ਨਹੀਂ। ਲੋਕੀਂ ਤਾਂ ਚੁੱਲੂ ਭਰ ਪਾਣੀ ਵਿਚ ਡੁੱਬ ਜਾਂਦੇ ਹਨ। ਉਹ ਇਤਨੇ ਵਿਸ਼ਾਲ ਹੜ੍ਹ ਵਿਚ ਨਹੀਂ ਡੁਬਿਆ। ਧਨ ਦਾ ਹੜ੍ਹ ਸੀ, ਜੋਬਨ ਦਾ ਹੜ੍ਹ ਸੀ, ਪ੍ਰਭੁੱਤਾ ਦਾ ਹੜ੍ਹ ਸੀ। ਤਰ੍ਹਾਂ ਤਰ੍ਹਾਂ ਦੇ ਪਦਾਰਥਾਂ ਦਾ ਹੜ੍ਹ ਸੀ। ਉਹ ਤਾਂ ਹੜ੍ਹ ਦੇ ਵਿਚ ਵੀ ਨਹੀਂ ਡੁੱਬਿਆ। ਮੈਂ ਤਾਂ ਦੇਖਿਆ ਹੈ ਇਕ ਫੁੱਟ ਪਾਣੀ ਦੇ ਵਿਚ ਲੋਕੀਂ ਡੁੱਬ ਜਾਂਦੇ ਹਨ। ਥੋੜਾ ਜਿਹਾ ਧਨ ਕੀ ਆਇਆ, ਹੁਣ ਪੈਰ ਜ਼ਮੀਨ 'ਤੇ ਨਹੀਂ ਟਿਕਦੇ। ਥੋੜ੍ਹੀ ਜਿਹੀ ਪ੍ਰਭੁੱਤਾ ਕੀ ਮਿਲੀ ਹੈ, ਹੁਣ ਦੂਜੇ ਨੂੰ ਗਿਣਤੀ ਵਿਚ ਨਹੀਂ ਲਿਆਂਦੇ। ਥੋੜ੍ਹਾ ਜਿਹਾ ਬਾਬੂਪਨ ਕੀ ਮਿਲਿਆ, ਹੁਣ ਆਕੜ ਆਕੜ ਚੱਲਦੇ ਹਨ।

ਮਹਾਰਾਜਾ ਰਣਜੀਤ ਸਿੰਘ ਦੇ ਘਰ ਪਦਾਰਥਾਂ ਦਾ, ਧਨ ਸੰਮਪਦਾ ਦਾ ਹੜ੍ਹ ਹੈ। ਸ਼ਕਤੀ ਦਾ ਹੜ੍ਹ ਹੈ, ਨਹੀਂ ਡੁੱਬਿਆ। ਨਿਜ਼ਾਮ ਹੈਦਰਾਬਾਦ ਨੇ ਇਕ ਹਜ਼ਾਰ ਸਿੰਘਾਂ ਦੀ ਮੰਗ ਕੀਤੀ। ਕਿਉਂਕਿ ਉਥੇ ਬਗ਼ਾਵਤ ਹੋ ਗਈ ਸੀ ਤੇ ਸਟੇਟ ਕਾਬੂ ਵਿਚ ਨਹੀਂ ਆਉਂਦੀ ਸੀ। ਉਹਨੇ ਬੇਨਤੀ ਕੀਤੀ, ਮਹਾਰਾਜਾ ਰਣਜੀਤ ਸਿੰਘ ਨੂੰ ਇਕ ਹਜ਼ਾਰ ਸਿੰਘ ਮੈਨੂੰ ਭੇਜ। ਸੰਤੁਲਨ ਡਾਵਾਂ ਡੋਲ ਹੋ ਗਿਆ। ਮੇਰੇ ਕੋਲ ਸਟੇਟ ਕਾਬੂ ਨਹੀਂ ਆਉਂਦੀ ਸੀ। ਜਿਸਨੂੰ ਅਸੀਂ ਦੱਖਣੀ ਸਿੰਘ ਕਹਿੰਦੇ ਹਾਂ, ਇਹ ਮਹਾਰਾਜਾ ਰਣਜੀਤ ਸਿੰਘ ਦੇ ਪੰਜਾਬ ਵਿਚੋਂ ਭੇਜੇ ਹੋਏ ਸਿੰਘ ਹਨ। ਉਹਨਾਂ ਨੇ ਉਥੇ ਹੀ ਜਾ ਕੇ ਵਿਆਹ ਕਰਾ ਲਏ, ਮਹਾਰਾਸ਼ਟ੍ਰੀਅਨ, ਤਾਮਿਲ ਤੇ ਕਨੜ ਬੀਬੀਆਂ ਨਾਲ। ਇਸ ਤਰ੍ਹਾਂ ਮਿਕਸ ਫ਼ੈਮਲੀ ਹੋ ਗਈ। ਜਿਨ੍ਹਾਂ ਨੂੰ ਅਸੀਂ ਦੱਖਣੀ ਸਿੰਘ ਕਹਿੰਦੇ ਹਾਂ। ਸ਼ੁਕਰਾਨੇ ਵਜੋਂ ਨਿਜ਼ਾਮ ਹੈਦਰਾਬਾਦ ਨੇ ਇਕ ਬੜੀ ਕੀਮਤੀ ਚਾਨਣੀ ਭੇਜੀ ਮਹਾਰਾਜ ਰਣਜੀਤ ਸਿੰਘ ਨੂੰ ਦੀਵਾਨੇ ਖ਼ਾਸ ਦੇ ਵਿਚ ਇਕ ਦਿਨ ਕੋਈ ਖ਼ਾਸ ਸਮਾਗਮ ਸੀ ਤੇ ਸਿੰਘ੍ਹਾਸਨ 'ਤੇ ਚਾਨਣੀ ਬੰਨ੍ਹ ਦਿੱਤੀ।

ਮਹਾਰਾਜਾ ਸਾਹਿਬ ਚਾਂਦਨੀ ਦੇਖਕੇ ਹੈਰਾਨ ਰਹਿ ਗਏ। ਪੁੱਛਦੇ ਹਨ ਅਹਿਲਕਾਰਾਂ ਤੋਂ ਕਿ ਇਹ ਕਦੋਂ ਬਣਾਈ ਹੈ? ਅਹਿਲਕਾਰ ਕਹਿੰਦੇ ਹਨ, ਮਹਾਰਾਜਾ ਸਾਹਿਬ, ਬਣਾਈ ਨਹੀਂ, ਇਹ ਤੋਸ਼ੇਖ਼ਾਨੇ ਵਿਚ ਪਈ ਸੀ। ਇਹ ਆਪ ਨੂੰ ਨਿਜ਼ਾਮ ਹੈਦਰਾਬਾਦ ਨੇ ਨਜ਼ਰਾਨੇ ਵਜੋਂ ਭੇਟ ਕੀਤੀ ਸੀ। ਇਸਨੂੰ ਸਭ ਤੋਂ ਕੀਮਤੀ ਤੇ ਖ਼ੂਬਸੂਰਤ ਜਾਣ ਕੇ ਬੰਨ੍ਹ ਦਿੱਤਾ ਹੈ। ਕਿਉਂਕਿ ਅੱਜ ਦੀਵਾਨੇ ਖ਼ਾਸ ਦੇ ਵਿਚ ਖ਼ਾਸ ਸਮਾਗਮ ਹੈ। ਦੂਰੋਂ ਹੀ ਦੇਖ ਕੇ ਉਸਦੇ ਥੱਲੇ ਨਹੀਂ ਆਏ ਅਤੇ ਕਹਿੰਦੇ ਹਨ ਕਿ ਉਤਾਰੋ, ਹੁਣੇ ਹੀ ਉਤਾਰੋ। ਭੱਜ ਦੋੜ ਮੱਚ ਗਈ। ਜਿੰਨ੍ਹਾਂ ਮੁਖੀ ਅਹਿਲਕਾਰਾਂ ਨੇ ਫ਼ੈਸਲਾ ਕਰਕੇ ਉਹ ਚਾਨਣੀ ਬੰਨ੍ਹੀ ਸੀ, ਉਨ੍ਹਾਂ ਨੂੰ ਅੰਦਰੋਂ ਕੰਬਣੀ ਛਿੜ ਗਈ ਕਿ ਇਹ ਕੋਈ ਗ਼ਲਤੀ ਹੋ ਗਈ ਹੈ। ਇਕ ਨੇ ਹਿੰਮਤ ਕਰਕੇ ਹੱਥ ਜੋੜ ਕੇ ਪੁੱਛ

ਲਿਆ। ਮਹਾਰਾਜਾ ਸਾਹਿਬ ! ਇਹ ਚਾਨਣੀ ਤਾਂ ਅਸੀਂ ਕੀਮਤੀ ਤੇ ਖ਼ੂਬਸੂਰਤ ਜਾਣ ਕੇ ਬੰਨ੍ਹੀ ਸੀ। ਕੀ ਇਹ ਆਪ ਦੀ ਸ਼ਾਨ ਦੇ ਕਾਬਲ ਨਹੀਂ ਹੈ? ਆਪ ਜੀ ਨੂੰ ਚੰਗੀ ਨਹੀਂ ਲੱਗਦੀ? ਰਣਜੀਤ ਸਿੰਘ ਕਹਿਣ ਲੱਗਾ ਨਹੀਂ, ਇਹ ਇਤਨੀ ਖ਼ੂਬਸੂਰਤ ਹੈ, ਇਹ ਇਤਨੀ ਪਿਆਰੀ ਹੈ, ਇਹ ਇਤਨੀ ਕੀਮਤੀ ਹੈ ਕਿ ਇਹ ਗੁਰੂ ਰਾਮਦਾਸ ਜੀ ਦੇ ਸੀਸ 'ਤੇ ਚੰਗੀ ਲੱਗੇਗੀ, ਮੇਰੇ ਸੀਸ 'ਤੇ ਨਹੀਂ। ਭੇਜ ਦਿੱਤੀ ਹਰਿਮੰਦਰ ਸਾਹਿਬ। ਸੰਨ 84 ਦੇ ਵਿਚ ਨਜ਼ਰੇ ਆਤਿਸ਼ ਹੋ ਗਈ, ਨਹੀਂ ਤਾਂ ਪਈ ਸੀ ਤੋਸ਼ੇਖ਼ਾਨੇ ਵਿਚ। ਮੈਂ ਕਈ ਦਫ਼ਾ ਦਰਸ਼ਨ ਕੀਤੇ ਹਨ। ਕੀਮਤੀ ਚੀਜ਼ ਦੇਖਦਾ ਤਾਂ ਉਹਨੂੰ ਗੁਰੂ ਚੇਤੇ ਆ ਜਾਂਦਾ। ਉਹ ਤਾਂ ਪਦਾਰਥਾਂ ਦੇ ਹੜ੍ਹ ਵਿਚ ਨਹੀਂ ਡੁੱਬਿਆ। ਉਹ ਤਾਂ ਪ੍ਰਭੁੱਤਾ ਦੇ ਹੜ੍ਹ ਵਿਚ ਵੀ ਨਹੀਂ ਡੁੱਬਿਆ।

ਸੁਪਨਾ ਲਿਆ ਸੀ ਮਹਾਤਮਾ ਗਾਂਧੀ ਨੇ ਕਿ ਰਾਮਰਾਜ ਹੋਵੇ। ਉਸ ਵਿਚਾਰੇ ਦਾ ਸੁਪਨਾ, ਸੁਪਨਾ ਹੀ ਰਹਿ ਗਿਆ। ਅਸਲੀਅਤ ਨਹੀਂ ਬਣੀ। ਜੇ ਕਿਧਰੇ ਅੱਜ ਦੇਖਦਾ ਸਭ ਰਾਵਣ ਹੀ ਬੈਠੇ ਹਨ, ਰਾਮ ਕਿਥੇ ਹੈ? ਚਾਹਿਆ ਸੀ ਉਸ ਨੇ ਰਾਮ ਬੈਠੇ ਸਿੰਘਾਸਨ 'ਤੇ। ਪਰਜਾ ਸੁਖੀ ਹੋਵੇ। ਮੰਗ ਬਹੁਤ ਅੱਛੀ ਸੀ ਉਸਦੀ। ਐਸੀ ਗੱਲ ਨਹੀਂ ਹੈ। ਚਾਹਤ ਬਹੁਤ ਅੱਛੀ ਸੀ ਉਸਦੀ। ਰਾਮ ਰਾਜ ਵਾਂਗ ਇਨਸਾਫ਼ ਹੋਵੇ। ਇਥੇ ਇਨਸਾਫ਼ ਮਿਲਦਾ ਨਹੀਂ, ਇਨਸਾਫ਼ ਵਿੱਕਦਾ ਹੈ। ਪੈਸੇ ਨਾਲ ਖ਼ਰੀਦ ਲਉ। ਇਨਸਾਫ਼ ਮਿਲਦਾ ਨਹੀਂ। ਇਨਸਾਫ਼ ਖ਼ਰੀਦੋ ਫ਼ਰੋਖ਼ਤ ਦੀ ਚੀਜ਼ ਹੈ। ਇਸ ਦੇਸ਼ ਵਿਚ ਕਿਹੜੀ ਅਦਾਲਤ ਹੈ ਜਿਥੇ ਸਾਨੂੰ ਅਦਲ ਮਿਲਦਾ ਹੈ। ਅਦਲ ਇਨਸਾਫ਼ ਨੂੰ ਕਹਿੰਦੇ ਹਨ। ਅਦਾਲਤ ਜਿਥੋਂ ਇਨਸਾਫ਼ ਮਿਲਦਾ ਹੈ। ਨਿਆਇ ਵਿਕਦਾ ਹੈ, ਨਿਆਇ ਮਿਲਦਾ ਨਹੀਂ ਅਤੇ ਜਦ ਨਿਆਇ ਵਿਕੇ, ਉਹ ਨਿਆਇ ਨਹੀਂ।

ਥੋੜੇ ਦਿਨ ਹੀ ਹੋਏ ਮੈਨੂੰ ਇਕ ਸੱਜਣ ਕਹਿਣ ਲੱਗਾ ਕਿ ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਵਿਚ ਇਹ ਨਹੀਂ ਹੋਣਾ ਚਾਹੀਦਾ। ਬ੍ਰਹਮ ਗਿਆਨ ਇਹ ਆਖਦਾ ਹੈ। ਮੈਂ ਕਿਹਾ ਬ੍ਰਹਮ ਗਿਆਨ ਕੁਝ ਆਖਦਾ ਨਹੀਂ, ਬ੍ਰਹਮ ਗਿਆਨ ਦੇ ਵਿਚ ਜਿਊਣਾ ਹੀ ਹੁੰਦਾ ਹੈ। ਬ੍ਰਹਮ ਗਿਆਨ ਇਕ ਅਵਸਥਾ ਹੈ। ਇਹ ਫ਼ਜ਼ੂਲ ਦਾ ਵਾਦ ਵਿਵਾਦ ਨਹੀਂ ਹੁੰਦਾ। ਉਹਦੇ ਵਿਚ ਤਾਂ ਜਿਊਣਾ ਹੀ ਹੁੰਦਾ ਹੈ। ਉਹ ਤਾਂ ਆਨੰਦ ਮਾਨਣਾ ਹੁੰਦਾ ਹੈ। ਬਦਕਿਸਮਤੀ ਨਾਲ ਲੋਕੀਂ ਅਕਸਰ ਗਿਆਨ ਨੂੰ ਵੀ ਬ੍ਰਹਮ ਗਿਆਨ ਮੰਨ ਬੈਠਦੇ ਹਨ। ਦਾਨ ਉਹੀ ਸਫਲ ਹੈ, ਜੋ ਅਰਦਾਸ ਤੱਕ ਲੈ ਜਾਏ। ਗਿਆਨ ਉਹੀ ਮਹਾਨ ਹੈ ਜੋ ਪ੍ਰਾਰਥਨਾ ਤੱਕ ਲੈ ਜਾਏ। ਭਾਈ ਗੁਰਦਾਸ ਜੀ ਕਹਿੰਦੇ ਹਨ-

*ਜੁਗਿ ਜੁਗਿ ਮੇਰੁ ਸਰੀਰ ਕਾ ਬਾਸਨਾ ਬਧਾ ਆਵੈ ਜਾਵੈ।*

ਅਗਲਾ ਜਨਮ ਹੋਏਗਾ। ਮੇਰੀ ਵਾਸ਼ਨਾ, ਮਾਂ ਬਾਪ ਦੀ ਵਾਸ਼ਨਾ ਤ੍ਰਿਕੋਣ ਦਾ ਸੰਗਮ ਹੁੰਦਾ ਹੈ ਤੇ ਜਨਮ ਹੋ ਜਾਂਦਾ ਹੈ। ਵਾਸ਼ਨਾ ਹੀ ਮਰ ਗਈ ਤੇ ਅਗਲਾ ਜਨਮ ਨਹੀਂ। ਇਕ ਬੱਚੇ ਦੇ ਅੰਦਰ ਜਵਾਨ ਵਾਸ਼ਨਾ ਸੁੱਤੀ ਪਈ ਹੈ। ਇਕ ਜਵਾਨ ਦੇ ਅੰਦਰ ਜਵਾਨ ਵਾਸ਼ਨਾ ਹੈ ਇਸਨੂੰ ਵਰਤਣ ਦੇ ਵਿਚ ਲਿਆ ਰਿਹਾ ਹੈ। ਇਕ ਬੁੱਢੇ ਦੇ ਅੰਦਰ ਵੀ ਜਵਾਨ ਵਾਸ਼ਨਾ,

ਵਾਸ਼ਨਾ ਜਵਾਨ ਹੈ, ਪਰ ਇਹਦੀ ਵਰਤੋਂ ਨਹੀਂ ਕਰ ਸਕਦਾ। ਵਾਸ਼ਨਾ ਜਵਾਨ ਹੈ ਪਰ ਸਰੀਰ ਬਿਰਧ ਹੋ ਗਿਆ ਹੈ। ਸਰੀਰ ਖ਼ਤਮ ਹੋ ਜਾਂਦਾ ਹੈ, ਵਾਸ਼ਨਾ ਤਾਂ ਨਹੀਂ ਖ਼ਤਮ ਹੁੰਦੀ। ਇਹ ਅਗਲਾ ਜਨਮ ਕਰਾ ਦੇਂਦੀ ਹੈ। ਜਿਤਨੇ ਚਿਰ ਤੱਕ ਵਾਸ਼ਨਾ ਮੌਜੂਦ ਹੈ, ਮਨੁੱਖ ਜੰਮਦਾ ਰਹੇਗਾ, ਮਰਦਾ ਰਹੇਗਾ। ਇਸ ਵਾਸ਼ਨਾ ਨੂੰ ਸੋਹਣੇ ਢੰਗ ਨਾਲ ਗੁਰੂ ਨਾਨਕ ਮਿੱਥ ਗਏ ਹਨ-

*ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ॥*

(ਆਸਾ ਦੀ ਵਾਰ)

ਭਾਵੇਂ ਵਾਸ਼ਨਾ ਕਈ ਰੂਪ ਬਦਲਦੀ ਰਹੀ ਹੈ। ਉਹ ਉਸਦਾ ਸਾਰਾ ਨਿਖੇੜਾ ਹੈ। ਇਸੇ ਹੀ ਸਲੋਕ ਦਾ ਅਨੁਵਾਦ ਕੀਤਾ ਹੈ ਭਾਈ ਗੁਰਦਾਸ ਜੀ ਨੇ-

*ਜੁਗਿ ਜੁਗਿ ਮੇਰੁ ਸਰੀਰ ਕਾ ਬਾਸਨਾ ਬਧਾ ਆਵੈ ਜਾਵੈ।*
*ਫਿਰਿ ਫਿਰਿ ਫੇਰਿ ਵਟਾਈਐ ਗਿਆਨੀ ਹੋਇ ਮਰਮੁ ਕਉ ਪਾਵੈ।*

(ਵਾਰ ੧, ਪਉੜੀ ੧੫)

ਕੋਈ ਵਿਰਲਾ ਗਿਆਨੀ ਇਸ ਭੇਦ ਨੂੰ ਸਮਝਦਾ ਹੈ। ਜੇਕਰ ਮਰਦਿਆਂ ਸਮੇਂ ਮੇਰਾ ਸਰੀਰ ਮਰਦਾ ਹੈ ਤੇ ਵਾਸ਼ਨਾ ਨਹੀਂ ਮਰਦੀ ਤਾਂ ਅਗਲਾ ਜਨਮ ਹੋਵੇਗਾ। ਉਹ ਵਾਸ਼ਨਾ ਲੋਭ-ਵਾਸ਼ਨਾ ਹੋ ਸਕਦੀ ਹੈ, ਅਗਲਾ ਜਨਮ ਕਰਾਏਗੀ। ਉਹ ਵਾਸ਼ਨਾ ਕਾਮ-ਵਾਸ਼ਨਾ ਹੋ ਸਕਦੀ ਹੈ। ਲੋਭ-ਵਾਸ਼ਨਾ ਤੋਂ ਮਰਨ ਲੱਗਿਆਂ ਮੈਨੂੰ ਮੁਕਾਮ ਚੇਤੇ ਆਉਣਗੇ। ਛੋੜੀ ਹੋਈ ਧਨ ਸੰਪਤੀ ਚੇਤੇ ਆਉਣਗੇ। ਹੰਕਾਰ-ਵਾਸ਼ਨਾ ਤੋਂ ਮੈਨੂੰ ਪ੍ਰਭੁੱਤਾ ਚੇਤੇ ਆਏਗੀ। ਕਾਮ-ਵਾਸ਼ਨਾ ਤੋਂ ਇਸਤਰੀ ਚੇਤੇ ਆਏਗੀ। ਜਾਂ ਇਸਰਤੀ ਨੂੰ ਪੁਰਸ਼ ਚੇਤੇ ਆਏਗਾ। ਹੋਰ ਕੀ ਹੈ? ਇਸ ਤਰ੍ਹਾਂ ਹੋਏਗਾ। ਵਾਸ਼ਨਾ ਹਮੇਸ਼ਾ ਮਨ ਨੂੰ ਡੁਲਾਏਮਾਨ ਰੱਖਦੀ ਹੈ। ਜੇਕਰ ਵਾਸ਼ਨਾ ਪ੍ਰਬੱਲ ਹੋ ਜਾਏ ਤਾਂ ਭਾਵਨਾ ਦਾ ਹੜ੍ਹ ਆ ਜਾਏ।

*ਸਾਧਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥*

(ਅੰਗ ੬੯੪)

ਇਹ ਭਾਵਨਾ ਦਾ ਡੋਲਣਾ ਖ਼ਤਮ ਕਰ ਦੇਂਦੀ ਹੈ। ਮਨ ਅਡੋਲ ਹੋ ਜਾਂਦਾ ਹੈ। ਐਸੀ ਬਣਤਰ ਜਦ ਬਣਦੀ ਹੈ, ਭਾਵਨਾ ਦਾ ਜਗਤ ਮਨੁੱਖ ਦੇ ਅੰਦਰ ਸ਼ੁਕਰਾਨਾ ਪੈਦਾ ਕਰਦਾ ਹੈ- ਹੇ ਪ੍ਰਭੂ! ਤੇਰੀ ਮੇਹਰ ਦਾ ਸਦਕਾ ਹੋਇਆ ਹੈ, ਆਪਣੀ ਖੇਡ ਨਹੀਂ। ਅਸੀਂ ਤਾਂ ਬਥੇਰਾ ਕੁਝ ਕੀਤਾ ਪਰ ਖੇਡ ਨਹੀਂ ਬਣੀ। ਇਹ ਬਣਤਰ ਨਹੀਂ ਬਣੀ। ਤੇਰੀ ਮੇਹਰ ਦਾ ਸਦਕਾ ਇਹ ਬਣਤਰ ਬਣੀ ਹੈ।

*ਪਰਮੇਸੁਰਿ ਬਣਤ ਬਣਾਈ॥ ਫਿਰਿ ਡੋਲਤ ਕਤਹੂ ਨਾਹੀ॥ ੧॥*

ਹੁਣ ਡੋਲਣਾ ਰਹਿ ਗਿਆ। ਪ੍ਰਭੂ ਨੇ ਐਸੀ ਬਣਤ ਬਣਾ ਦਿੱਤੀ ਹੈ। ਬਾਕੀ ਪੰਗਤੀਆਂ ਦੇ ਅੱਖਰੀ ਅਰਥ ਆਪ ਸਰਵਨ ਕਰੋ। ਇਕ ਦਫਾ ਪਿਆਰ ਨਾਲ ਆਖੋ ਸਤਿਨਾਮ ਸ੍ਰੀ

ਵਾਹਿਗੁਰੂ ਜੀ।

*ਸੋਰਠਿ ਮਹਲਾ ੫॥ ਆਗੈ ਸੁਖੁ ਮੇਰੇ ਮੀਤਾ॥*

ਇਥੇ ਜਿਹੜੀਆਂ ਦੋ ਪੰਗਤੀਆਂ ਹਨ-

*ਆਗੈ ਸੁਖੁ ਮੇਰੇ ਮੀਤਾ॥ ਪਾਛੇ ਆਨਦੁ ਪ੍ਰਭਿ ਕੀਤਾ॥*

ਟੀਕਾਕਾਰ ਬੜੇ ਮੁਦੱਬਰ ਪੁਰਸ਼ ਹੋਏ ਹਨ। ਬੜੇ ਸਿਆਣੇ ਪੁਰਸ਼ ਹੋਏ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਜਿੰਨੇ ਵੀ ਟੀਕੇ ਹਨ, ਕਿਧਰੇ ਕਿਧਰੇ ਮੇਰਾ ਮਨ ਅੜਿਆ ਹੈ। ਭਾਵੇਂ ਮੂਰਖ ਕਰਕੇ ਹੀ ਅੜਿਆ ਹੈ, ਭਾਵੇਂ ਕਿਸੇ ਕਾਰਣ ਕਰਕੇ। ਟੀਕਿਆਂ ਵਿਚ ਇਸ ਦੇ ਜੋ ਅਰਥ ਲਿਖੇ ਹੋਏ ਹਨ, ਇਸ ਨਾਲ ਮਨ ਸਹਿਮਤ ਨਹੀਂ ਹੋਇਆ। ਬਨਸਪਤੀ ਤੋਂ, ਪੱਥਰ ਪਿਛੇ ਹੈ। ਪਸ਼ੂ ਪੰਛੀਆਂ ਤੋਂ ਬਨਸਪਤੀ ਪਿੱਛੇ ਹੈ। ਮਨੁੱਖ ਤੋਂ ਪਸ਼ੂ ਪੰਛੀ ਵੀ ਪਿੱਛੇ ਹਨ। ਇਕ ਤੇ ਇਹ ਜਗਤ ਹੈ ਜੋ ਪਿੱਛੇ ਹੈ। ਦੂਸਰਾ ਸਾਡੇ ਕੋਲ ਤਨ ਹੈ, ਆਤਮਾ ਹੈ। ਆਤਮਾ ਤੋਂ ਤਨ ਪਿੱਛੇ ਹੈ, ਆਤਮਾ ਅੱਗੇ ਹੈ। ਤਨ ਦਾ ਜਗਤ ਇਹ ਲੋਕ ਹੈ। ਆਤਮਾ ਦਾ ਜਗਤ ਪ੍ਰਲੋਕ ਹੈ। ਸਾਹਿਬ ਕਹਿੰਦੇ ਹਨ ਕਿ ਪਿੱਛੇ ਨਾ ਵੇਖ, ਅੱਗੇ ਵੇਖ। ਲੋਕ ਦੇ ਵਿਚ ਤਾਂ ਤੂੰ ਜੀਅ ਰਿਹਾ ਹੈਂ, ਪਰਲੋਕ ਦੇਖ। ਪਰਲੋਕ ਸਰੀਰ ਤੋਂ ਪਰੇ ਦੀ ਦੁਨੀਆਂ ਹੈ। ਪਦਾਰਥਾਂ ਤੋਂ ਪਰੇ ਦੀ ਦੁਨੀਆਂ ਹੈ। ਅਸਥੂਲ ਜਗਤ ਅਕਾਰ ਤੋਂ ਪਰੇ ਦੀ ਦੁਨੀਆਂ ਹੈ। ਉਸ ਪਰੀਪੂਰਨ ਪ੍ਰਮਾਤਮਾ ਨੇ ਐਸੀ ਬਣਤਰ ਬਣਾ ਦਿੱਤੀ ਹੈ, ਆਤਮਕ ਅਨੰਦ ਬਣਾ ਦਿੱਤਾ ਹੈ, ਸਰੀਰ ਦੇ ਸੁੱਖ ਬਣਾ ਦਿੱਤੇ ਹਨ ਅਤੇ ਲੋਕ ਤੇ ਪਰਲੋਕ ਸੁਹੇਲਾ ਕਰ ਦਿੱਤਾ। ਲੋਕ ਸੁਹੇਲਾ ਹੋ ਗਿਆ, ਪਾਛੇ ਅਨੰਦ ਹੋ ਗਿਆ। ਪਰਲੋਕ ਸੁਹੇਲਾ ਹੋ ਗਿਆ, ਅੱਗੇ ਅਨੰਦ ਬਣ ਗਿਆ। ਉਂਞ ਟੀਕਾਕਾਰਾਂ ਨੇ ਜੋ ਅਰਥ ਕੀਤੇ ਹਨ, ਉਹ ਵੀ ਤੁਹਾਡੇ ਸਾਹਮਣੇ ਰੱਖ ਦਿਆਂ। ਜੋ ਪਿਛਲੀ ਜ਼ਿੰਦਗੀ ਦੇ ਗੁਨਾਹ ਸਨ, ਦਾਗ਼ ਸਨ। ਬੀਤੀ ਹੋਈ ਜ਼ਿੰਦਗੀ ਵਿਚ ਜੋ ਭੁੱਲਾਂ ਹੋਈਆਂ ਹਨ, ਉਹਨਾਂ ਦੇ ਸੰਸਕਾਰ ਧੋ ਦਿੱਤੇ। ਪਿੱਛੇ ਅਨੰਦ ਕਰ ਦਿੱਤਾ ਤੇ ਅੱਗੇ ਲਈ ਵੀ ਅਨੰਦ ਕਰ ਦਿੱਤਾ, ਸਾਵਧਾਨ ਕਰ ਦਿੱਤਾ। ਇਸ ਤਰੀਕੇ ਨਾਲ ਪ੍ਰਮਾਤਮਾ ਨੇ ਅੱਗੇ ਪਿੱਛੇ ਅਨੰਦ ਬਣਾ ਦਿੱਤਾ।

*ਪਰਮੇਸੁਰਿ ਬਣਤ ਬਣਾਈ॥ ਫਿਰਿ ਡੋਲਤ ਕਤਹੂ ਨਾਹੀ॥ ੧॥*

ਐਸੀ ਬਣਤਰ ਉਸ ਪਰੀਪੂਰਨ ਪ੍ਰਮਾਤਮਾ ਨੇ ਆਪ ਬਣਾਈ ਹੈ ਕਿ ਹੁਣ ਮਨ ਨਹੀਂ ਡੋਲਦਾ, ਅਡੋਲ ਹੋ ਗਿਆ ਹੈ। ਅਡੋਲ ਅਵਸਥਾ ਵਿਚ ਲੀਨ ਹੋ ਗਿਆ ਹੈ।

*ਸਾਚੇ ਸਾਹਿਬ ਸਿਉ ਮਨੁ ਮਾਨਿਆ॥*

ਇਹ ਮਨ ਉਸ ਪਰੀਪੂਰਨ ਪ੍ਰਮਾਤਮਾ ਨੂੰ ਜੋ ਸੱਚ ਹੈ, ਮੰਨ ਗਿਆ ਹੈ। ਮਨ ਨੇ ਪ੍ਰਮਾਤਮਾ ਨੂੰ ਪ੍ਰਮਾਤਮਾ ਕਰਕੇ ਮੰਨ ਲਿਆ ਹੈ। ਮਨ ਨੇ ਪੁੱਤਰ ਨੂੰ ਪੁੱਤਰ ਕਰਕੇ ਮੰਨ ਲਿਆ ਹੈ। ਮਨ ਨੇ ਪਤੀ ਨੂੰ ਪਤੀ ਕਰਕੇ ਮੰਨਿਆ। ਮਨ ਨੇ ਪਤਨੀ ਨੂੰ ਪਤਨੀ ਕਰਕੇ ਮੰਨਿਆ ਪਰ ਮਨ ਨੇ ਪ੍ਰਮਾਤਮਾ ਨੂੰ ਪ੍ਰਮਾਤਮਾ ਕਰਕੇ ਨਹੀਂ ਮੰਨਿਆ। ਮਨੁੱਖ ਦਾ ਜੀਵਨ ਦੱਸਦਾ ਪਿਆ

ਹੈ ਕਿ ਪੁੱਤਰ ਨੂੰ ਮੰਨਿਆ ਹੈ, ਕਿਉਂਕਿ ਜ਼ਿੰਦਗੀ ਦੱਸਦੀ ਪਈ ਹੈ। ਇਹਨੇ ਮਿੱਤਰ ਨੂੰ ਮੰਨਿਆ। ਅਜੇ ਪ੍ਰਮਾਤਮਾ ਮਨ ਦਾ ਹਿੱਸਾ ਨਹੀਂ ਬਣਿਆ। ਸ਼ਾਇਦ ਇਸੇ ਕਰਕੇ ਕਲਗੀਧਰ ਪਾਤਿਸ਼ਾਹ ਨੇ ਇਕ ਥਾਂ 'ਤੇ ਮਨ ਨੂੰ ਗੁਰੂ ਕਹਿ ਦਿੱਤਾ ਹੈ। ਇਹ ਮੇਰਾ ਮਨ ਮੇਰਾ ਗੁਰੂ ਹੈ। ਕਿਉਂ? ਮਨ ਮੰਨੇ ਤਾਂ ਪ੍ਰਮਾਤਮਾ ਹੈ। ਮਨ ਨਾ ਮੰਨੇ ਤਾਂ ਨਹੀਂ। ਤੇ ਜਿਹਦਾ ਮਨ ਪ੍ਰਮਾਤਮਾ ਨੂੰ ਪ੍ਰਮਾਤਮਾ ਕਰਕੇ ਮੰਨ ਲਵੇ ਤਾਂ

*ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੇ ਪਿਛੈ ਪਛੁਤਾਇ॥*

ਉਹ ਜੋ ਸੱਚਾ ਸਾਹਿਬ ਹੈ, ਮਾਲਕ ਹੈ। ਉਹਦੇ ਵਿਚ ਮਨ ਮੰਨ ਗਿਆ ਤੇ ਮੰਨ ਗਿਆ ਇਹ ਪਹਿਚਾਣ-

*ਹਰਿ ਸਰਬ ਨਿਰੰਤਰਿ ਜਾਨਿਆ॥ ੧॥ ਰਹਾਉ॥*

ਹੁਣ ਸਾਰਿਆਂ ਦੇ ਅੰਦਰ ਦੇ ਉਸ ਸੱਚ ਨੂੰ ਜਾਣ ਲਿਆ ਹੈ। ਹੁਣ ਸਾਰਿਆਂ ਦੇ ਵਿਚ ਉਹੀ ਹੈ। ਹੁਣ ਸਾਰੇ ਹੀ ਸੱਚ ਦਾ ਰੂਪ ਦਿਖਾਈ ਦੇਂਦੇ ਹਨ।

*ਸਭ ਜੀਅ ਤੇਰੇ ਦਇਆਲਾ॥*

ਹੇ ਦਇਆ ਦੇ ਸੋਮੇ। ਇਹ ਸਾਰੇ ਜੀਵ ਤੇਰੇ ਬਣਾਏ ਹੋਏ ਹਨ। ਸਾਰਾ ਜਗਤ ਤੇਰਾ ਬਣਾਇਆ ਹੋਇਆ ਹੈ।

*ਅਪਨੇ ਭਗਤ ਕਰਹਿ ਪ੍ਰਤਿਪਾਲਾ॥*

ਤੂੰ ਆਪਣੇ ਭਗਤ ਦੀ ਪਾਲਣਾ ਕਰਦਾ ਹੈਂ ਅਤੇ ਉਸ ਨੂੰ ਇਹ ਸੂਝ ਕਰਾ ਦੇਂਦਾ ਹੈਂ ਕਿ ਇਹ ਜੀਵ ਸਾਰੇ ਤੇਰੇ ਬਣਾਏ ਹੋਏ ਹਨ ਅਤੇ ਤੂੰ ਹੀ ਸਾਰਿਆਂ ਦੇ ਅੰਦਰ ਹੈਂ।

*ਅਚਰਜੁ ਤੇਰੀ ਵਡਿਆਈ॥*

ਅਚਰਜ ਹੈ ਤੇਰੀ ਮਹਿਮਾ, ਅਚਰਜ ਨੇ ਤੇਰੇ ਗੁਣ, ਅਚਰਜ ਹੈ ਤੇਰੀ ਸੋਭਾ।

*ਨਿਤ ਨਾਨਕ ਨਾਮੁ ਧਿਆਈ॥ ੨॥ ੨੩॥*

ਜੋ ਨਿਤਾ ਪ੍ਰਤੀ ਨਾਮ ਵਿਚ ਧਿਆਨ ਜੋੜ ਕੇ ਇਸ ਤਰ੍ਹਾਂ ਦੀ ਬਣਤਰ ਬਣੀ ਹੈ। ਅਤੇ ਮਨ ਅਡੋਲ ਹੋਇਆ ਹੈ। ਤੁੱਛ ਬੁੱਧੀ ਅਨੁਸਾਰ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਇਸ ਮਹਾਂਵਾਕ ਦੀ ਵਿਚਾਰ ਆਪ ਜੀ ਦੇ ਸਾਹਮਣੇ ਰੱਖੀ ਹੈ। ਭੁੱਲਾਂ ਚੁੱਕਾਂ ਦੀ ਮੁਆਫ਼ੀ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

★★★

* ਗਿਆਨੀ ਸਰੂਪ ਸਿੰਘ ਕੜਿਆਣਾ * ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)
98150-03075



An ISO 9001:2000 Certified Publishing House

ISBN 81-7601-886-4

9 788176 018869